ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 202| 19 to 25 November, 2025 | Ph.: (510) 240-5949 | Email: asrtimes@gmail.com





## 1981 ਤੋਂ ਲੈ ਕੇ ਹੁਣ ਤੱਕ ਅਮਰੀਕਾ ’ਚ ਹੋ ਚੁੱਕਿਆ ਹੈ 15 ਵਾਰ ਸ਼ਟਡਾਊਨ

## ਟਰੰਪ ਸਰਕਾਰ ਦੀਆਂ ਨੀਤੀਆਂ ’ਤੇ ਉੱਠਣ ਲੱਗੇ ਵੱਡੇ ਸਵਾਲ

**ਜਗਮੋਹਨ ਸਿੰਘ ‘ਲੱਕੀ’**

ਵਿਸ਼ਵ ਦੀ ਸੁਪਰ ਪਾਵਰ ਅਤੇ ਵਿਸ਼ਾਲ ਮੁਲਕ ਅਮਰੀਕਾ ਦੀਆਂ ਸਮੱਸਿਆਵਾਂ ਵੀ ‘ਵਿਸ਼ਾਲ’ ਹੁੰਦੀਆਂ ਹਨ।ਪਿਛਲੇ ਦਿਨੀਂ ਦੁਨੀਆ ਦੀ ਇਸ ਮਹਾਂਸ਼ਕਤੀ ਨੇ ਬਹੁਤ ਵੱਡੀ ਸਮੱਸਿਆ ‘ਸ਼ਟਡਾਊਨ’ (ਸਰਕਾਰੀ ਤਾਲਾਬੰਦੀ) ਦਾ ਸਾਹਮਣਾ ਕੀਤਾ, ਜੋ ਕਿ ਪੂਰੇ ਰਿਕਾਰਡ 43 ਦਿਨ ਜਾਰੀ ਰਿਹਾ।ਬੀਤੇ ਦਿਨ ਇਹ ਸ਼ਟਡਾਊਨ ਸਮਾਪਤ ਹੋ ਗਿਆ ਹੈ, ਪਰ ਇਹ ਸ਼ਟਡਾਊਨ ਅਮਰੀਕਾ ਲਈ ਡੂੰਘੇ ਅਰਥ, ਵੱਡੇ ਅਸਰ ਅਤੇ ਮਹੱਤਵਪੂਰਨ ਸਵਾਲ ਛੱਡ ਗਿਆ ਹੈ।ਸਭ ਤੋਂ ਵੱਡਾ ਸਵਾਲ ਇਹ ਹੀ ਹੈ ਕਿ ਆਖ਼ਰ ਵਾਰ- ਵਾਰ ਅਮਰੀਕਾ ਨੂੰ ਸ਼ਟਡਾਊਨ ਦਾ ਸਾਹਮਣਾ ਕਿਉਂ ਕਰਨਾ ਪੈਂਦਾ ਹੈ ? ਇਸ ਵਾਰ ਦੇ ‘ਸ਼ਟਡਾਊਨ’ ਦੌਰਾਨ ਇਸ ਨੂੰ ਖ਼ਤਮ ਕਰਵਾਉਣ ਲਈ ਟਰੰਪ ਸਰਕਾਰ ਵੱਲੋਂ ਲਗਾਤਾਰ ਵੱਡੇ ਯਤਨ ਕੀਤੇ ਗਏ, ਪਰ ਇਹਨਾਂ ਯਤਨਾਂ ਨੂੰ ਡੇਢ ਮਹੀਨੇ ਤੱਕ ਬੂਰ ਨਾ ਪਿਆ।‘ਸ਼ਟਡਾਊਨ’ ਕਾਰਨ ਅਮਰੀਕਾ ਵਿੱਚ ਉਥਲ ਪੁੱਥਲ ਮੱਚ ਗਈ ਸੀ, ਜਨ ਜੀਵਨ ਅਸਤ ਵਿਅਸਤ ਹੋ ਗਿਆ ਸੀ ਅਤੇ ਪ੍ਰਸ਼ਾਸਨਿਕ ਢਾਂਚਾ ਚਰਮਰਾ ਗਿਆ ਸੀ। ਸ਼ਟਡਾਊਨ ਕਰਕੇ ਸੰਘੀ ਮੁਲਾਜ਼ਮਾਂ ਨੂੰ ਵੱਡਾ ਵਿੱਤੀ ਦਬਾਅ ਝੱਲਣਾ ਪੈ ਰਿਹਾ ਸੀ। ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਵੱਡੀ ਗਿਣਤੀ ਯਾਤਰੀ ਹਵਾਈ ਅੱਡਿਆਂ ’ਤੇ ਫਸ ਗਏ ਸਨ ਤੇ ਕੁਝ ਖੁਰਾਕੀ ਬੈਂਕਾਂ ਦੇ ਬਾਹਰ ਲੰਮੀਆਂ ਕਤਾਰਾਂ ਲੱਗ ਗਈਆਂ ਸਨ।ਭਾਵੇਂ ਕਿ ਹੁਣ ਇਸ ਸ਼ਟਡਾਊਨ ਦੇ ਸਮਾਪਤ ਹੋਣ ਕਾਰਨ ਅਮਰੀਕਾ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਸ ਵਾਰ ਦੇ ਸ਼ਟਡਾਊਨ ਨੂੰ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਲੰਬਾ ਸਮਾਂ ਚੱਲਣ ਵਾਲਾ ‘ਸਰਕਾਰੀ ਸ਼ਟਡਾਊਨ’ ਕਿਹਾ ਜਾ ਰਿਹਾ ਹੈ। ਸੰਨ 1981 ਤੋਂ ਲੈ ਕੇ ਹੁਣ ਤੱਕ ਅਮਰੀਕਾ ’ਚ 15 ਵਾਰ ਸ਼ਟਡਾਊਨ ਹੋ ਚੁੱਕਿਆ ਹੈ। ਇਹ ਸ਼ਟਡਾਊਨ ਮੁੱਖ ਤੌਰ ’ਤੇ ਬਜਟ, ਸਿਹਤ ਸੰਭਾਲ, ਇਮੀਗ੍ਰੇਸ਼ਨ ਅਤੇ ਹੋਰ ਨੀਤੀਗਤ ਮੁੱਦਿਆਂ ’ਤੇ



ਰਾਜਨੀਤਿਕ ਰੁਕਾਵਟ ਕਾਰਨ ਹੋਏ ਹਨ। ਕਈ ਵਾਰ ਸ਼ਟਡਾਊਨ ਲੰਬਾ ਸਮਾਂ ਵੀ ਚੱਲਦਾ ਹੈ।ਉਦਾਹਰਣ ਵਜੋਂ, 2018-2019 ਦਾ ਸ਼ਟਡਾਊਨ 35 ਦਿਨ ਚੱਲਿਆ ਸੀ ਪਰ ਇਸ ਵਾਰ ਸ਼ਟਡਾਊਨ ਪੂਰੇ 43 ਦਿਨ ਚੱਲਿਆ।

ਅਮਰੀਕਾ ਵਿੱਚ ਏਨੇ ਦਿਨ ਲਗਾਤਾਰ ਸ਼ਟਡਾਊਨ ਰਹਿਣਾ ਕੋਈ ਆਮ ਗੱਲ ਨਹੀਂ ਹੈ, ਸਗੋਂ ਇਸ ਦੇ ਅਰਥ ਅਤੇ ਪ੍ਰਭਾਵ ਬਹੁਤ ਵੱਡੇ ਹਨ। ਇਸ ਸ਼ਟਡਾਊਨ ਨੇ ਅਮਰੀਕਾ ਦੀ ਦੁਨੀਆ ਵਿੱਚ ਦਿਨੋਂ ਦਿਨ ਵੱਧ ਰਹੀ ਸ਼ਕਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ ਅਤੇ ਟਰੰਪ ਸਰਕਾਰ ਦੀਆਂ ਨੀਤੀਆਂ ਉੱਪਰ ਵੀ ਸਵਾਲ ਉਠਾਏ ਹਨ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਬਾਰੇ ਕਿਹਾ ਜਾਂਦਾ ਹੈ ਕਿ ਉਹ ਕਦੋਂ ਕੀ ਕਰ ਦੇਣ, ਉਹਨਾਂ ਦਾ ਕੁਝ ਪਤਾ ਨਹੀਂ ਚੱਲਦਾ।ਕਈ ਵਾਰ ਉਹ ਅਜੀਬੋ-ਗ਼ਰੀਬ ਫੈਸਲੇ ਲੈ ਲੈਂਦੇ ਹਨ।ਅਮਰੀਕਾ ਵਿੱਚ ਪਿਛਲੇ ਦਿਨੀਂ ਹੋਏ ਸ਼ਟਡਾਊਨ ਬਾਰੇ ਕਿਹਾ ਜਾਂਦਾ ਹੈ ਕਿ ਇਹ ਟਰੰਪ ਦੀਆਂ ਨੀਤੀਆਂ ਕਾਰਨ ਹੋਇਆ ਸੀ, ਜਿਸ ਕਾਰਨ ਪੂਰੇ ਅਮਰੀਕਾ ਨੂੰ ਪ੍ਰਭਾਵਿਤ ਹੋਣਾ ਪਿਆ।

### 43 ਦਿਨਾਂ ਦਾ ਸ਼ਟਡਾਊਨ ਸਮਾਪਤ ਹੋਣ ਤੋਂ ਬਾਅਦ ਅਮਰੀਕੀ ਲੋਕਾਂ ਨੇ ਲਿਆ ਸੁੱਖ ਦਾ ਸਾਹ

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਸਰਕਾਰੀ ਫੰਡਾਂ ਨਾਲ ਸਬੰਧਿਤ ਬਿੱਲ ’ਤੇ ਦਸਤਖ਼ਤ ਕਰ ਦਿੱਤੇ, ਜਿਸ ਨਾਲ ਪਿਛਲੇ ਰਿਕਾਰਡ 43 ਦਿਨਾਂ ਤੋਂ ਜਾਰੀ ਤਾਲਾਬੰਦੀ ਦਾ ਭੋਗ ਪੈ ਗਿਆ।ਬਿੱਲ ’ਤੇ ਟਰੰਪ ਦੀ ਸਹੀ ਨਾਲ ਵ੍ਹਾਈਟ ਹਾਊਸ ਵਿੱਚ ਉਨ੍ਹਾਂ ਦੀ ਸਰਕਾਰ ਵੱਲੋਂ ਚਲਾਈ ਗਈ ਦੂਜੀ ਸਰਕਾਰੀ ਤਾਲਾਬੰਦੀ ਸਮਾਪਤ ਹੋ ਗਈ। ਇਸ ਤਾਲਾਬੰਦੀ ਨੇ ਵਾਸ਼ਿੰਗਟਨ ਵਿੱਚ ਪੱਖਪਾਤੀ ਵੰਡ ਨੂੰ ਹੋਰ ਹਵਾ ਦਿੱਤੀ ਕਿਉਂਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਬੇਮਿਸਾਲ ਇਕਤਰਫ਼ਾ ਕਾਰਵਾਈ ਕੀਤੀ- ਜਿਸ ਵਿੱਚ ਪ੍ਰਾਜੈਕਟਾਂ ਨੂੰ ਰੱਦ ਕਰਨਾ ਤੇ ਸੰਘੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਕੋਸ਼ਿਸ਼ ਕਰਨਾ ਸ਼ਾਮਲ ਸੀ- ਤਾਂ ਕਿ ਡੈਮੋਕਰੈਟਸ ’ਤੇ ਆਪਣੀਆਂ ਮੰਗਾਂ ਨੂੰ ਲੈ ਕੇ ਨਰਮ ਰੁਖ਼ ਅਪਣਾਉਣ ਲਈ ਦਬਾਅ ਬਣਾਇਆ ਜਾ ਸਕੇ। ਸਦਨ ਵੱਲੋਂ 222-209 ਦੇ ਬਹੁਮਤ ਨਾਲ ਬਿੱਲ ਪਾਸ ਕਰਨ ਤੋਂ ਕੁਝ ਘੰਟਿਆਂ ਬਾਅਦ ਟਰੰਪ ਨੇ ਇਸ ’ਤੇ ਸਹੀ ਪਾ ਦਿੱਤੀ। ਸੈਨੇਟ ਨੇ ਸੋਮਵਾਰ ਨੂੰ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ।

ਇਸ ਸ਼ਟਡਾਊਨ ਕਾਰਨ ਹਵਾਈ ਉਡਾਣਾਂ ਵੀ ਪ੍ਰਭਾਵਿਤ ਹੋਈਆਂ। ਅਮਰੀਕਾ ਵਿੱਚ ਹਵਾਈ ਸਫ਼ਰ ਆਵਾਜਾਈ ਦਾ ਮੁੱਖ ਸਾਧਨ ਹੈ ਅਤੇ ਅਮਰੀਕਾ ਦੇ ਕਈ ਅੱਡਿਆਂ ’ਤੇ ਸ਼ਟਡਾਊਨ ਕਾਰਨ ਕੰਮਕਾਜ ਪ੍ਰਭਾਵਿਤ ਹੋਇਆ, ਜਿਸ ਕਾਰਨ ਆਮ ਲੋਕਾਂ ਨੂੰ ਹਵਾਈ ਸਫ਼ਰ ਕਰਨ ਵਿੱਚ ਦਿੱਕਤਾਂ ਆਈਆਂ।

(ਬਾਕੀ ਸਫ਼ਾ 26 ’ਤੇ)

# ਅਮਰੀਕਾ ’ਚ ਮਹਿੰਗਾਈ ਨੇ ਤੋੜ ਦਿੱਤੇ ਸਾਰੇ ਰਿਕਾਰਡ

## ਰਾਸ਼ਟਰਪਤੀ ਟਰੰਪ ਦੀ ਟੈਰਿਫ਼ ਨੀਤੀ ਅਮਰੀਕੀ ਲੋਕਾਂ ’ਤੇ ਪਈ ਭਾਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ’ਚ ਮਹਿੰਗਾਈ ਦੀ ਮਾਰ ਅਜਿਹੀ ਪੈ ਰਹੀ ਹੈ ਕਿ ਵ੍ਹਾਈਟ ਹਾਊਸ ਤੱਕ ਇਸ ਦੀ ਗਰਮੀ ਮਹਿਸੂਸ ਕਰ ਰਿਹਾ ਹੈ। ‘ਅਮਰੀਕਾ ਫਸਟ’ ਦੇ ਨਾਂ ’ਤੇ ਡੋਨਾਲਡ ਟਰੰਪ ਵੱਲੋਂ ਲਾਏ ਭਾਰੀ ਟੈਰਿਫ ਦਾ ਦਾਅ ਹੁਣ ਉਨ੍ਹਾਂ ’ਤੇ ਭਾਰੀ ਪੈਣ ਲੱਗਾ ਹੈ। ਵਿਦੇਸ਼ੀ ਸਾਮਾਨ ਨੂੰ ਮਹਿੰਗਾ ਕਰ ਕੇ ਅਮਰੀਕੀ ਉਦਯੋਗਾਂ ਨੂੰ ਉਤਸ਼ਾਹ ਦੇਣ ਦੀ ਕੋਸ਼ਿਸ਼ ਕਰਦੇ-ਕਰਦੇ ਟਰੰਪ ਪ੍ਰਸ਼ਾਸਨ ਨੇ ਘਰੇਲੂ ਬਾਜ਼ਾਰ ’ਚ ਅਜਿਹੀ ਅੱਗ ਲਾ ਦਿੱਤੀ ਕਿ ਰੋਜ਼ ਦੀਆਂ ਚੀਜ਼ਾਂ ਜਨਤਾ ਦੀ ਪਹੁੰਚ ਤੋਂ ਦੂਰ ਹੋਣ ਲੱਗੀਆਂ।ਨਤੀਜਾ ਹੁਣ ਵ੍ਹਾਈਟ ਹਾਊਸ ਖੁਦ ਟੈਰਿਫ ਹਟਾਉਣ ਦੀ ਤਿਆਰੀ ’ਚ ਜੁੱਟ ਗਿਆ ਹੈ।

ਟਰੰਪ ਨੇ ਸੱਤਾ ਸੰਭਾਲਦੇ ਹੀ ਉਨ੍ਹਾਂ ਦੇਸ਼ਾਂ ’ਤੇ ਟੈਰਿਫ ਲਾ ਦਿੱਤੇ ਸਨ, ਜਿਨ੍ਹਾਂ ਤੋਂ ਅਮਰੀਕਾ ਸਾਲਾਂ ਤੋਂ ਵੱਡੇ ਪੈਮਾਨੇ ’ਤੇ



ਦਰਾਮਦ ਕਰਦਾ ਰਿਹਾ ਹੈ। ਭਾਰਤ, ਅਰਜਨਟੀਨਾ, ਇਕਵਾਡੋਰ, ਗਵਾਟੇਮਾਲਾ ਅਤੇ ਐੱਲ ਸਲਵਾਡੋਰ ਵਰਗੇ ਕਈ ਦੇਸ਼ਾਂ ਤੋਂ ਆਉਣ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ ਅਚਾਨਕ ਮਹਿੰਗੀਆਂ ਹੋ ਗਈਆਂ ਹਨ। ਟਰੰਪ ਦਾ ਉਦੇਸ਼ ਸੀ ਵਿਦੇਸ਼ੀ ਕੰਪਨੀਆਂ ਨੂੰ ਝਟਕਾ ਦੇਣਾ ਅਤੇ ਅਮਰੀਕੀ ਮਾਲੀਆ ਵਧਾਉਣਾ ਪਰ ਹੈਰਾਨੀਜਨਕ ਤੌਰ ’ਤੇ ਉਲਟਾ ਪੈ ਗਿਆ। ਟੈਰਿਫ ਨਾਲ ਵਧੀਆਂ ਕੀਮਤਾਂ ਦਾ ਸਿੱਧਾ ਅਸਰ ਅਮਰੀਕੀ ਕਿਚਨ ’ਤੇ ਦਿਸਿਆ।ਕੌਫੀ, ਕੇਲੇ, ਬੀਫ ਅਤੇ ਹੋਰ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਰਿਕਾਰਡ ਲੈਵਲ ਤੱਕ ਪਹੁੰਚ ਗਈਆਂ।ਲੋਕਾਂ ਦਾ ਬਜਟ ਵਿਗੜਿਆ ਅਤੇ ਮਹਿੰਗਾਈ ਨੇ ਵ੍ਹਾਈਟ ਹਾਊਸ ’ਤੇ ਹੀ ਦਬਾਅ ਵਧਾ ਦਿੱਤਾ। ਅਜਿਹੇ ਮਾਹੌਲ ’ਚ ਟਰੰਪ ਦਾ ਹਾਲੀਆ ਐਲਾਨ ਵੀ ਸੁਰਖੀਆਂ ’ਚ ਹੈ, “ਹਰ ਅਮਰੀਕੀ ਨੂੰ ਘੱਟ ਤੋਂ ਘੱਟ 2000 ਡਾਲਰ ਦਾ ‘ਟੈਰਿਫ ਡਿਵੀਡੈਂਡ’ ਦੇਣ ਦਾ ਵਾਅਦਾ। ” ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਦਮ ਵੱਧਦੀ ਨਾਰਾਜ਼ਗੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਵੀ ਹੋ ਸਕਦੀ ਹੈ।

## ਟਰੰਪ ਨੇ ਖਾਣ-ਪੀਣ ਦੀਆਂ ਕਈ ਚੀਜ਼ਾਂ ਤੋਂ ਹਟਾਇਆ ਟੈਰਿਫ਼

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡੇ ਫ਼ੈਸਲੇ ਵਿੱਚ ਪਿਛਲੇ ਦਿਨੀਂ ਬੀਫ਼, ਟਮਾਟਰ, ਕੌਫ਼ੀ ਅਤੇ ਕੇਲੇ ਸਮੇਤ ਖਾਣ-ਪੀਣ ਦੀਆਂ ਕਈ ਵਸਤਾਂ ’ਤੇ ਭਾਰੀ ਆਯਾਤ ਟੈਰਿਫ਼ ਹਟਾ ਦਿੱਤੇ ਹਨ। ਇਹ ਆਦੇਸ਼ ਵ੍ਹਾਈਟ ਹਾਊਸ ਦੁਆਰਾ ਜਾਰੀ ਕੀਤਾ ਗਿਆ ਸੀ ਅਤੇ ਹੁਣ ਇਹ ਆਦੇਸ਼ ਲਾਗੂ ਹੋ ਗਿਆ ਹੈ। ਇਸਦਾ ਮਤਲਬ ਹੈ ਕਿ ਇਨ੍ਹਾਂ ਵਸਤਾਂ ’ਤੇ ਪਹਿਲਾਂ ਲਗਾਏ ਗਏ ਵਾਧੂ ਟੈਰਿਫ਼ ਹੁਣ ਵਾਪਸ ਕਰ ਦਿੱਤੇ ਜਾਣਗੇ।

**ਕਿਉਂ ਲਿਆ ਗਿਆ ਇਹ ਫ਼ੈਸਲਾ ?**

ਅਮਰੀਕਾ ਵਿੱਚ ਭੋਜਨ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਲੋਕ ਮਹਿੰਗਾਈ ਨੂੰ ਲੈ ਕੇ ਬਹੁਤ ਚਿੰਤਤ ਹਨ। ਇਹ ਗੁੱਸਾ ਵਰਜੀਨੀਆ, ਨਿਊ ਜਰਸੀ ਅਤੇ ਨਿਊਯਾਰਕ ਸਿਟੀ ਵਿੱਚ ਹਾਲ ਹੀ ਵਿੱਚ ਹੋਈਆਂ ਸਥਾਨਕ ਚੋਣਾਂ ਵਿੱਚ ਵੀ ਝਲਕਿਆ, ਜਿੱਥੇ ਡੈਮੋਕ੍ਰੇਟਸ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।ਇਸ ਨਾਲ ਟਰੰਪ ਪ੍ਰਸ਼ਾਸਨ ’ਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਦਬਾਅ ਵਧਿਆ ਹੈ। ਟਰੰਪ ਹੁਣ ਦਾਅਵਾ ਕਰ ਰਹੇ ਹਨ ਕਿ ਮਹਿੰਗਾਈ ਉਨ੍ਹਾਂ ਦੇ ਟੈਰਿਫ਼ ਕਾਰਨ ਨਹੀਂ, ਸਗੋਂ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੀਆਂ ਨੀਤੀਆਂ ਕਾਰਨ ਹੋਈ ਸੀ। ਹਾਲਾਂਕਿ, ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਆਯਾਤ ਟੈਰਿਫ਼ ਨੇ ਭੋਜਨ ਦੀਆਂ ਕੀਮਤਾਂ ਵਿੱਚ ਵਾਧੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਤਰਨਤਾਰਨ ਚੋਣਾਂ

# ਪੰਥ ਕੋਲ ਮੁੱਦਿਆਂ ਦੀ ਰਾਜਨੀਤੀ ਅਤੇ ਸਿੱਖ ਸਿਧਾਂਤ ਅਨੁਸਾਰ ਫ਼ੈਸਲੇ ਲੈਣ ਤੋਂ ਬਿਨਾਂ ਸਿਆਸਤ ਵਿੱਚ ਰਹਿਣ ਲਈ ਕੋਈ ਹੋਰ ਰਾਹ ਨਹੀਂ: ਸਿੱਖ ਫੈਡਰੇਸ਼ਨ ਯੂ.ਐਸ.ਏ.

ਸਿੱਖ ਫੈਡਰੇਸ਼ਨ ਯੂ ਐਸ ਏ ਦੇ ਭਾਈ ਗੁਰਿੰਦਰਜੀਤ ਸਿੰਘ ਮਾਹਨਾ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਗੁਰੂ ਸਾਹਿਬ ਨੇ ਸਾਨੂੰ ਪੰਜਾਂ ਦਾ ਸਿਧਾਂਤ ਦੇ ਕੇ ਹਦਾਇਤ ਕੀਤੀ ਹੈ ਕਿ ਪੰਥਕ ਫੈਸਲੇ ਵਿਅਕਤੀਗਤ ਨਹੀਂ ਸਗੋਂ ਆਮ ਸਹਿਮਤੀ ਨਾਲ ਲੈਣੇ ਚਾਹੀਦੇ ਹਨ। ਆਪਸੀ ਸਹਿਮਤੀ ਨਾਲ ਉਮੀਦਵਾਰ ਖੜ੍ਹੇ ਕਰਨੇ ਚਾਹੀਦੇ ਹਨ।

ਉਹਨਾਂ ਕਿਹਾ ਕਿ ਪੰਥਕ ਸਿਆਸਤ ਵਿਅਕਤੀਆਂ ਦੁਆਲੇ ਨਹੀਂ ਘੁੰਮਣੀ ਚਾਹੀਦੀ। ਸਾਡਾ ਅਸਲ ਏਕਾ ਉਸ ਵੇਲੇ ਹੋਣਾ

**RESULTS OF THE TARN TARAN ELECTION**

HARMEET SINGH SANDHU 42,649
SUKHWINDER KAUR RANDHAWA 30,558
MANDEEP SINGH KHALSA 19,620

ਜਦੋਂ ਅਸੀਂ ਸਿਧਾਂਤ ਦੁਆਲੇ ਸਿਆਸਤ ਕਰਾਂਗੇ। ਹੁਣ ਸਮਾਂ ਹੈ ਪੰਜਾਬ ਦੇ ਲੋਕਾਂ ਨੂੰ ਵਿਅਕਤੀਗਤ ਸਿਆਸਤ ਵਿਚੋਂ ਕੱਢ ਕੇ ਸਾਂਝੇ ਫੈਸਲੇ ਲੈਣ ਵਾਲੇ ਸਿਧਾਂਤ ਅਧਾਰਤ ਰਾਜਨੀਤੀ ਵੱਲ ਲਿਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹੁਣ ਸਮਾਂ ਹੈ ਨੌਜਵਾਨਾਂ ਨੂੰ ਪੰਥਕ ਸਿਆਸਤ ਲਈ ਅੱਗੇ ਆਉਣ ਦਾ। ਪੁਰਾਣੀ ਲੀਡਰਸ਼ਿਪ ਆਪਣਾ ਵਕਾਰ ਗੁਆ ਚੁੱਕੀ ਹੈ। ਬਹੁਤੇ ਬੀ ਜੇ ਪੀ ਜਾਂ ਨੈਸ਼ਨਲ ਪਾਰਟੀਆਂ ਵੱਲ ਦੇਖ ਰਹੇ ਹਨ। ਪੰਜਾਬ ਦੇ ਲੋਕਾਂ ਨੇ ਹੁਣ ਉਸਨੂੰ ਮੌਕਾ ਦੇਣਗੇ ਜਿਹੜਾ ਇਹ ਵਿਸ਼ਵਾਸ ਦੁਆਏਗਾ ਕਿ ਉਹ ਕਿਸੇ ਵੀ ਨੈਸ਼ਨਲ ਪਾਰਟੀ ਨਾਲ ਗੱਠਜੋੜ ਨਹੀਂ ਕਰੇਗਾ ਸਗੋਂ ਪੰਜਾਬ ਦੇ ਹਿਤਾਂ ਲਈ ਤੇ ਫੈਡਰਲ ਢਾਂਚੇ ਲਈ ਲੜੇਗਾ।

ਉਹਨਾਂ ਕਿਹਾ ਕਿ ਸਿੱਖ ਯੂਥ ਫੈਡਰੇਸ਼ਨ ਯੂ ਐਸ ਏ, ਖਾਲਿਸਤਾਨ ਦੇ ਸੰਘਰਸ਼ ਲਈ ਵਚਨਬੱਧਤ ਹੈ ਤੇ ਵਿਸ਼ਵਾਸ ਕਰਦੀ ਹੈ ਕਿ ਖ਼ਾਲਸਾ ਰਾਜ ਦੀ ਪ੍ਰਾਪਤੀ ਤੋਂ ਬਗੈਰ ਸਿੱਖ ਖੁਸ਼ਹਾਲ ਅਤੇ ਸੁਰੱਖਿਅਤ ਨਹੀਂ ਰਹਿ ਸਕਣਗੇ।

# ਸਿੱਖ ਫੈਡਰੇਸ਼ਨ ਯੂ.ਐਸ.ਏ. ਵੱਲੋਂ ਵਾਸ਼ਿੰਗਟਨ 'ਚ ਆਰ.ਐਸ.ਐਸ. ਵੱਲੋਂ ਲਾਬਿੰਗ ਮੁਹਿੰਮ 'ਤੇ ਗੰਭੀਰ ਚਿੰਤਾ ਪ੍ਰਗਟ

ਨਿਊਯਾਰਕ: ਸਿੱਖ ਫੈਡਰੇਸ਼ਨ ਯੂ.ਐਸ.ਏ. (ਐਸ.ਐਫ.ਯੂ.) ਨੇ ਪਿਛਲੇ ਦਿਨੀਂ ਆਈ ਉਸ ਰਿਪੋਰਟ 'ਤੇ ਚਿੰਤਾ ਪ੍ਰਗਟ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਰਾਸ਼ਟਰੀ ਸੰਗਠਨ ਰਾਸ਼ਟਰੀਯ ਸਵਯਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਆਰ.ਐੱਸ.ਐੱਸ. ਦੇ ਹਿੱਤਾਂ ਲਈ ਅਮਰੀਕੀ ਕਾਂਗਰਸ ਵਿੱਚ ਲਾਬਿੰਗ ਕਰਨ ਲਈ ਅਮਰੀਕੀ ਕਾਨੂੰਨ ਅਤੇ ਲਾਬਿੰਗ ਫਰਮ ਸਕਵਾਇਰ ਪੈਟਨ ਬੋਗਸ ਨੂੰ ਨਿਯੁਕਤ ਕੀਤਾ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਸਿੱਖ ਫੈਡਰੇਸ਼ਨ ਯੂ.ਐਸ.ਏ. ਦੇ ਆਗੂਆਂ ਨੇ ਕਿਹਾ ਕਿ ਪ੍ਰਕਾਸ਼ਿਤ ਸਰੋਤਾਂ ਦੇ ਅਨੁਸਾਰ, ਇਹ ਫਰਮ ਜਨਵਰੀ 2025 ਵਿੱਚ ਆਰ.ਐਸ.ਐਸ. ਦੀ ਅਗਵਾਈ ਕਰਨ ਦੇ ਲਈ ਰਜਿਸਟਰਡ ਹੋਈ ਸੀ ਅਤੇ ਇਸ ਨੇ ਸਾਲ 2025 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ 'ਅਮਰੀਕਾ-ਭਾਰਤੀ ਦੋ-ਪੱਖੀ ਸਬੰਧਾਂ' ਨਾਲ ਸਬੰਧਿਤ ਲਾਬਿੰਗ 'ਤੇ ਲਗਭਗ 330,000 ਅਮਰੀਕੀ ਡਾਲਰ ਖਰਚ ਕੀਤੇ ਸਨ।

ਸਿੱਖ ਫੈਡਰੇਸ਼ਨ ਆਗੂਆਂ ਨੇ ਇਸ ਮੌਕੇ ਸਿੱਖ ਫੈਡਰੇਸ਼ਨ ਦਾ ਪੱਖ ਰੱਖਦੇ ਹੋਏ ਕਿਹਾ ਕਿ ਅਸੀਂ ਇਸ ਤੱਥ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹਾਂ ਕਿ ਮਨੁੱਖੀ ਅਧਿਕਾਰ ਸੰਗਠਨ ਦੁਆਰਾ ਵਿਆਪਕ ਰੂਪ ਤੋਂ ਕੱਟੜਵਾਦੀ ਹਿੰਦੂਵਾਦੀ ਵਿਚਾਰਧਾਰਾ ਨੂੰ ਲਾਗੂ ਕਰਨ ਵਾਲਾ ਇੱਕ ਸੰਗਠਨ, ਜਿਸ ਨੂੰ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਦੇ ਵਿਰੁੱਧ ਭੇਦਭਾਵ ਨਾਲ ਜੋੜਿਆ ਗਿਆ ਹੈ, ਹੁਣ ਵਾਸ਼ਿੰਗਟਨ ਵਿੱਚ ਰਸਮੀ ਪੈਰਵੀ ਕਰ ਰਿਹਾ ਹੈ।

ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਅਸੀਂ ਇਸ ਮੁਹਿੰਮ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ 'ਤੇ ਸਵਾਲ ਉਠਾਉਂਦੇ ਹਾਂ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਆਰ.ਐਸ.ਐਸ. ਅਮਰੀਕੀ ਲੌਬਿੰਗ ਡਿਸਕਲੋਜਰ ਐਕਟ (ਐਲ.ਡੀ.ਏ.) ਦੇ ਹੇਠ ਰਜਿਸਟਰਡ ਹੈ, ਪਰ ਵਿਦੇਸ਼ੀ ਏਜੰਟ ਰਜਿਸਟਰੇਸ਼ਨ ਐਕਟ (ਐਫ.ਏ.ਆਰ.ਏ.) ਦੇ

ਤਹਿਤ ਰਜਿਸਟਰਡ ਨਹੀਂ ਹੋ ਸਕਦਾ ਹੈ। ਜਿਸ ਨਾਲ ਇਸ ਗੱਲ ਨੂੰ ਗੰਭੀਰਤਾ ਨਾਲ ਉਠਾਇਆ ਜਾ ਸਕਦਾ ਹੈ ਕਿ ਅਮਰੀਕੀ ਵਿਧਾਇਕਾਂ ਅਤੇ ਜਨਤਾ ਨੂੰ ਇਸ ਗਤੀਵਿਧੀ ਦੀ ਰੂਪ ਰੇਖਾ ਅਤੇ ਅੰਤਿਮ ਟੀਚੇ ਬਾਰੇ ਪੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਭਾਰਤ ਅਤੇ



ਦੱਖਣੀ ਏਸ਼ੀਆ ਦੇ ਪ੍ਰਤੀ ਅਮਰੀਕੀ ਨੀਤੀ ਮਨੁੱਖੀ ਅਧਿਕਾਰਾਂ, ਘੱਟਗਿਣਤੀਆਂ ਦੀ ਸੁਰੱਖਿਆ, ਧਾਰਮਿਕ ਆਜ਼ਾਦੀ ਅਤੇ ਬਹੁਲਵਾਦ ਦੇ ਬਾਰੇ ਵਿੱਚ ਪੂਰੀ ਤਰ੍ਹਾਂ ਜਾਗਰੂਕਤਾ ਤੋਂ ਪ੍ਰੇਰਿਤ ਹੋਣੀ ਚਾਹੀਦੀ ਹੈ ਨਾ ਕਿ ਸਿਰਫ਼ ਚੰਗੀ ਤਰ੍ਹਾਂ ਆਰਥਿਕ ਪੋਸ਼ਿਤ ਪ੍ਰਭਾਵ ਮੁਹਿੰਮਾਂ ਤੋਂ। ਸਿੱਖ ਭਾਈਚਾਰੇ ਨੂੰ ਭਾਰਤ ਵਿੱਚ ਲੰਬੇ ਸਮੇਂ ਤੋਂ ਵਿਤਕਰਾ, ਭੇਦਭਾਵ ਅਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਰ.ਐਸ.ਐਸ. ਦੁਆਰਾ ਇੱਕ ਤਾਕਤਵਰ ਪੈਰਵੀ ਪ੍ਰਣਾਲੀ ਨੂੰ ਸੰਗਠਿਤ ਕਰਨ ਨਾਲ ਇਨ੍ਹਾਂ ਮੁੱਦਿਆਂ ਬਾਰੇ ਭਾਸ਼ਣਾਂ, ਨੀਤੀਆਂ ਅਤੇ ਅਮਰੀਕੀ ਸਮਝ ਨੂੰ ਹੋਰ ਪ੍ਰਭਾਵਿਤ ਕਰਨਾ ਹੈ।

ਉਹਨਾਂ ਕਿਹਾ ਕਿ ਅਸੀਂ ਅਮਰੀਕੀ ਨੀਤੀ ਨਿਰਮਾਤਾ, ਸਬੰਧਿਤ ਕਾਂਗਰਸ ਕਮੇਟੀਆਂ, ਅਮਰੀਕੀ ਨਿਆਂ ਵਿਭਾਗ ਅਤੇ ਵਿਦੇਸ਼ ਵਿਭਾਗ ਤੋਂ ਇਸ ਮਾਮਲੇ ਦੀ ਜਾਂਚ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਅਪੀਲ ਕਰਦੇ ਹਾਂ ਕਿ ਕੋਈ ਵੀ ਵਿਦੇਸ਼ੀ ਪ੍ਰਭਾਵ ਮੁਹਿੰਮ ਅਮਰੀਕੀ ਕਾਨੂੰਨ ਦਾ ਪੂਰੀ ਤਰ੍ਹਾਂ ਨਾਲ ਪਾਲਨਾ ਕਰੇਗੀ – ਵਿਸ਼ੇਸ਼ ਤੌਰ 'ਤੇ ਐਫ਼.ਏ.ਆਰ.ਏ. ਦੀ ਪਾਲਣਾ ਨੂੰ ਪ੍ਰਗਟ ਕਰਨਾ – ਅਤੇ ਉਚਿਤ ਪਾਰਦਰਸ਼ਤਾ ਅਤੇ ਜਨਤਕ ਜਾਂਚ ਦੇ ਅਧੀਨ ਹੋਵੇ।ਉਹਨਾਂ ਕਿਹਾ ਕਿ ਅਸੀਂ ਅਮਰੀਕੀ ਵਿਧਾਇਕਾਂ, ਨਾਗਰਿਕ ਸਮਾਜ ਸੰਗਠਨਾਂ ਅਤੇ ਮੀਡੀਆ ਦੇ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ ਤਾਂ ਕਿ ਇਹ ਯਕੀਣੀ ਬਣਾਇਆ ਜਾ ਸਕੇ ਕਿ ਭਾਰਤ ਵਿੱਚ ਘੱਟ ਗਿਣਤੀ ਭਾਈਚਾਰੇ, ਜਿਹਨਾਂ ਵਿੱਚ ਸਿੱਖ ਵੀ ਸ਼ਾਮਲ ਹਨ, ਦੀ ਆਵਾਜ਼ ਸੁਣੀ ਜਾਵੇ ਅਤੇ ਬਿਨਾ ਪੂਰੀ ਜਾਣਕਾਰੀ ਦੇ ਅਮੀਰੀਕੀ ਨੀਤੀ ਨੂੰ ਅਕਾਰ ਦੇਣ ਦੇ ਉਦੇਸ਼ ਨਾਲ ਕੀਤੇ ਗਏ ਦੁਸ਼ਪ੍ਰਚਾਰ ਜਾਂ ਦਬਾਓ ਮੁਹਿੰਮਾਂ ਦੇ ਮਾੜੇ ਪ੍ਰਭਾਵ ਤੋਂ ਮੁਕਤ ਹੋਵੇ।

ਨਿਰਪੱਖ, ਪਾਰਦਰਸ਼ੀ ਨੀਤੀ ਨਿਰਮਾਣ ਦਾ ਸੱਦਾ

ਸਿੱਖ ਫੈੱਡਰੇਸ਼ਨ ਯੂ.ਐਸ.ਏ. ਕਾਂਗਰਸ ਅਤੇ ਕਾਰਜਪਾਲਿਕਾ ਨੂੰ ਸਾਵਧਾਨ ਰਹਿਣ ਦੀ ਅਪੀਲ ਕਰਦੀ ਹੈ। ਅਮਰੀਕੀ ਵਿਦੇਸ਼ ਨੀਤੀ ਦੇ ਫੈਸਲਿਆਂ ਦੀ ਵੈਧਤਾ ਪਾਰਦਰਸ਼ਿਤਾ, ਜਵਾਬਦੇਹੀ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ 'ਤੇ ਨਿਰਭਰ ਕਰਦੀ ਹੈ। ਜਿੱਥੇ ਵਿਦੇਸ਼ੀ ਸੰਗਠਨ ਅਮਰੀਕੀ ਫੈਸਲੇ ਲੈਣ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ, ਉਥੇ ਉਹਨਾਂ ਦੀਆਂ ਗਤੀਵਿਧੀਆਂ ਤੋਂ ਜਾਣੂੰ ਹੋਣਾ, ਰਜਿਸਟਰੇਸ਼ਨ ਅਤੇ ਜਨਤਕ ਜਾਂਚ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ।

ਉਹਨਾਂ ਕਿਹਾ ਕਿ ਅਸੀਂ ਭਾਰਤ ਸਰਕਾਰ ਅਤੇ ਰਾਜ ਦੇ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਘੱਟ ਗਿਣਤੀ ਭਾਈਚਾਰਿਆਂ ਦੇ ਨਾਲ ਨਿਰਪੱਖਤਾ, ਸਮਾਨਤਾ ਅਤੇ ਸਨਮਾਨ ਦੇ ਨਾਲ ਵਿਵਹਾਰ ਕਰੇ ਜਿਵੇਂ ਕਿ ਨਿਸ਼ਚਤ ਤੌਰ 'ਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਨਿਯਮਾਂ ਦੇ ਅਨੁਸਾਰ ਹੈ। ਬਜਾਇ ਇਸ ਦੇ ਕਿ ਉਹਨਾਂ ਵਿਚਾਰਕ ਸੰਗਠਨਾਂ ਨੂੰ , ਜੋ ਅਤੀਤ ਵਿੱਚ ਭੇਦਭਾਵ ਨਾਲ ਜੁੜੇ ਹਨ, ਵਿਦੇਸ਼ਾਂ 'ਚ ਗਹਿਰਾ ਪ੍ਰਭਾਵ ਪਾਉਣ ਦੀ ਆਗਿਆ ਦਿੱਤੀ ਜਾਵੇ।

ਸਿੱਖ ਫੈਡਰੇਸ਼ਨ ਯੂ.ਐਸ.ਏ. ਦੇ ਬਾਰੇ ਵਿੱਚ

ਸਿੱਖ ਫੈਡਰੇਸ਼ਨ ਯੂ.ਐਸ.ਏ. ਇੱਕ ਰਾਸ਼ਟਰੀ ਗੈਰ-ਲਾਭਕਾਰੀ ਸੰਗਠਨ ਹੈ ਜੋ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਸਿਆਸੀ ਅਤੇ ਸਮਾਜਿਕ ਹਿੱਤਾਂ ਦੀ ਅਗਵਾਈ ਕਰਦਾ ਹੈ। ਅਸੀਂ ਨਾਗਰਿਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ, ਨਾਗਰਿਕ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਪ੍ਰਵਾਸੀ ਭਾਰਤੀਆਂ ਅਤੇ ਨਿਆਂ, ਸਮਾਨਤਾ ਅਤੇ ਬਹੁਲਵਾਦ ਦੀ ਸਾਡੀ ਸਾਂਝੀ ਵਿਰਾਸਤ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰਦੇ ਹਾਂ।

# ਪ੍ਰਤੀਨਿਧੀ ਜ਼ੋਈ ਲੋਫਗ੍ਰੇਨ ਨੇ ਕਾਂਗਰਸ ਲਈ ਡਾ. ਜਸਮੀਤ ਬੈਂਸ ਦਾ ਸਮਰਥਨ ਕੀਤਾ

ਡੇਲਾਨੋ/ਕੈਲੀਫੋਰਨੀਆ/ਏ.ਟੀ.ਨਿਊਜ਼: ਪ੍ਰਤੀਨਿਧੀ ਜ਼ੋਈ ਲੋਫਗ੍ਰੇਨ (ਸੀਏ-18) ਨੇ ਕੈਲੀਫੋਰਨੀਆ ਦੇ 22ਵੇਂ ਕਾਂਗਰੇਸ਼ਨਲ ਜ਼ਿਲ੍ਹੇ ਵਿੱਚ ਕਾਂਗਰਸ ਲਈ ਡਾ. ਜਸਮੀਤ ਬੈਂਸ ਦੇ ਸਮਰਥਨ ਦਾ ਐਲਾਨ ਕੀਤਾ। ਲੋਫਗ੍ਰੇਨ ਕੈਲੀਫੋਰਨੀਆ ਡੈਮੋਕ੍ਰੇਟਿਕ ਕਾਂਗਰੇਸ਼ਨਲ ਡੈਲੀਗੇਸ਼ਨ ਦੀ ਚੇਅਰਪਰਸਨ ਹੈ, ਜੋ ਕਿ ਪ੍ਰਤੀਨਿਧੀ ਸਭਾ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਵੱਖਰਾ ਪ੍ਰਤੀਨਿਧੀਮੰਡਲ ਹੈ।

ਪ੍ਰਤੀਨਿਧੀ ਜ਼ੋਈ ਲੋਫਗ੍ਰੇਨ (ਸੀਏ-18) ਨੇ ਕਿਹਾ, 'ਹਾਊਸ ਬਹੁਮਤ ਦਾ ਰਸਤਾ ਕੈਲੀਫੋਰਨੀਆ ਵਿੱਚੋਂ ਲੰਘਦਾ ਹੈ ਅਤੇ ਖਾਸ ਤੌਰ 'ਤੇ, ਇਹ ਸੈਂਟਰਲ ਵੈਲੀ ਵਿੱਚੋਂ ਲੰਘੇਗਾ। ਜਸਮੀਤ ਬੈਂਸ ਦੇਸ਼ ਦੇ ਸਭ ਤੋਂ ਵੱਧ ਮੁਕਾਬਲੇ ਵਾਲੇ ਜ਼ਿਲ੍ਹਿਆਂ ਵਿੱਚੋਂ ਇੱਕ ਵਿੱਚ ਚੋਣ ਲੜ ਰਹੀ ਹੈ ਅਤੇ ਮੈਂ ਇਸ ਔਖੀ ਦੌੜ ਵਿੱਚ ਉਸ ਤੋਂ ਵਧੀਆ ਉਮੀਦਵਾਰ ਬਾਰੇ ਨਹੀਂ ਸੋਚ ਸਕਦੀ।' ਇੱਕ ਡਾਕਟਰ ਦੇ ਤੌਰ 'ਤੇ, ਉਹ ਸਾਡੀ ਸਟੇਟ ਅਸੈਂਬਲੀ ਵਿੱਚ ਸਭ ਤੋਂ ਮਜ਼ਬੂਤ ਸਿਹਤ ਸੰਭਾਲ ਨੇਤਾਵਾਂ ਵਿੱਚੋਂ ਇੱਕ ਰਹੀ ਹੈ। ਜਦੋਂ ਕਿ ਉਸਦੇ ਵਿਰੋਧੀ ਵਾਂਗ ਰਿਪਬਲਿਕਨਾਂ ਨੇ ਇਤਿਹਾਸ ਵਿੱਚ ਸਭ ਤੋਂ ਵੱਡੇ ਸਿਹਤ ਸੰਭਾਲ ਕਟੌਤੀਆਂ ਲਈ ਵੋਟ ਦਿੱਤੀ, ਜਸਮੀਤ ਆਪਣੇ ਭਾਈਚਾਰੇ ਲਈ ਸਿਹਤ ਸੰਭਾਲ ਦੀ ਲਾਗਤ ਦਾ ਸਿੱਧਾ ਅਨੁਭਵ ਲੈ ਕੇ ਕਾਂਗਰਸ ਵਿੱਚ ਆਉਂਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਉਹ ਸਾਡੇ ਵਫ਼ਦ ਵਿੱਚ ਇੱਕ ਕੀਮਤੀ ਵਾਧਾ ਹੋਵੇਗੀ ਅਤੇ ਸੈਂਟਰਲ ਵੈਲੀ



ਪਰਿਵਾਰਾਂ ਲਈ ਇੱਕ ਮਜ਼ਬੂਤ ਆਵਾਜ਼ ਹੋਵੇਗੀ।

ਡਾ. ਜਸਮੀਤ ਬੈਂਸ ਨੇ ਕਿਹਾ 'ਮੈਂ ਪ੍ਰਤੀਨਿਧੀ ਜ਼ੋ ਲੋਫਗ੍ਰੇਨ ਦਾ ਸਮਰਥਨ ਪ੍ਰਾਪਤ ਕਰਕੇ ਬਹੁਤ ਸਨਮਾਨਿਤ ਮਹਿਸੂਸ ਕਰ ਰਹੀ ਹਾਂ, ਜੋ ਇੱਕ ਵੱਡੇ ਨੇਤਾ ਹਨ, ਜਿਸਨੇ ਦਹਾਕਿਆਂ ਤੋਂ ਕੈਲੀਫੋਰਨੀਆ ਵਾਸੀਆਂ ਲਈ ਅਣਥੱਕ ਲੜਾਈ ਲੜੀ ਹੈ। ਉਹਨਾਂ ਕਿਹਾ ਕਿ ਉਹ ਕੈਲੀਫੋਰਨੀਆ ਵਾਸੀਆਂ ਦੀ ਸ਼ਕਤੀ ਨੂੰ ਸਮਝਦੀ ਹੈ ਜਦੋਂ ਅਸੀਂ ਇਕੱਠੇ ਖੜ੍ਹੇ ਹੁੰਦੇ ਹਾਂ। ਅਸੀਂ ਇਕੱਠੇ ਸਿਹਤ ਸੰਭਾਲ ਨੂੰ ਕਿਫਾਇਤੀ ਬਣਾਉਣ, ਪੇਂਡੂ ਭਾਈਚਾਰਿਆਂ ਵਿੱਚ ਸਿਹਤ ਸੰਭਾਲ ਤੱਕ ਪਹੁੰਚ ਵਧਾਉਣ, ਅਤੇ ਇਹ ਯਕੀਨੀ ਬਣਾਉਣ ਲਈ ਲੜਦੇ ਰਹਾਂਗੇ ਕਿ ਸੈਂਟਰਲ ਵੈਲੀ ਤੋਂ ਸੈਂਟਰਲ ਕੋਸਟ ਤੱਕ ਕੰਮ ਕਰਨ ਵਾਲੇ ਪਰਿਵਾਰਾਂ ਦੀਆਂ ਆਵਾਜ਼ਾਂ ਵਾਸ਼ਿੰਗਟਨ ਵਿੱਚ ਸੁਣੀਆਂ ਜਾਣ।

ਡਾ. ਜਸਮੀਤ ਬੈਂਸ ਬਾਰੇ

ਡਾ. ਬੈਂਸ, ਇੱਕ ਡਾਕਟਰ ਅਤੇ ਇੱਕ ਪ੍ਰਵਾਸੀ ਪਰਿਵਾਰ ਦੀ ਧੀ, ਕੈਲੀਫੋਰਨੀਆ ਦੇ 22ਵੇਂ ਕਾਂਗਰੇਸ਼ਨਲ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਲਈ ਚੋਣ ਲੜ ਰਹੀ ਹੈ। ਉਸਨੇ ਆਪਣਾ ਕੈਰੀਅਰ ਸੈਂਟਰਲ ਵੈਲੀ ਵਿੱਚ ਅਣਗੌਲੇ ਭਾਈਚਾਰਿਆਂ ਦੀ ਸੇਵਾ ਕਰਨ, ਓਪੀਔਡ ਸੰਕਟ ਨਾਲ ਨਜਿੱਠਣ ਅਤੇ ਸਾਰਿਆਂ ਲਈ ਕਿਫਾਇਤੀ ਸਿਹਤ ਸੰਭਾਲ ਲਈ ਲੜਨ ਲਈ ਸਮਰਪਿਤ ਕੀਤਾ ਹੈ।

# ਬਾਦਲ ਦਲ ਨੇ ਕਿਵੇਂ ਕੀਤੀ ਧਮਾਕੇਦਾਰ ਵਾਪਸੀ ? ਕੀ ਹੈ 'ਆਪ' ਦੀ ਜਿੱਤ ਦਾ ਕਾਰਨ ?



ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ
9815700916

## ਅਕਾਲੀ ਦਲ 'ਵਾਰਿਸ ਪੰਜਾਬ ਦੇ' ਆਪਣੇ ਗੜ੍ਹ ਤਰਨਤਾਰਨ ਵਿੱਚ ਕਿਵੇਂ ਪਛੜਿਆ ?

## ਕਾਂਗਰਸ ਦੀ ਹਾਰ ਦਾ ਕਾਰਨ ਰਾਜਾ ਵੜਿੰਗ ਤੇ ਲੀਡਰਸ਼ਿਪ ਦੀ ਫ਼ੁੱਟ ਬਣੇ



ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਪਿਛਲੇ ਦਿਨੀਂ ਐਲਾਨੇ ਗਏ ਨਤੀਜੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ 42,649 ਵੋਟਾਂ ਹਾਸਿਲ ਕਰ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ।ਉਹਨਾਂ ਨੇ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ 12,091 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ 30,558 ਵੋਟਾਂ ਹਾਸਿਲ ਕੀਤੀਆਂ। ਪੰਥਕ ਜਥੇਬੰਦੀਆਂ ਦੇ ਉਮੀਦਵਾਰ ਮਨਦੀਪ ਸਿੰਘ ਖ਼ਾਲਸਾ ਨੂੰ 19,620, ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਨੂੰ 15,078, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ 6239 ਵੋਟਾਂ ਪਈਆਂ। ਜਦਕਿ ਕਾਂਗਰਸ ਅਤੇ ਭਾਜਪਾ ਸਮੇਤ 12 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ।

ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੁਤਾਬਕ 'ਆਪ' ਦੀ ਜਿੱਤ ਲਈ ਪਾਰਟੀ ਦਾ ਸੱਤਾ ਵਿੱਚ ਹੋਣਾ ਅਤੇ ਉਮੀਦਵਾਰ ਦਾ ਸਥਾਨਕ ਹੋਣਾ ਵੀ ਵੱਡਾ ਕਾਰਨ ਸੀ। ਆਪ ਪਾਰਟੀ ਨੇ 3 ਵਾਰ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾ ਕੇ ਸਿਆਸੀ ਦਾਅ ਖੇਡਿਆ ਹੈ। ਅਕਾਲੀ ਦਲ ਦੋਫ਼ਾੜ ਹੋਣ ਦਾ ਫ਼ਾਇਦਾ ਵੀ ਪਾਰਟੀ ਨੂੰ ਮਿਲਦਾ ਦਿਖਿਆ ਹੈ। ਆਮ ਆਦਮੀ ਪਾਰਟੀ ਲਈ ਇਹ ਜਿੱਤ ਬੇਹੱਦ ਖਾਸ ਮੰਨੀ ਜਾ ਰਹੀ ਹੈ।

**ਅਕਾਲੀ ਦਲ ਵਾਰਿਸ ਆਪਣੇ ਗੜ੍ਹ ਵਿੱਚ ਕਿਵੇਂ ਪਛੜੀ ?**

ਸਿਆਸੀ ਮਾਹਿਰਾਂ ਅਨੁਸਾਰ ਵਾਰਿਸ ਪੰਜਾਬ ਦੇ ਅਕਾਲੀ ਦਲ ਨੇ ਆਪਣੀ ਰਣਨੀਤੀ ਵਿੱਚ ਕਈ ਗਲਤੀਆਂ ਕੀਤੀਆਂ, ਜਿਨ੍ਹਾਂ ਨੇ ਨਾ ਸਿਰਫ਼ ਮਨਦੀਪ ਸਿੰਘ ਵਰਗਾ ਕਮਜ਼ੋਰ ਉਮੀਦਵਾਰ ਖੜਾ ਕਰਕੇ ਪੂਰੀ ਜਥੇਬੰਦੀ ਦੇ ਅਕਸ ਨੂੰ ਲੋਕਾਂ ਵਿੱਚ ਘਟਾਇਆ ਸੀ। ਜਦ ਕਿ ਇਸਦੇ ਉਲਟ ਬਾਦਲ ਅਕਾਲੀ ਦਲ ਤੇ ਆਪ ਨੇ ਵਧੀਆ ਉਮੀਦਵਾਰ ਦਿਤੇ, ਜਿਹਨਾਂ ਦਾ ਆਪਣਾ ਆਧਾਰ ਸੀ।

ਡਾ. ਪਰਮਜੀਤ ਸਿੰਘ ਦਾ ਮੰਨਣਾ ਹੈ ਕਿ ਮਨਦੀਪ ਸਿੰਘ, ਜਿਨ੍ਹਾਂ ਦਾ ਭਰਾ ਭਾਈ ਸੰਦੀਪ ਸਿੰਘ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਹੱਤਿਆ ਦੇ ਦੋਸ਼ੀ ਵਜੋਂ ਜੇਲ੍ਹ ਵਿੱਚ ਹੈ, ਇੱਕ ਅਜਿਹੇ ਪਰਿਵਾਰ ਨਾਲ ਸਬੰਧਤ ਹਨ ਜਿਸ ਨੂੰ ਪੰਥਕ ਹਲਕਿਆਂ ਵਿੱਚ ਕੁਰਬਾਨੀ ਵਾਲਾ ਮੰਨਿਆ ਜਾਂਦਾ ਹੈ। ਪਰ ਇਹ ਪਰਿਵਾਰਕ ਵਿਰਾਸਤ ਚੋਣ ਮੈਦਾਨ ਵਿੱਚ ਕੰਮ ਨਹੀਂ ਆਈ। ਉਹਨਾਂ ਦਾ ਕਹਿਣਾ ਹੈ ਕਿ ਉਮੀਦਵਾਰ ਪੜ੍ਹਿਆ ਲਿਖਿਆ, ਵਧੀਆ ਗਿਆਨਵਾਨ ਬੁਲਾਰਾ ਕੌਮ ਤੇ ਪੰਜਾਬ ਪ੍ਰਤੀ ਇਮਾਨਦਾਰ ਹੋਣਾ ਚਾਹੀਦਾ ਹੈ,ਲੋਕਾਂ ਵਿਚ ਜਨ ਆਧਾਰ ਹੋਣਾ ਚਾਹੀਦਾ ਹੈ ਪਰ ਅਸੀਂ ਉਹੀ ਪੁਰਾਣਾ ਸ਼ਹੀਦ ਪਰਿਵਾਰਾਂ ਵਾਲਾ ਫ਼ਿਨੋਮਨਾ ਲੈ ਕੇ ਤੁਰ ਪਏ ਜਿਸ ਕਰਕੇ ਸਿਮਰਨਜੀਤ ਸਿੰਘ ਮਾਨ ਰਾਜਨੀਤੀ ਵਿੱਚ ਪਛੜਿਆ ਸੀ। ਅੱਜ ਹਾਲਾਤ ਹਨ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਆਪਣੇ ਗੜ੍ਹ ਵਿਚੋਂ ਹਾਰ ਗਏ।

ਸਿਆਸੀ ਮਾਹਿਰ ਗੰਗਵੀਰ ਰਠੌਰ ਦਾ ਕਹਿਣਾ ਹੈ ਕਿ ਲੋਕਾਂ ਨੂੰ ਸਿਰਫ਼ ਭਾਵੁਕ ਭਾਵਨਾਵਾਂ ਨਾਲ ਨਹੀਂ ਜਿੱਤਿਆ ਜਾ ਸਕਦਾ। ਇਸ ਦੇ ਲਈ ਯੋਗ ਨੈਰੇਟਿਵ, ਉਮੀਦਵਾਰ, ਵਿਉਂਤਬੰਦੀ,ਪਾਰਟੀ ਸਟਰਕਚਰ ਦੀ ਲੋੜ ਹੁੰਦੀ ਹੈ।ਮਨਦੀਪ ਸਿੰਘ ਨੇ ਨਾ ਆਪਣੀ ਲਹਿਰ ਬਣਾਈ, ਨਾ ਹੀ ਮੀਡੀਆ ਜਾਂ ਸੋਸ਼ਲ ਮੀਡੀਆ ਵਿੱਚ ਉਭਰੇ। ਨਾ ਹੀ ਪੰਥਕ ਧਿਰਾਂ ਵਿੱਚ ਤਾਲਮੇਲ ਵਾਲੀ ਮੁਹਿੰਮ ਦਿਖੀ। ਮਨਦੀਪ ਦੇ ਭਾਸ਼ਣਾਂ ਵਿੱਚ ਉਹ ਸਮਰਥਾ ਨਹੀਂ ਸੀ ਜੋ ਲੋਕਾਂ ਨੂੰ ਪ੍ਰਭਾਵਿਤ ਕਰ ਸਕੇ।ਅਖੀਰ ਤਕ ਉਸਦੀ ਬਿਆਨਬਾਜ਼ੀ ਉਖੜੀ ਹੋਈ ਸੀ।ਬਾਦਲ ਦਲ ਦੀ ਹਾਰ ਬਾਰੇ ਰਠੌਰ ਨੇ ਕਿਹਾ ਕਿ ਜੇ ਵਾਰਿਸ ਪੰਜਾਬ ਦੇ ਚੋਣ ਨਾ ਲੜਦੇ ਬਾਦਲ ਦਲ ਦੀ ਜਿੱਤ ਲਾਜਮੀ ਸੀ। ਰਠੌਰ ਦਾ ਕਹਿਣਾ ਹੈ ਕਿ ਸਿੱਖ ਇਤਿਹਾਸ ਵਿੱਚ ਕੁਰਬਾਨੀਆਂ ਨੂੰ ਸਨਮਾਨ ਦਿੱਤਾ ਜਾਂਦਾ ਹੈ, ਪਰ ਉਹਨਾਂ ਨੂੰ ਵੋਟ ਬੈਂਕ ਬਣਾਉਣ ਲਈ ਵਰਤਣਾ ਗਲਤ ਹੈ। ਬੋਧਿਕ ਲੀਡਰਸ਼ਿਪ ਦੀ ਸਥਾਪਨਾ ਦੀ ਲੋੜ ਹੈ ਜਿਵੇ ਰੋਲ ਮਾਡਲ ਵਜੋਂ ਪੰਜਾਬ ਯੂਨੀਵਰਸਿਟੀ ਦੇ ਅਸ਼ਮੀਤ ਸਿੰਘ ਹਨ।

ਸਿਆਸੀ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਚੋਣਾਂ ਦੇ ਅੰਤਮ ਪਲਾਂ ਵਿੱਚ ਮਨਦੀਪ ਸਿੰਘ ਚੋਣ ਮੁਹਿੰਮ ਛਡਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪਹੁੰਚਣਾ ਉਹਨਾਂ ਦੀ ਹਾਰ ਦਾ ਇਕ ਕਾਰਨ ਹੈ।ਆਖਿਰੀ ਵਕਤ ਆਪਣੀ ਚੋਣ ਮੁਹਿੰਮ ਵੱਲ ਧਿਆਨ ਨਹੀਂ ਦੇ ਸਕੇ। ਵਾਰਿਸ ਪੰਜਾਬ ਨੇ ਪੰਥਕ ਜਥੇਬੰਦੀਆਂ ਅਤੇ ਨਵੇਂ ਅਕਾਲੀ ਦਲ ਨਾਲ ਗਠਜੋੜ ਕੀਤਾ, ਪਰ ਇਹ ਗਠਜੋੜ ਲੋਕਾਂ ਨੂੰ ਆਕਰਸ਼ਿਤ ਨਹੀਂ ਕਰ ਸਕਿਆ। ਨਾ ਹੀ ਇਹਨਾਂ ਵਿੱਚ ਤਾਲਮੇਲ ਸੀ।

ਆਈ.ਪੀ. ਸਿੰਘ ਟਾਈਮਜ ਆਫ਼ ਇੰਡੀਆ ਵਿੱਚ ਲਿਖਦੇ ਹਨ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਲਈ ਵੀ ਇਹ ਹਾਰ ਕਾਫ਼ੀ ਵੱਡੀ ਹੈ, ਕਿਉਂਕਿ ਇਹ ਉਨ੍ਹਾਂ ਦਾ ਘਰ ਦਾ ਮੈਦਾਨ ਸੀ ਅਤੇ 2024 ਦੀ ਚੋਣ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੇ ਵੱਡੀ ਜਿੱਤ ਦਰਜ ਕੀਤੀ ਸੀ। ਇੱਕ ਪਾਸੇ, ਸੁਖਬੀਰ ਸਿੰਘ ਬਾਦਲ ਨੇ ਇੱਕ ਸਥਾਨਕ ਅਜ਼ਾਦ ਗਰੁੱਪ ਨਾਲ ਹੱਥ ਮਿਲਾਇਆ—ਜਿਸ ਨੇ ਪੰਚਾਇਤ ਚੋਣਾਂ ਵਿੱਚ ਤਾਕਤ ਦਿਖਾਈ ਸੀ—ਅਤੇ ਉਨ੍ਹਾਂ ਦੀ ਪਸੰਦ ਦੇ ਉਮੀਦਵਾਰ ਨੂੰ ਟਿਕਟ ਦਿੱਤੀ, ਫ਼ਿਰ ਆਪਣੀਆਂ ਰਣਨੀਤਕ ਤਾਕਤਾਂ ਨੂੰ ਉਨ੍ਹਾਂ ਨਾਲ ਜੋੜ ਕੇ ਬਹੁਤ ਸੁਯੋਜਿਤ ਮੁਹਿੰਮ ਚਲਾਈ।

(ਬਾਕੀ ਸਫ਼ਾ 26 'ਤੇ)



## ਪੰਥ ਦੀ ਸਿਆਸੀ ਪਰਿਭਾਸ਼ਾ ਕੀ ਹੈ ?

ਪੰਥ ਦਾ ਅਸਲ ਅਰਥ ਪੰਜਾਬ ਹੈ - ਇੱਕ ਅਜਿਹਾ ਪੰਜਾਬ ਜੋ ਸਭ ਪੰਜਾਬੀਆਂ ਨੂੰ ਆਪਣਾ ਮੰਨੇ ਅਤੇ 'ਸਰਬੱਤ ਦਾ ਭਲਾ' ਵਾਲੀ ਸਿਆਸਤ ਕਰੇ। ਵਾਰਿਸ ਪੰਜਾਬ ਨੇ ਇਸ ਨੂੰ ਅਜੇ ਤੱਕ ਪ੍ਰਮੋਟ ਨਹੀਂ ਕੀਤਾ। ਦਬੇ-ਕੁਚਲੇ ਭਾਈਚਾਰਿਆਂ ਨੂੰ ਨਾਲ ਲੈਣਾ ਪਵੇਗਾ। ਪੰਜਾਬ ਦੀ ਪੰਥਕ ਸਿਆਸਤ ਪੰਜਾਬ ਦੇ ਅਸਲ ਮੁੱਦਿਆਂ - ਖੇਤੀਬਾੜੀ, ਆਰਥਿਕ ਵਿਕਾਸ, ਬੇਰੁਜ਼ਗਾਰੀ,ਨਸ਼ਿਆਂ ਵਿਰੋਧੀ ਮੁਹਿੰਮ ,ਵਾਤਾਵਰਨ ,ਪੰਜਾਬ ਦੀ ਖੁਦਮੁਖਤਿਆਰੀ - ਤੇ ਖੜ੍ਹੀ ਹੋਵੇਗੀ ਜਿਸ ਤੋਂ ਸਾਰੀਆਂ ਰਾਜਨੀਤਕ ਪਾਰਟੀਆਂ ਭਗੌੜੀਆਂ ਹਨ। ਨੌਜਵਾਨ ਲੀਡਰਸ਼ਿਪ ਨੂੰ ਬਜ਼ੁਰਗ ਸਿਆਣਿਆਂ ਦੇ ਸਹਿਯੋਗ ਨਾਲ ਅੱਗੇ ਵਧਾਉਣਾ ਪਵੇਗਾ।

ਨਵੇਂ ਅਕਾਲੀ ਦਲ ਨਾਲ ਏਕਤਾ ਕਰਨੀ ਹੋਵੇਗੀ, ਪਰ ਦਾਗੀ ਲੀਡਰਾਂ ਨੂੰ ਅਹੁਦੇ ਦੇਣ ਤੋਂ ਗੁਰੇਜ਼ ਕਰਨਾ ਪਵੇਗਾ। ਪੰਜਾਬ ਪੱਖੀ ਏਜੰਡਾ ਪ੍ਰਮੋਟ ਕਰੋ -ਵੱਖ ਵੱਖ ਮਾਹਿਰ ਬੁੱਧੀਜੀਵੀਆਂ ਨਾਲ 'ਟੇਬਲ ਟਾਕ' ਕਰੋ। ਪੰਜਾਬ ਦਾ ਖੁਦਮੁਖਤਿਆਰੀ ਰਾਜਨੀਤਕ ਏਜੰਡਾ ਆਰਥਿਕ ਅਤੇ ਖੇਤੀਬਾੜੀ ਏਜੰਡਾ ਸਾਹਮਣੇ ਲਿਆਓ। ਬਸਪਾ ਨਾਲ ਗਠਜੋੜ ਕਰਕੇ ਲੋਕ ਪੱਖੀ ਸਿਆਸਤ ਬਣਾਓ। ਪੰਜਾਬੀ ਹਿੰਦੂ ਭਾਈਚਾਰੇ ਨੂੰ ਸ਼ਾਮਲ ਕਰੋ, ਖਾਸ ਕਰਕੇ ਰੰਘਰੇਟਿਆਂ ਨੂੰ ਮਾਣ ਦਿਓ। ਜੱਟ-ਰੰਘਰੇਟਾ ਵਿਵਾਦ ਖਤਮ ਕਰੋ, ਕਿਉਂਕਿ ਇਹ ਸਿੱਖ ਰਾਜਨੀਤੀ ਲਈ ਖਤਰਨਾਕ ਹੈ। ਆਪਣੀ ਬੋਧਿਕ ,ਗਿਆਨਵਾਨ,ਇਮਾਨਦਾਰ ਲੀਡਰਸ਼ਿਪ ਸਿਰਜੋ। ਇਹ ਸਾਰੇ ਕਦਮ ਭਵਿੱਖ ਵਿੱਚ ਜਿੱਤ ਦਾ ਰਾਹ ਖੋਲ੍ਹਣਗੇ।

**ਕੀ ਬਾਦਲ ਦਲ ਸਿਆਸਤ ਵਿੱਚ ਉਭਰ ਸਕੇਗਾ ?**

ਬਾਦਲ ਦਲ ਦੀ ਤਰਨਤਾਰਨ ਵਿੱਚ ਜਿੱਤ ਦਾ ਕਾਰਨ ਮਜਬੂਤ ਉਮੀਦਵਾਰ ਸੀ। ਪਰ ਅਜੇ ਤੱਕ ਬਾਦਲ ਦਲ ਨੇ ਪੰਜਾਬ ਪੱਖੀ ਏਜੰਡੇ ਤੇ ਨੀਤੀਆਂ ਵਿੱਚ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ। ਮੌਕਾਪ੍ਰਸਤ ਲੀਡਰਸ਼ਿਪ ਦੇ ਸਿਰ ਉੱਪਰ ਉਹ ਪੰਜਾਬ ਵਿੱਚ ਸਿਆਸੀ ਭਵਿੱਖ ਨਹੀਂ ਸਿਰਜ ਸਕਦੇ। ਉਹਨਾਂ ਨੂੰ ਅਨੰਦਪੁਰ ਮਤੇ ਅਰਥਾਤ ਪੰਜਾਬ ਦੀ ਖੁਦਮੁਖਤਿਆਰੀ ਵੱਲ ਦੁਬਾਰਾ ਜਾਣਾ ਪਵੇਗਾ।ਕੇਂਦਰੀ ਪਾਰਟੀਆਂ ਨਾਲ ਗਠਜੋੜ ਕਰਨ ਦੀ ਥਾਂ ਪੰਥਕ ਗਠਜੋੜ ਦਾ ਮੋਰਚਾ ਬਣਾਉਣਾ ਪਵੇਗਾ। ਦਲਿਤਾਂ ਨਾਲ ਸਾਂਝ ਬਨਾਉਣ ਲਈ ਬਸਪਾ ਨਾਲ ਸਾਂਝ ਵਧਾਉਣੀ ਪਵੇਗੀ। ਮੋਰਚਾ ਰਾਜਨੀਤੀ ਨੂੰ ਅਪਨਾਉਣਾ ਪਵੇਗਾ ਜੋ ਅਕਾਲੀ ਦਲ ਦੀ ਰਾਜਨੀਤਕ ਤਾਕਤ ਸੀ। ਸ਼੍ਰੋਮਣੀ ਕਮੇਟੀ ਨੂੰ ਪੰਥਕ ਪ੍ਰਚਾਰ ਲਈ ਨਵੀਆਂ ਯੋਜਨਾਵਾਂ ਘੜਨੀਆਂ ਪੈਣਗੀਆਂ।

(ਬਾਕੀ ਸਫ਼ਾ 26 'ਤੇ)

## 'ਆਪ' ਪਾਰਟੀ, ਬਾਦਲ ਦਲ ਤੇ ਬਾਕੀ ਸਿਆਸੀ ਧਿਰਾਂ ਦੀ ਭਵਿੱਖ ਦੀ ਰਾਜਨੀਤੀ ਬਾਰੇ ਅਹਿਮ ਸੁਆਲ ?

ਤਰਨਤਾਰਨ ਇਲੈਕਸ਼ਨ ਵਿੱਚ ਕਿਸ ਦੀ ਜਿੱਤ ਹੋਈ ? ਕਿਸਦੀ ਹਾਰ ? ਸਾਰੀਆਂ ਪਾਰਟੀਆਂ ਸਵੈ ਪੜਚੋਲ ਕਰਨ। ਆਮ ਆਦਮੀ ਪਾਰਟੀ ਲਈ ਸਵਾਲ ਖੜਾ ਹੈ ਕਿ 2027 ਵਿੱਚ 117 ਹਰਮੀਤ ਸਿੰਘ ਸੰਧੂ ਕਿੱਥੋਂ ਲਿਆਓਗੇ ? ਜਿਸਦੀ ਪਿੱਠ ਪਿੱਛੇ ਤੁਹਾਡੀਆਂ ਨਾਕਾਮੀਆਂ ਲੁਕ ਸਕਣ। ਸੁਖਬੀਰ ਸਿੰਘ ਬਾਦਲ 117 ਬਾਠ ਕਿੱਥੋਂ ਲਿਆਵੇਗਾ ਜਿਸ ਕੋਲ 41 ਸਰਪੰਚ ਤੇ ਦਰਜਨ ਦੇ ਕਰੀਬ ਐਮ ਸੀ ਹੋਣ। 2027 ਵਿੱਚ ਲੋਕਾਂ ਨੇ ਤੁਹਾਡੀਆਂ ਪੰਜਾਬ ਲਈ ਨੀਤੀਆਂ ਦੇਖਣੀਆਂ ਬਾਕੀ ਨਵੀਆਂ ਪੰਥਕ ਧਿਰਾਂ ਨੂੰ ਵੀ ਇੱਕ ਲੋਕ ਨਾਇਕ ਚਿਹਰਾ ਦੇਣਾ ਪੈਣਾ ਜਿਸ ਦੀ ਇਮਾਨਦਾਰੀ ਤੇ ਮਿਹਨਤ ਤੇ ਵਿਜਨ ਤੋਂ ਲੋਕ ਜਾਣੂ ਹੋਣ। 2017 ਵਿੱਚ ਆਮ ਆਦਮੀ ਪਾਰਟੀ ਦੀ ਹਵਾ 100 ਸੀਟਾਂ ਵਾਲੀ ਸੀ ਪਰ ਕੋਈ ਚਿਹਰਾ ਨਹੀਂ ਦਿੱਤਾ ਗਿਆ ਤੇ ਪਾਰਟੀ 20 ਸੀਟਾਂ 'ਤੇ ਹੀ ਰਹਿ ਗਈ ਸੀ ਬਾਕੀ ਕਾਂਗਰਸ ਦਾ ਪੰਜਾਬ ਵਿੱਚ ਕੰਮ ਔਖਾ ਹੋ ਗਿਆ, ਕਿਉਂਕਿ ਕਾਂਗਰਸ ਦੀ ਰਿਪਲੇਸਮੈਂਟ ਆਮ ਆਦਮੀ ਪਾਰਟੀ ਕਰ ਗਈ ਹੈ। ਕਾਂਗਰਸ ਜਿਨ੍ਹਾਂ ਚਿਰ ਆਪਣੀ ਲੀਡਰਸ਼ਿਪ ਤਬਦੀਲ ਨਹੀਂ ਕਰਦੀ ਓਨਾ ਚਿਰ ਉਹ ਪੰਜਾਬ ਦੀ ਸਿਆਸਤ ਵਿੱਚ ਸਫ਼ਲ ਨਹੀਂ ਹੋ ਸਕਦੀ। ਪ੍ਰਗਟ ਸਿੰਘ , ਚਰਨਜੀਤ ਸਿੰਘ ਚੰਨੀ ਨੂੰ ਅੱਗੇ ਲਿਆਉਣ ਦੀ ਲੋੜ ਹੈ। ਹਾਈਕਮਾਂਡ ਵੀ ਅਜੇ ਤੱਕ ਪੰਜਾਬ ਦੇ ਏਜੰਡੇ ਬਾਰੇ ਧਿਆਨ ਨਹੀਂ ਦੇ ਸਕੀ। ਪੰਜਾਬ ਬਾਰੇ ਉਸ ਨੇ ਅੱਖਾਂ ਮੀਟੀਆਂ ਹੋਈਆਂ ਹਨ। ਰਾਜਾ ਵੜਿੰਗ ਦਾ ਫ਼ਿਨਾਮਨਾ ਪੰਜਾਬ ਵਿੱਚ ਕਦੇ ਕਾਮਯਾਬ ਨਹੀਂ ਹੋਵੇਗਾ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਕਾਂਗਰਸ ਦੀ ਹਾਰ ਦੇ ਮੁੱਖ ਕਾਰਨ ਵਜੋਂ ਮੰਨਿਆ ਜਾ ਰਿਹਾ ਹੈ। ਇਸ ਦਾ ਕਾਰਨ ਹੈ ਰਾਜਾ ਵੜਿੰਗ ਦਾ ਬੜਬੋਲਾ ਸੁਭਾਅ। ਤਰਨਤਾਰਨ 'ਚ ਚੋਣ ਪ੍ਰਚਾਰ ਦੌਰਾਨ ਰਾਜਾ ਵੜਿੰਗ ਦੀ ਬਿਆਨਬਾਜ਼ੀ ਨੇ ਪਾਰਟੀ ਲਈ ਸਮੱਸਿਆ ਖੜ੍ਹੀ ਕੀਤੀ। ਉਨ੍ਹਾਂ ਨੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ 'ਤੇ ਇਤਰਾਜ਼ਯੋਗ ਟਿੱਪਣੀ ਕੀਤੀ ਅਤੇ ਇਸ ਤੋਂ ਇਲਾਵਾ 2 ਸਿੱਖ ਬੱਚਿਆਂ ਦੇ ਜੂੜਿਆਂ ਨਾਲ ਛੇੜਖਾਨੀ ਕਰਕੇ ਵਿਅੰਗ ਕੱਸਿਆ, ਜਿਸ ਤੋਂ ਬਾਅਦ ਲੋਕਾਂ ਨੂੰ ਇਹ ਗੱਲ ਚੰਗੀ ਨਹੀਂ ਲੱਗੀ, ਜਿਸ ਦਾ ਨਤੀਜਾ ਇਸ ਚੋਣ ਦੌਰਾਨ ਪਾਰਟੀ ਨੂੰ ਭੁਗਤਣਾ ਪਿਆ

ਸਿਆਸੀ ਮਾਹਿਰ ਇਕਬਾਲ ਸਿੰਘ ਮੋਹਾਲੀ ਦਾ ਕਹਿਣਾ ਹੈ ਕਿ 2022 ਵਿੱਚ ਆਮ ਆਦਮੀ ਪਾਰਟੀ ਪੰਥਕ ਵੋਟ ਦੇ ਸਿਰ 'ਤੇ ਸਰਕਾਰ ਬਣਾ ਗਈ ਸੀ ਹੁਣ ਪੰਥਕ ਵੋਟ ਵਾਪਿਸ ਹੋ ਚੁੱਕੀ ਹੈ ਜੋ ਥੋੜੀ ਬਹੁਤ ਬਚੀ ਹੈ ਉਹ 2027 ਵਿੱਚ ਵਾਪਿਸ ਹੋ ਜਾਵੇਗੀ । ਤਰਨਤਾਰਨ ਇਲੈਕਸ਼ਨ ਵਿੱਚ ਆਮ ਆਦਮੀ ਪਾਰਟੀ ਨੇ ਵੱਡਾ ਖੋਰਾ ਕਾਂਗਰਸ ਨੂੰ ਲਗਾਇਆ ਇਸ ਕਰਕੇ ਕਾਂਗਰਸ ਦੀ ਜਮਾਨਤ ਜ਼ਬਤ ਹੋਈ ਹੈ।ਕੁਝ ਆਮ ਆਦਮੀ ਪਾਰਟੀ ਨੂੰ ਰਾਜਾ ਵੜਿੰਗ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ ਜੋ ਕਾਂਗਰਸ ਨੂੰ ਵੱਡਾ ਨੁਕਸਾਨ ਕਰ ਗਿਆ। ਬੀਜੇਪੀ ਲਈ ਖੋਣ ਲਈ ਕੁਝ ਨਹੀਂ ਸੀ ਪਰ ਪੰਥਕ ਵੋਟ ਦਾ ਦੂਜੇ ਤੇ ਤੀਜੇ ਨੰਬਰ 'ਤੇ ਰਹਿਣਾ ਲੋਕਾਂ ਦਾ ਰੁਝਾਨ ਪੰਥ ਵੱਲ ਮੁੜਿਆ ਹੈ ਜੋ ਚੰਗਾ ਸੰਦੇਸ਼ ਹੈ। ਇਹ ਪੰਥਕ ਵੋਟ 2027 ਵਿੱਚ ਇਕੱਠੀ ਦਿਖੇਗੀ ਜੇ ਇੱਕ ਪੰਥ ਪਰਵਾਣਿਤ ਚਿਹਰਾ ਅੱਗੇ ਆ ਗਿਆ । ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮਸਲਿਆਂ ਦਾ ਹੱਲ ਕੱਢਣ ਵਾਲੀ ਕੋਈ ਧਿਰ ਜ਼ਰੂਰ ਉਠੇਗੀ।

# ਕੈਲੀ.ਫੋਰਨੀਆ ਵਿੱਚ 17 ਹਜ਼ਾਰ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੰਸ ਰੱਦ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਕੈਲੀਫ਼ੋਰਨੀਆ ਵਿੱਚ 17000 ਕਮਰਸ਼ੀਅਲ ਵਾਹਣਾਂ ਦੇ ਪ੍ਰਵਾਸੀ ਡਰਾਈਵਰਾਂ ਦੇ ਲਾਇਸੰਸ ਰੱਦ ਕੀਤੇ ਜਾ ਰਹੇ ਹਨ। ਯੂ. ਐਸ. ਸਟੇਟ ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਲਾਇਸੰਸਾਂ ਦੀ ਮਿਆਦ ਖਤਮ ਹੋਣ ਕਾਰਨ ਕੀਤੀ ਜਾ ਰਹੀ ਹੈ। ਦੂਸਰੇ ਸ਼ਬਦਾਂ ਵਿੱਚ ਇਨ੍ਹਾਂ ਪ੍ਰਵਾਸੀਆਂ ਨੂੰ ਦੁਬਾਰਾ ਲਾਇਸੰਸ ਜਾਰੀ ਨਹੀਂ ਕੀਤੇ ਜਾਣਗੇ। ਇਨ੍ਹਾਂ ਡਰਾਈਵਰਾਂ ਵਿੱਚ ਵੱਡੀ ਗਿਣਤੀ ਭਾਰਤੀ ਖਾਸ ਕਰਕੇ ਪੰਜਾਬੀ ਡਰਾਈਵਰਾਂ ਦੀ ਹੈ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੁਆਰਾ ਕੈਲੀਫ਼ੋਰਨੀਆ ਤੇ ਹੋਰ ਰਾਜਾਂ ਵੱਲੋਂ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਲੋਕਾਂ ਨੂੰ ਲਾਇਸੰਸ ਜਾਰੀ ਕਰਨ ਦੀ ਸਖਤ ਨਿੰਦਾ ਕਰਨ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਲਾਇਸੰਸ ਜਾਰੀ ਕਰਨ ਦਾ ਮੁੱਦਾ ਅਗਸਤ ਵਿੱਚ ਆਮ ਲੋਕਾਂ ਵਿੱਚ ਉਸ ਵੇਲੇ ਚਰਚਾ ਦਾ ਕੇਂਦਰ ਬਣਿਆ ਸੀ, ਜਦੋਂ ਫ਼ਲੋਰਿਡਾ ਵਿੱਚ ਇੱਕ ਪੰਜਾਬੀ ਸਿੱਖ ਡਰਾਈਵਰ ਨੇ ਗਲਤ ਮੋੜ ਕਟਦਿਆਂ ਹਾਦਸਾ ਕਰ ਦਿੱਤਾ ਸੀ, ਜਿਸ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਗਈ ਸੀ। ਟਰਾਂਸਪੋਰਟੇਸ਼ਨ ਸਕੱਤਰ ਸੀਨ ਡੱਫ਼ੀ ਨੇ ਕਿਹਾ ਹੈ ਕਿ ਕੈਲੀਫ਼ੋਰਨੀਆ

ਵੱਲੋਂ ਲਾਇਸੰਸ ਰੱਦ ਕਰਨ ਦੀ ਕਾਰਵਾਈ ਤੋਂ ਸਾਫ਼ ਹੈ ਕਿ ਗਲਤੀ ਮੰਨ ਲਈ ਗਈ ਹੈ ਕਿ ਰਾਜ ਨੇ ਠੀਕ ਢੰਗ ਤਰੀਕੇ ਨਾਲ ਲਾਇਸੰਸ ਜਾਰੀ ਨਹੀਂ ਕੀਤੇ ਹਾਲਾਂ ਕਿ ਰਾਜ ਪਹਿਲਾਂ ਆਪਣੇ ਲਾਇਸੰਸ ਜਾਰੀ ਕਰਨ ਦੇ ਮਾਪਦੰਡਾਂ ਨੂੰ ਉਚਿੱਤ ਠਹਿਰਾਉਂਦਾ ਰਿਹਾ ਹੈ। ਡੱਫ਼ੀ ਵੱਲੋਂ ਚਿੰਤਾ ਪ੍ਰਗਟਾਉਣ ਉਪਰੰਤ ਕੈਲੀਫ਼ੋਰਨੀਆ ਨੇ ਕਮਰਸ਼ੀਅਲ ਡਰਾਈਵਰਾਂ ਨੂੰ ਜਾਰੀ ਕੀਤੇ ਲਾਇਸੰਸ ਉੱਪਰ ਮੁੜ ਵਿਚਾਰ ਕਰਨ ਦਾ ਫ਼ੈਸਲਾ ਕੀਤਾ ਸੀ। ਡੱਫ਼ੀ ਨੇ ਕਿਹਾ ਕਿ ਗਵਰਨਰ ਗੈਵਿਨ ਨਿਓਸੋਮ ਤੇ ਕੈਲੀਫ਼ੋਰੀਨਆ ਦਾ ਝੂਠ ਫ਼ੜਿਆ ਗਿਆ ਹੈ। 'ਕੁਝ ਵੀ ਗਲਤ ਨਹੀਂ ਕੀਤਾ' ਦਾ ਦਾਅਵਾ ਕਰਨ ਦੇ ਹ.ਫ਼ਤਿਆਂ ਬਾਅਦ ਉਹ ਰੰਗੇ ਹੱਥੀਂ ਫੜੇ ਗਏ ਹਨ ਕਿਉਂਕਿ ਹੁਣ ਉਨ੍ਹਾਂ ਨੇ ਏਨੀ ਵੱਡੀ ਗਿਣਤੀ ਵਿੱਚ ਲਾਇਸੰਸ ਰੱਦ ਕਰਨ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਅਜੇ ਕੇਵਲ ਸ਼ੁਰੂਆਤ ਹੈ, ਉਹ ਹਰ ਗ਼ੈਰ ਕਾਨੂੰਨੀ ਪ੍ਰਵਾਸੀ ਦਾ ਲਾਇਸੰਸ ਰੱਦ ਹੋਣ ਤੱਕ ਕੈਲੀਫ਼ੋਰਨੀਆ ਉੱਪਰ ਨਿਰੰਤਰ ਦਬਾਅ ਪਾਉਂਦੇ ਰਹਿਣਗੇ। ਇਸ ਦਰਮਿਆਨ ਨਿਊਸੋਮ ਦੇ ਦਫ਼ਤਰ ਨੇ ਕਿਹਾ ਹੈ ਕਿ ਹਰੇਕ ਡਰਾਈਵਰ, ਜਿਸ ਦਾ ਲਾਇਸੰਸ ਰੱਦ ਕੀਤਾ ਜਾ ਰਿਹਾ ਹੈ, ਨੂੰ ਸੰਘੀ ਸਰਕਾਰ ਵੱਲੋਂ ਕੰਮ ਕਰਨ ਦੀ ਯੋਗ ਪ੍ਰਵਾਨਗੀ ਦਿੱਤੀ ਗਈ ਹੈ।

# ਉੱਤਰੀ ਕੈਰੋਲੀਨਾ ਵਿੱਚ ਪ੍ਰਵਾਸੀਆਂ ਨੂੰ ਫੜਨ ਲਈ ਛਾਪੇਮਾਰੀ ਕਾਰਨ ਸਹਿਮ ਦਾ ਮਾਹੌਲ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਉੱਤਰੀ ਕੈਰੋਲੀਨਾ ਦੇ ਸਭ ਤੋਂ ਵੱਡੇ ਸ਼ਹਿਰ ਚਾਰਲੋਟੇ ਵਿੱਚ ਇਮੀਗ੍ਰੇਸ਼ਨ ਇਨਫੋਰਸਮੈਂਟ ਵੱਲੋਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਕਾਰੋਬਾਰੀ ਅਦਾਰਿਆਂ ਉੱਪਰ ਮਾਰੇ ਜਾ ਰਹੇ ਛਾਪਿਆਂ ਕਾਰਨ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਹੈ।

ਛਾਪੇਮਾਰੀ ਕਾਰਨ ਕਈ ਕਾਰੋਬਾਰੀ ਅਦਾਰੇ ਬੰਦ ਹੋ ਗਏ ਹਨ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਬਹੁਤ ਸਾਰੇ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਹੈ।

ਅਸਿਸਟੈਂਟ ਹੋਮਲੈਂਡ ਸਿਕਿਉਰਿਟੀ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਮਰੀਕੀ ਲੋਕ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਹਿੰਸਾ ਤੋਂ ਮੁਕਤ ਹੋਣੇ ਚਾਹੀਦੇ ਹਨ। ਗ਼ੈਰ ਕਾਨੂੰਨੀ ਪ੍ਰਵਾਸੀ ਅਮਰੀਕੀਆਂ ਦੇ ਦੁੱਖਾਂ ਦਾ ਕਾਰਨ ਹਨ, ਉਹ ਹਰ ਹਾਲਤ ਵਿੱਚ ਦੇਸ਼ ਵਿਚੋਂ ਬਾਹਰ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਚਾਰਲੋਟੇ ਵਿੱਚ ਡੀ. ਐਚ. ਐਸ. ਲਾਅ (ਬਾਕੀ ਸਫ਼ਾ 27 'ਤੇ)

# ਟਰੰਪ ਵੱਲੋਂ ਪ੍ਰਮਾਣੂ ਹਥਿਆਰਾਂ ਦੀ ਜਾਂਚ ਕਰਨ ਦਾ ਐਲਾਨ



ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਦੂਜੇ ਦੇਸ਼ਾਂ ਵਾਂਗ ਪ੍ਰਮਾਣੂ ਹਥਿਆਰਾਂ ਦੀ ਜਾਂਚ ਕਰੇਗਾ, ਪਰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਯੋਜਨਾਵਾਂ ਵਿੱਚ ਪ੍ਰਮਾਣੂ ਹਥਿਆਰਾਂ ਨੂੰ ਵਿਸਫੋਟ ਕਰਨਾ ਸ਼ਾਮਲ ਹੈ ਜਾਂ ਨਹੀਂ। ਟਰੰਪ ਨੇ ਏਅਰ ਫੋਰਸ ਵਨ 'ਤੇ ਫਲੋਰੀਡਾ ਲਈ ਵੀਕੈਂਡ 'ਤੇ ਯਾਤਰਾ ਕਰਦੇ ਹੋਏ ਕਿਹਾ, 'ਮੈਂ ਤੁਹਾਨੂੰ ਇਸ ਬਾਰੇ ਦੱਸਣਾ ਨਹੀਂ ਚਾਹੁੰਦਾ, ਪਰ ਅਸੀਂ ਦੂਜੇ ਦੇਸ਼ਾਂ ਵਾਂਗ ਪ੍ਰਮਾਣੂ ਜਾਂਚ ਕਰਾਂਗੇ।'

ਟਰੰਪ ਨੇ ਪਿਛਲੇ ਮਹੀਨੇ ਅਮਰੀਕੀ ਫੌਜ ਨੂੰ 33 ਸਾਲਾਂ ਬਾਅਦ ਪ੍ਰਮਾਣੂ ਹਥਿਆਰਾਂ ਦੀ ਜਾਂਚ ਦੀ ਪ੍ਰਕਿਰਿਆ ਨੂੰ ਤੁਰੰਤ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਦੱਖਣੀ ਕੋਰੀਆ ਦੇ ਬੁਸਾਨ ਵਿੱਚ ਇੱਕ ਵਪਾਰਕ-ਗੱਲਬਾਤ ਸੈਸ਼ਨ ਲਈ ਮਿਲਣ ਲਈ ਆਪਣੀ ਮਰੀਨ ਵਨ ਹੈਲੀਕਾਪਟਰ ਵਿੱਚ ਉਡਾਣ ਭਰਦੇ ਹੋਏ, ਟਰੂਥ ਸੋਸ਼ਲ 'ਤੇ ਹੈਰਾਨੀਜਨਕ ਐਲਾਨ ਕੀਤਾ ਸੀ।

# ਇਮੀਗ੍ਰੇਸ਼ਨ ਇਨ.ਫੋਰਸਮੈਂਟ ਵੱਲੋਂ ਗ੍ਰਿ.ਫ਼ਤਾਰ ਸੈਂਕੜੇ ਪ੍ਰਵਾਸੀਆਂ ਦੀ ਰਿਹਾਈ ਸੰਭਵ

ਸ਼ਿਕਾਗੋ/ਹੁਸਨ ਲੜੋਆ ਬੰਗਾ : ਇੱਕ ਸੰਘੀ ਜੱਜ ਨੇ ਕਿਹਾ ਹੈ ਕਿ ਇਲੀਨੋਇਸ ਤੋਂ ਇਮੀਗ੍ਰੇਸ਼ਨ ਇਨਫ਼ੋਰਸਮੈਂਟ ਦੁਆਰਾ ਗ੍ਰਿਫ਼ਤਾਰ ਸੈਂਕੜੇ ਪ੍ਰਵਾਸੀਆਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹਾ ਨਹੀਂ ਲੱਗਦਾ ਕਿ ਉਹ ਡਰੱਗ ਤਸਕਰ ਹਨ ਜਾਂ ਗੈਂਗਸਟਰ ਹਨ। ਸ਼ਿਕਾਗੋ ਦੀ ਸੰਘੀ ਅਦਾਲਤ ਵਿੱਚ ਯੂ. ਐਸ. ਡਿਸਟ੍ਰਿਕਟ ਜੱਜ ਜੈਫ਼ਰੀ ਕਮਿੰਗਜ ਨੇ ਦਾਇਰ ਇੱਕ ਪਟੀਸ਼ਨ ਜਿਸ ਵਿੱਚ ਕਿਹਾ ਗਿਆ ਹੈ ਕਿ ਗ੍ਰਿਫ਼ਤਾਰੀਆਂ ਗੈਰ ਕਾਨੂੰਨੀ ਹਨ, 'ਤੇ ਸੁਣਵਾਈ ਕਰਦਿਆਂ ਜ਼ੁਬਾਨੀ ਆਦੇਸ਼ ਵਿੱਚ ਪ੍ਰਵਾਸੀਆਂ ਦੀ ਰਿਹਾਈ ਦਾ ਆਦੇਸ਼ ਦਿੱਤਾ ਹੈ। ਜੱਜ ਦਾ ਆਦੇਸ਼ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੇ ਅਪਰੇਸ਼ਨ ਮਿਡਵੇਅ ਬਲਿਟਜ਼ ਜਿਸ ਤਹਿਤ ਇਮੀਗ੍ਰੇਸ਼ਨ ਇਨਫ਼ੋਰਸਮੈਂਟ ਦੇ ਛਾਪਿਆਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਦੇ ਦੋ ਮਹੀਨੇ ਬਾਅਦ ਆਇਆ ਹੈ। ਜਿਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ ਬਿਨਾਂ ਵਾਰੰਟ ਕੀਤੀ ਗਈ ਹੈ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇਗਾ। ਘੱਟੋ ਘੱਟ 13 ਵਿਅਕਤੀਆਂ ਦੀ ਰਿਹਾਈ ਇੱਕ ਦੋ ਦਿਨਾਂ ਵਿੱਚ ਸੰਭਵ ਹੈ। ਗ੍ਰਿਫ਼ਤਾਰ ਲੋਕਾਂ ਦੇ ਵਕੀਲਾਂ ਅਨੁਸਾਰ ਕੁਲ 600 ਲੋਕਾਂ ਜਿਨ੍ਹਾਂ ਵਿੱਚ ਵਧੇਰੇ ਪ੍ਰਵਾਸੀ ਹਨ, ਦੀ ਰਿਹਾਈ ਹੋ ਸਕਦੀ ਹੈ।

# ਅਮਰੀਕਾ ਨੇ ਸਭ ਤੋਂ ਛੋਟੀ ਕਰੰਸੀ 'ਪੈਨੀ' ਨੂੰ ਕੀਤਾ ਬੰਦ




ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਕਰੰਸੀ ਦੀ ਸਭ ਤੋਂ ਛੋਟੀ ਇਕਾਈ ਪੈਨੀ ਨੂੰ ਅਧਿਕਾਰਤ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ 232 ਸਾਲ ਪੁਰਾਣੀ ਇਹ ਕਰੰਸੀ ਹੁਣ ਇਤਿਹਾਸ ਬਣ ਗਈ ਹੈ। ਇਹ ਕਰੰਸੀ ਭਾਰਤੀ ਪੈਸੇ ਵਾਂਗ ਸੀ। ਜਿਸ ਤਰ੍ਹਾਂ 100 ਪੈਸਿਆਂ ਨਾਲ ਇੱਕ ਰੁਪਿਆ ਬਣਦਾ ਹੈ, ਉਸੇ ਤਰ੍ਹਾਂ 100 ਪੈਨੀ ਨਾਲ ਇੱਕ ਡਾਲਰ ਬਣਦਾ ਹੈ।

ਅਮਰੀਕੀ ਵਿੱਤ ਵਿਭਾਗ ਨੇ ਦੱਸਿਆ ਕਿ ਪੈਨੀ ਨੂੰ ਖਤਮ ਕਰਨ ਦਾ ਕਾਰਨ ਇਸ ਦੀ ਵੈਲਿਊ ਘੱਟ ਹੋਣਾ ਹੈ। ਹੁਣ ਇਸ ਸਿੱਕੇ ਨਾਲ ਕੁਝ ਵੀ ਖਰੀਦਿਆ ਨਹੀਂ ਜਾ ਸਕਦਾ ਸੀ, ਇੱਥੋਂ ਤੱਕ ਕਿ ਟਾਫੀ ਵੀ ਨਹੀਂ। ਉਥੇ ਹੀ ਇੱਕ ਪੈਨੀ ਬਣਾਉਣ 'ਚ ਹੁਣ 3 ਸੈਂਟ ਤੋਂ ਵੱਧ ਲਾਗਤ ਆ ਰਹੀ ਸੀ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਵਰੀ 2025 'ਚ ਇਸ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ। ਇਕ ਪੈਨੀ ਬਣਾਉਣ 'ਚ ਲੱਗਭਗ 3.69 ਸੈਂਟ (3 ਰੁਪਏ) ਦਾ ਖਰਚ ਆਉਂਦਾ ਹੈ, ਜਦੋਂ ਕਿ ਉਸਦੀ ਵੈਲਿਊ ਸਿਰਫ 1 ਸੈਂਟ (0.84 ਰੁਪਏ) ਹੈ। 2023 'ਚ 4.5 ਅਰਬ ਪੈਨੀ ਬਣਾਉਣ 'ਤੇ ਟੈਕਸਦਾਤਿਆਂ ਨੂੰ 179 ਮਿਲੀਅਨ ਡਾਲਰ ( 1,500 ਕਰੋੜ) ਦਾ ਨੁਕਸਾਨ ਹੋਵੇਗਾ। ਅਮਰੀਕਾ 'ਚ ਲੱਗਭਗ 250 ਅਰਬ ਪੈਨੀ ਅਜੇ ਵੀ ਚਲਨ 'ਚ ਹਨ। ਇਨ੍ਹਾਂ ਨੂੰ ਹੌਲੀ-ਹੌਲੀ ਬੰਦ ਕਰ ਦਿੱਤਾ ਜਾਵੇਗਾ।

# ਬੀ.ਬੀ.ਸੀ.ਨੇ ਰਾਸ਼ਟਰਪਤੀ ਟਰੰਪ ਕੋਲੋਂ ਲਿਖਤੀ ਮੁਆ.ਫ਼ੀ ਮੰਗੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇੱਕ ਦਸਤਾਵੇਜ਼ੀ ਪ੍ਰਸਾਰਨ ਵਿੱਚ 6 ਜਨਵਰੀ 2021 ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਿੱਤੇ ਭਾਸ਼ਣ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੇ ਮਾਮਲੇ ਵਿੱਚ ਬੀ. ਬੀ. ਸੀ. ਨੇ ਲਿਖਤੀ ਰੂਪ ਵਿੱਚ ਮੁਆ.ਫ਼ੀ ਮੰਗੀ ਹੈ। ਟਰੰਪ ਦੇ ਵਕੀਲਾਂ ਅਨੁਸਾਰ ਇਹ ਦਸਤਾਵੇਜੀ ਪ੍ਰਸਾਰਣ ਝੂਠਾ ਤੇ ਅਪਮਾਨ ਕਰਨ ਵਾਲਾ ਸੀ। ਬੀ. ਬੀ. ਸੀ. ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਪਿਛਲੇ ਦਿਨੀਂ ਮਿਲੇ ਇੱਕ ਪੱਤਰ ਦੇ ਜਵਾਬ ਵਿੱਚ ਟਰੰਪ ਦੀ ਲੀਗਲ ਟੀਮ ਨੂੰ ਮੁਆ.ਫ਼ੀਨਾਮਾ ਭੇਜਿਆ ਗਿਆ ਹੈ।

ਬੀ. ਬੀ. ਸੀ. ਮੁਖੀ ਸਮੀਰ ਸ਼ਾਹ ਨੇ ਵਾਈਟ ਹਾਊਸ ਨੂੰ ਲਿਖੇ ਇੱਕ ਵੱਖਰੇ ਨਿੱਜੀ ਪੱਤਰ ਵਿੱਚ ਰਾਸ਼ਟਰਪਤੀ ਟਰੰਪ ਨੂੰ ਸਪਸ਼ਟ ਕੀਤਾ ਹੈ ਕਿ ਉਹ ਤੇ ਕਾਰਪੋਰੇਸ਼ਨ ਉਨ੍ਹਾਂ ਦੇ 6 ਜਨਵਰੀ 22021 ਦੇ ਭਾਸ਼ਣ ਵਿੱਚ ਕੀਤੀ ਤਬਦੀਲੀ ਲਈ ਮੁਆ.ਫ਼ੀ ਮੰਗਦੇ ਹਨ। ਬੁਲਾਰੇ ਨੇ ਦਸਤਾਵੇਜੀ ਪ੍ਰਸਾਰਣ ਅਪਮਾਨਜਨਕ ਹੋਣ ਦੀ ਦਲੀਲ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਸ ਦਸਤਾਵੇਜ਼ੀ ਨੂੰ ਦੁਬਾਰਾ ਕਿਸੇ ਵੀ ਬੀ. ਬੀ. ਸੀ. ਪਲੇਟ.ਫ਼ਾਰਮ ਉੱਪਰ ਮੁੜ ਪ੍ਰਸਾਰਿਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਮੁਆ.ਫ਼ੀ ਨਾ ਮੰਗਣ 'ਤੇ ਬੀ. ਬੀ. ਸੀ. ਉੱਪਰ 1 ਅਰਬ ਡਾਲਰ ਦਾ ਮਾਣਹਾਨੀ ਦਾਅਵਾ ਕਰਨ ਦੀ ਚਿਤਾਵਨੀ ਦਿੱਤੀ ਸੀ।

# ਭਾਰਤੀ ਮੂਲ ਦੇ ਅਮਰੀਕੀ ਮਾਲਕ ਵਿਰੁੱਧ ਭਾਰਤੀ ਇੰਜੀਨੀਅਰ ਵੱਲੋਂ ਪਟੀਸ਼ਨ, ਐਚ-1 ਬੀ ਵੀਜ਼ਾ ਪ੍ਰਗਰਾਮ ਤਹਿਤ ਸ਼ੋਸ਼ਣ ਤੇ ਭੇਦਭਾਵ ਦੇ ਦੋਸ਼



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਸੈਨਹੋਜੇ ਵਿੱਚ ਇੱਕ ਭਾਰਤੀ ਸਾਫ਼ਟ ਵੇਅਰ ਇੰਜੀਨੀਅਰ ਨੇ ਭਾਰਤੀ ਮੂਲ ਦੇ ਅਮਰੀਕੀ ਮਾਲਕ ਵਿਰੁੱਧ ਦਾਇਰ ਪਟੀਸ਼ਨ ਵਿੱਚ ਐਚ 1 ਬੀ ਵੀਜ਼ਾ ਪ੍ਰਗਰਾਮ ਤਹਿਤ ਸ਼ੋਸ਼ਣ ਤੇ ਜਾਤੀ ਅਧਾਰਤ ਭੇਦਭਾਵ ਕਰਨ ਦੇ ਦੋਸ਼ ਲਾਏ ਹਨ। ਐਚ 1 ਬੀ ਵੀਜ਼ਾ ਵਰਕਰ ਅਮਰੂਤੇਸ਼ ਵਲਭਾਨੇਨੀ ਦੁਆਰਾ ਸਿਰੀ ਸਾਫ਼ਟਵੇਅਰ ਸੋਲੂਸ਼ਨਜ ਤੇ ਇਸ ਦੇ ਮਾਲਕ ਪਵਨ ਟਾਟਾ ਵਿਰੁੱਧ ਦਾਇਰ ਪਟੀਸ਼ਨ ਵਿੱਚ ਬੰਧੂਆ ਮਜ਼ਦੂਰੀ, ਕਿਰਤੀਆਂ ਦੀ ਤਸਕਰੀ ਤੇ ਯੂ. ਐਸ. ਲੇਬਰ ਕਾਨੂੰਨਾਂ ਦੀ ਵਾਰ ਵਾਰ ਉਲੰਘਣਾ ਕਰਨ ਦੇ ਦੋਸ਼ ਲਾਏ ਗਏ ਹਨ। ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਘੱਟ ਅਦਾਇਗੀ ਕੀਤੀ ਗਈ ਤੇ ਕੰਪਨੀ ਗਰੀਨ ਕਾਰਡ ਦਿਵਾਉਣ ਦੇ ਵਾਅਦੇ ਤੋਂ ਮੁੱਕਰ ਗਈ। ਉਸ ਨੂੰ ਇਮੀਗ੍ਰੇਸ਼ਨ ਸਟੇਟਸ ਖਤਮ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਬਰਕਰਾਰ ਰੱਖਣ ਲਈ ਉਸ ਨੂੰ ਕਈ ਮਹੀਨੇ ਆਪਣੀ ਹੀ ਤਨਖਾਹ ਕੰਪਨੀ ਨੂੰ ਦੇਣ ਲਈ ਮਜਬੂਰ ਕੀਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਮਾਨਵਤਾ ਖ਼ਿਲਾਫ਼ ਅਪਰਾਧਾਂ ਲਈ ਵਿਸ਼ੇਸ਼ ਟ੍ਰਿਬਿਊਨਲ ਨੇ ਠਹਿਰਾਇਆ ਦੋਸ਼ੀ

# ਸ਼ੇਖ਼ ਹਸੀਨਾ ਨੂੰ ਸੁਣਾਈ ਮੌਤ ਦੀ ਸਜ਼ਾ



ਢਾਕਾ/ਏ.ਟੀ.ਨਿਊਜ਼: ਬੰਗਲਾਦੇਸ਼ ਦੀ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ (78) ਅਤੇ ਸਾਬਕਾ ਗ੍ਰਹਿ ਮੰਤਰੀ ਅਸਦਉਜ਼ਮਾਨ ਖ਼ਾਨ ਕਮਾਲ ਨੂੰ 'ਮਾਨਵਤਾ ਖ਼ਿਲਾਫ਼ ਅਪਰਾਧਾਂ' ਦਾ ਦੋਸ਼ੀ ਠਹਿਰਾਉਂਦਿਆਂ ਇੱਕ ਵਿਸ਼ੇਸ਼ ਟ੍ਰਿਬਿਊਨਲ ਨੇ ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਮੌਤ ਦੀ ਸਜ਼ਾ ਸੁਣਾਈ ਹੈ। ਇਹ ਫ਼ੈਸਲਾ ਬੰਗਲਾਦੇਸ਼ 'ਚ ਸੰਸਦੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਆਇਆ ਹੈ। ਪਿਛਲੇ ਸਾਲ ਜੁਲਾਈ 'ਚ ਹਸੀਨਾ ਦੀ ਸਰਕਾਰ ਖ਼ਿਲਾਫ਼ ਵਿਦਿਆਰਥੀਆਂ ਦੀ ਅਗਵਾਈ ਹੇਠ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਜ਼ੁਲਮ ਢਾਹੁਣ ਦੇ ਦੋਸ਼ ਲਾਏ ਗਏ ਹਨ।

ਕਈ ਮਹੀਨਿਆਂ ਤੱਕ ਚੱਲੇ ਮੁਕੱਦਮੇ ਮਗਰੋਂ ਆਪਣੇ ਫ਼ੈਸਲੇ 'ਚ ਬੰਗਲਾਦੇਸ਼ ਦੇ ਕੌਮਾਂਤਰੀ ਅਪਰਾਧ ਟ੍ਰਿਬਿਊਨਲ ਨੇ ਅਵਾਮੀ ਲੀਗ ਦੀ ਆਗੂ ਨੂੰ ਹਿੰਸਕ ਦਮਨ ਦਾ ਸਾਜ਼ਿਸ਼ਘਾੜਾ ਅਤੇ ਮੁੱਖ ਸੂਤਰਧਾਰ ਗਰਦਾਨਿਆ ਜਿਸ 'ਚ ਸੈਂਕੜੇ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ। ਪਿਛਲੇ ਵਰ੍ਹੇ 5 ਅਗਸਤ ਨੂੰ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨਾਂ ਮਗਰੋਂ ਸ਼ੇਖ਼ ਹਸੀਨਾ ਭੱਜ ਕੇ ਭਾਰਤ ਆ ਗਈ ਸੀ।

**ਭਾਰਤ 'ਚ ਸ਼ਰਨ ਤੇ ਅਪੀਲ ਲਈ 30 ਦਿਨ ਦਾ ਅਲਟੀਮੇਟਮ**

ਸ਼ੇਖ ਹਸੀਨਾ ਨੂੰ ਵਿਦਿਆਰਥੀ ਅੰਦੋਲਨ ਹਿੰਸਕ ਹੋਣ ਕਾਰਨ 5 ਅਗਸਤ 2024 ਨੂੰ ਬੰਗਲਾਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ ਸੀ ਅਤੇ ਉਨ੍ਹਾਂ ਨੇ ਉਦੋਂ ਤੋਂ ਭਾਰਤ 'ਚ ਸ਼ਰਨ ਲਈ ਹੋਈ ਹੈ। ਤਕਨੀਕੀ ਤੌਰ 'ਤੇ, ਹਸੀਨਾ ਕੋਲ ਆਈ.ਸੀ.ਟੀ.ਦੇ ਫੈਸਲੇ ਵਿਰੁੱਧ ਅਪੀਲ ਕਰਨ ਦਾ ਰਾਹ ਖੁੱਲ੍ਹਾ ਹੈ, ਪਰ ਸ਼ਰਤਾਂ ਬਹੁਤ ਸਖ਼ਤ ਹਨ। ਆਈ.ਸੀ.ਟੀ. ਕਾਨੂੰਨ ਦੀ ਧਾਰਾ 21 ਦੇ ਤਹਿਤ, ਮੌਤ ਦੀ ਸਜ਼ਾ ਪਾਉਣ ਵਾਲੇ ਦੋਸ਼ੀ ਨੂੰ ਫੈਸਲੇ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਜਾਂ ਤਾਂ ਗ੍ਰਿਫ਼ਤਾਰ ਹੋਣਾ ਹੋਵੇਗਾ ਜਾਂ ਅਦਾਲਤ 'ਚ ਆਤਮਸਮਰਪਣ ਕਰਨਾ ਹੋਵੇਗਾ ਤਾਂ ਹੀ ਉਹ ਸੁਪਰੀਮ ਕੋਰਟ ਦੀ ਅਪੀਲੇਟ ਡਿਵੀਜ਼ਨ ਵਿੱਚ ਅਪੀਲ ਦਾਖਲ ਕਰ ਸਕਦੀ ਹੈ। ਅਪੀਲ ਦਾਖਲ ਕਰਨ ਦੀ ਅੰਤਿਮ ਤਾਰੀਖ 17 ਦਸੰਬਰ 2025 ਹੈ।

**ਆਤਮਸਮਰਪਣ ਨਾ ਕਰਨ 'ਤੇ ਖਤਮ ਹੋਵੇਗਾ ਸਿਆਸੀ ਵਜੂਦ**

ਜੇ ਸ਼ੇਖ ਹਸੀਨਾ ਇਸ ਤਾਰੀਖ ਤੱਕ ਬੰਗਲਾਦੇਸ਼ ਦੀ ਕਿਸੇ ਅਦਾਲਤ ਵਿੱਚ ਆਤਮਸਮਰਪਣ ਨਹੀਂ ਕਰਦੀ ਜਾਂ ਗ੍ਰਿਫ਼ਤਾਰੀ ਨਹੀਂ ਦਿੰਦੀ, ਤਾਂ ਉਨ੍ਹਾਂ ਦਾ ਅਪੀਲ ਦਾ ਕਾਨੂੰਨੀ ਅਧਿਕਾਰ ਆਪਣੇ ਆਪ ਖਤਮ ਹੋ ਜਾਵੇਗਾ ਤੇ ਮੌਤ ਦੀ ਸਜ਼ਾ ਅੰਤਿਮ ਮੰਨੀ ਜਾਵੇਗੀ। ਇਸ ਨਾਲ ਨਾ ਸਿਰਫ਼ ਹਸੀਨਾ ਦੀ ਸਿਆਸੀ ਵਾਪਸੀ ਅਸੰਭਵ ਹੋ ਜਾਵੇਗੀ, ਸਗੋਂ ਪੂਰੀ ਅਵਾਮੀ ਲੀਗ 'ਤੇ ਲੱਗਣ ਵਾਲੇ ਸੰਭਾਵੀ ਪਾਬੰਦੀਆਂ ਨੂੰ ਚੁਣੌਤੀ ਦੇਣ ਦਾ ਕਾਨੂੰਨੀ ਰਾਹ ਵੀ ਬੰਦ ਹੋ ਜਾਵੇਗਾ। ਸੁਪਰੀਮ ਕੋਰਟ ਨੂੰ ਅਪੀਲ 'ਤੇ ਵੱਧ ਤੋਂ ਵੱਧ 15 ਫਰਵਰੀ 2026 ਤੱਕ ਫੈਸਲਾ ਸੁਣਾਉਣਾ ਲਾਜ਼ਮੀ ਹੋਵੇਗਾ। ਅਗਲੇ 30 ਦਿਨ ਸ਼ੇਖ ਹਸੀਨਾ ਅਤੇ ਅਵਾਮੀ ਲੀਗ ਦੇ ਰਾਜਨੀਤਿਕ ਹੋਂਦ ਲਈ ਬਹੁਤ ਅਹਿਮ ਮੰਨੇ ਜਾ ਰਹੇ ਹਨ।

### ਸ਼ੇਖ ਹਸੀਨਾ ਤੇ ਉਸਦੇ ਸਹਿਯੋਗੀਆਂ ਵਿਰੁੱਧ ਪੰਜ ਦੋਸ਼

**ਚਾਰਜ ਨੰਬਰ 1** : ਦੋਸ਼ੀਆਂ 'ਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਤਸ਼ੱਦਦ ਦੇ ਦੋਸ਼ ਹਨ। ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਹਸੀਨਾ ਨੇ ਪੁਲਸ ਅਤੇ ਅਵਾਮੀ ਲੀਗ ਨਾਲ ਜੁੜੇ ਹਥਿਆਰਬੰਦ ਆਦਮੀਆਂ ਨੂੰ ਨਾਗਰਿਕਾਂ 'ਤੇ ਹਮਲਾ ਕਰਨ ਲਈ ਉਕਸਾਇਆ, ਹਿੰਸਾ ਨੂੰ ਉਤਸ਼ਾਹਿਤ ਕੀਤਾ ਅਤੇ ਇਸਨੂੰ ਰੋਕਣ 'ਚ ਅਸਫਲ ਰਹੀ।

**ਚਾਰਜ ਨੰਬਰ 2** : ਹਸੀਨਾ ਨੇ ਵਿਦਿਆਰਥੀ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਲਈ ਘਾਤਕ ਹਥਿਆਰਾਂ, ਹੈਲੀਕਾਪਟਰਾਂ ਅਤੇ ਡਰੋਨਾਂ ਦੀ ਵਰਤੋਂ ਦਾ ਹੁਕਮ ਦਿੱਤਾ।

**ਚਾਰਜ ਨੰਬਰ 3** : ਇਹ ਦੋਸ਼ 16 ਜੁਲਾਈ ਨੂੰ ਬੇਗਮ ਰੋਕੀਆ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਅਬੂ ਸਈਦ ਦੇ ਕਤਲ ਨਾਲ ਸਬੰਧਤ ਹੈ। ਦੋਸ਼ 'ਚ ਕਿਹਾ ਗਿਆ ਹੈ ਕਿ ਹਸੀਨਾ ਤੇ ਹੋਰਾਂ ਨੇ ਅਪਰਾਧ ਦਾ ਆਦੇਸ਼ ਦਿੱਤਾ, ਸਾਜ਼ਿਸ਼ ਰਚੀ ਅਤੇ ਇਸ 'ਚ ਹਿੱਸਾ ਲਿਆ।

**ਚਾਰਜ ਨੰਬਰ 4**: 5 ਅਗਸਤ ਨੂੰ ਢਾਕਾ ਦੇ ਚੰਖਰਪੁਲ ਵਿੱਚ ਛੇ ਨਿਹੱਥੇ ਪ੍ਰਦਰਸ਼ਨਕਾਰੀਆਂ ਨੂੰ ਮਾਰ ਦਿੱਤਾ ਗਿਆ। ਇਹ ਵੀ ਦੋਸ਼ ਹੈ ਕਿ ਇਹ ਕਤਲ ਹਸੀਨਾ ਦੇ ਸਿੱਧੇ ਹੁਕਮਾਂ, ਭੜਕਾਉਣ, ਸਹਾਇਤਾ ਕਰਨ ਅਤੇ ਸਾਜ਼ਿਸ਼ ਰਚਣ 'ਤੇ ਹੋਏ ਹਨ।

**ਦੋਸ਼ ਨੰਬਰ 5**: ਇਸ ਦੋਸ਼ 'ਚ ਪੰਜ ਪ੍ਰਦਰਸ਼ਨਕਾਰੀਆਂ ਨੂੰ ਗੋਲੀ ਮਾਰ ਕੇ ਮਾਰਨਾ ਅਤੇ ਇੱਕ ਨੂੰ ਜ਼ਖਮੀ ਕਰਨਾ ਸ਼ਾਮਲ ਹੈ। ਦੋਸ਼ ਹੈ ਕਿ ਮਾਰੇ ਗਏ ਪੰਜਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ ਸੀ ਤੇ ਇੱਕ ਪ੍ਰਦਰਸ਼ਨਕਾਰੀ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ।

### ਫੈਸਲਾ ਪੱਖਪਾਤੀ ਅਤੇ ਸਿਆਸਤ ਤੋਂ ਪ੍ਰੇਰਿਤ : ਸ਼ੇਖ਼ ਹਸੀਨਾ

ਆਪਣੇ ਪ੍ਰਤੀਕਰਮ 'ਚ ਸ਼ੇਖ਼ ਹਸੀਨਾ ਨੇ ਕਿਹਾ ਕਿ ਇਹ ਫ਼ੈਸਲਾ 'ਗ਼ੈਰ-ਅਧਿਕਾਰਤ ਟ੍ਰਿਬਿਊਨਲ ਨੇ ਸੁਣਾਇਆ ਹੈ ਜਿਸ ਦਾ ਗਠਨ ਗ਼ੈਰ-ਚੁਣੀ ਹੋਈ ਸਰਕਾਰ' ਨੇ ਕੀਤਾ, ਜਿਸ ਕੋਲ ਕੋਈ ਜਮਹੂਰੀ ਫਤਵਾ ਨਹੀਂ ਹੈ। ਉਨ੍ਹਾਂ ਕਿਹਾ, "ਉਹ ਪੱਖਪਾਤੀ ਅਤੇ ਸਿਆਸਤ ਤੋਂ ਪ੍ਰੇਰਿਤ ਹਨ। ਮੌਤ ਦੀ ਸਜ਼ਾ ਦੀ ਆਪਣੀ ਮੰਗ 'ਚ ਉਹ ਅੰਤਰਿਮ ਸਰਕਾਰ ਅੰਦਰ ਕੱਟੜਵਾਦੀ ਲੋਕਾਂ ਦੇ ਬੇਸ਼ਰਮ ਅਤੇ ਜਾਨਲੇਵਾ ਇਰਾਦਿਆਂ ਨੂੰ ਉਜਾਗਰ ਕਰਦੇ ਹਨ ਜੋ ਬੰਗਲਾਦੇਸ਼ ਦੀ ਆਖਰੀ ਚੁਣੀ ਹੋਈ ਪ੍ਰਧਾਨ ਮੰਤਰੀ ਨੂੰ ਹਟਾ ਕੇ ਅਵਾਮੀ ਲੀਗ ਨੂੰ ਸਿਆਸੀ ਤਾਕਤ ਵਜੋਂ ਖ਼ਤਮ ਕਰਨਾ ਚਾਹੁੰਦੇ ਹਨ।" ਉਨ੍ਹਾਂ ਅੰਤਰਿਮ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਦੋਸ਼ਾਂ ਨੂੰ ਹੇਗ ਸਥਿਤ ਕੌਮਾਂਤਰੀ ਅਪਰਾਧ ਅਦਾਲਤ 'ਚ ਪੇਸ਼ ਕਰਨ।

### ਬੰਗਲਾਦੇਸ਼ ਦੇ ਲੋਕਾਂ ਦੇ ਸਰਬ ਉੱਤਮ ਹਿੱਤਾਂ ਲਈ ਵਚਨਬੱਧ: ਭਾਰਤ

ਨਵੀਂ ਦਿੱਲੀ: ਬੰਗਲਾਦੇਸ਼ ਵਿੱਚ ਇੱਕ ਵਿਸ਼ੇਸ਼ ਟ੍ਰਿਬਿਊਨਲ ਵੱਲੋਂ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਕੁਝ ਘੰਟਿਆਂ ਬਾਅਦ ਭਾਰਤ ਨੇ ਕਿਹਾ ਕਿ ਉਸ ਨੇ ਇਸ ਫੈਸਲੇ ਨੂੰ ਨੋਟ ਕਰ ਲਿਆ ਹੈ ਅਤੇ ਉਹ ਗੁਆਂਢੀ ਦੇਸ਼ ਵਿੱਚ ਸ਼ਾਂਤੀ, ਲੋਕਤੰਤਰ ਅਤੇ ਸਥਿਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਹਿੱਸੇਦਾਰਾਂ ਨਾਲ ਉਸਾਰੂ ਢੰਗ ਨਾਲ ਕੰਮ ਕਰੇਗਾ। ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਕਿਹਾ ਕਿ ਭਾਰਤ ਲੋਕਾਂ ਦੇ ਸਰਬ ਉੱਤਮ ਹਿੱਤਾਂ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਭਾਰੀ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਪਿਛਲੇ ਸਾਲ 5 ਅਗਸਤ ਨੂੰ ਬੰਗਲਾਦੇਸ਼ ਤੋਂ ਭੱਜਣ ਤੋਂ ਬਾਅਦ ਅਵਾਮੀ ਲੀਗ ਦੀ ਨੇਤਾ ਭਾਰਤ ਵਿੱਚ ਰਹਿ ਰਹੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ, 'ਭਾਰਤ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਸਬੰਧਤ 'ਇੰਟਰਨੈਸ਼ਨਲ ਕ੍ਰਾਈਮਜ਼ ਟ੍ਰਿਬਿਊਨਲ ਆਫ਼ ਬੰਗਲਾਦੇਸ਼' ਦੁਆਰਾ ਐਲਾਨੇ ਗਏ ਫੈਸਲੇ ਨੂੰ ਨੋਟ ਕੀਤਾ ਹੈ।' ਇਸ ਵਿੱਚ ਕਿਹਾ ਗਿਆ ਹੈ, 'ਇੱਕ ਨਜ਼ਦੀਕੀ ਗੁਆਂਢੀ ਹੋਣ ਦੇ ਨਾਤੇ, ਭਾਰਤ ਉਸ ਦੇਸ਼ ਵਿੱਚ ਸ਼ਾਂਤੀ, ਲੋਕਤੰਤਰ, ਸਮਾਵੇਸ਼ ਅਤੇ ਸਥਿਰਤਾ ਸਮੇਤ ਬੰਗਲਾਦੇਸ਼ ਦੇ ਲੋਕਾਂ ਦੇ ਸਰਬੋਤਮ ਹਿੱਤਾਂ ਲਈ ਵਚਨਬੱਧ ਹੈ।' ਵਿਦੇਸ਼ ਮੰਤਰਾਲੇ ਨੇ ਅੱਗੇ ਕਿਹਾ, 'ਅਸੀਂ ਉਸ ਉਦੇਸ਼ ਲਈ ਹਮੇਸ਼ਾ ਸਾਰੇ ਹਿੱਸੇਦਾਰਾਂ ਨਾਲ ਉਸਾਰੂ ਢੰਗ ਨਾਲ ਜੁੜੇ ਰਹਾਂਗੇ।'

# ਵਿਸ਼ਵ ਦੇ 10 ਨੇਤਾਵਾਂ ਨੂੰ ਦਿੱਤੀ ਜਾ ਚੁੱਕੀ ਹੈ ਫ਼ਾਂਸੀ ਦੀ ਸਜ਼ਾ

ਨਵੀਂ ਦਿੱਲੀ/ਏ.ਟੀ.ਨਿਊਜ਼: ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਹਾਲਾਂਕਿ, ਹਸੀਨਾ ਇਸ ਸਮੇਂ ਭਾਰਤ ਵਿੱਚ ਰਹਿੰਦੀ ਹੈ ਅਤੇ ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਵੱਲੋਂ ਉਸ ਨੂੰ ਬੰਗਲਾਦੇਸ਼ ਹਵਾਲੇ ਕਰਨ ਦੀ ਸੰਭਾਵਨਾ ਘੱਟ ਹੈ। ਸ਼ੇਖ ਹਸੀਨਾ ਨੇ ਇਸ ਫ਼ੈਸਲੇ ਨੂੰ ਪੱਖਪਾਤੀ ਦੱਸਿਆ ਹੈ ਅਤੇ ਰਾਸ਼ਟਰਪਤੀ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਸਰਕਾਰ 'ਤੇ ਬਦਲਾਖੋਰੀ ਦੀ ਰਾਜਨੀਤੀ ਦਾ ਦੋਸ਼ ਲਗਾਇਆ ਹੈ। ਅਦਾਲਤ ਨੇ ਉਨ੍ਹਾਂ ਨੂੰ ਲਗਭਗ 1,400 ਲੋਕਾਂ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਤਿਹਾਸ ਵਿੱਚ ਇਹ ਪਹਿਲੀ ਵਾਰ ਨਹੀਂ ਹੈ ਕਿ ਕਿਸੇ ਸੱਤਾਧਾਰੀ ਜਾਂ ਸਾਬਕਾ ਸੱਤਾਧਾਰੀ ਨੇਤਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੋਵੇ। ਸੱਤਾ ਸੰਘਰਸ਼, ਬਗਾਵਤ, ਭ੍ਰਿਸ਼ਟਾਚਾਰ, ਯੁੱਧ ਅਪਰਾਧ ਜਾਂ ਤਖ਼ਤਾਪਲਟ, ਦੁਨੀਆ ਨੇ ਅਜਿਹੇ ਬਹੁਤ ਸਾਰੇ ਸ਼ਕਤੀਸ਼ਾਲੀ ਨੇਤਾਵਾਂ ਨੂੰ ਫ਼ਾਂਸੀ ਦਿੱਤੀ ਗਈ ਹੈ।

ਇੱਥੇ ਪੜ੍ਹੋ ਦੁਨੀਆ ਦੇ ਉਹ 10 ਨੇਤਾਵਾਂ ਬਾਰੇ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ:

1. ਸੱਦਾਮ ਹੁਸੈਨ - ਇਰਾਕ ਦਾ ਬਦਨਾਮ ਤਾਨਾਸ਼ਾਹ

ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਆਧੁਨਿਕ ਇਤਿਹਾਸ ਦੇ ਸਭ ਤੋਂ ਬਦਨਾਮ ਤਾਨਾਸ਼ਾਹਾਂ ਵਿੱਚੋਂ ਇੱਕ ਸਨ।
- 1979 ਤੋਂ 2003 ਤੱਕ ਇਰਾਕ 'ਤੇ ਰਾਜ ਕੀਤਾ।
- ਕੁਰਦ ਘੱਟ ਗਿਣਤੀ 'ਤੇ ਅੱਤਿਆਚਾਰ ਕੀਤੇ ਅਤੇ ਵਿਰੋਧੀਆਂ ਨੂੰ ਮਾਰਿਆ।
- 2003 ਵਿੱਚ ਅਮਰੀਕਾ ਨੇ ਇਰਾਕ 'ਤੇ ਹਮਲਾ ਕੀਤਾ ਅਤੇ ਉਸ ਨੂੰ ਫ਼ੜ ਲਿਆ।
- ਦੋਜੈਲ ਕਤਲੇਆਮ ਵਿੱਚ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਦੋਸ਼ੀ ਠਹਿਰਾਇਆ ਗਿਆ।
- 30 ਦਸੰਬਰ, 2006 ਨੂੰ ਫ਼ਾਂਸੀ ਦਿੱਤੀ ਗਈ। ਉਸਦੀ ਫ਼ਾਂਸੀ ਨੇ ਪੂਰੇ ਮੱਧ ਪੂਰਬ ਵਿੱਚ ਭੂਚਾਲ ਲਿਆ ਦਿੱਤਾ ਸੀ।

2. ਜ਼ੁਲਫ਼ਿਕਾਰ ਅਲੀ ਭੁੱਟੋ - ਪਾਕਿਸਤਾਨ ਦਾ ਸਭ ਤੋਂ ਵਿਵਾਦਪੂਰਨ ਫ਼ੈਸਲਾ

ਸਾਬਕਾ ਪਾਕਿਸਤਾਨੀ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ 1979 ਵਿੱਚ ਫ਼ਾਂਸੀ ਦਿੱਤੀ ਗਈ ਸੀ।
- ਉਨ੍ਹਾਂ 'ਤੇ ਇੱਕ ਰਾਜਨੀਤਿਕ ਵਿਰੋਧੀ ਦੀ ਹੱਤਿਆ ਦਾ ਦੋਸ਼
- ਫ਼ੌਜ ਮੁਖੀ ਜਨਰਲ ਜ਼ਿਆ-ਉਲ-ਹੱਕ ਨੇ ਉਸਦੀ ਗ੍ਰਿਫ਼ਤਾਰੀ ਅਤੇ ਫ਼ਾਂਸੀ ਦਾ ਹੁਕਮ ਦਿੱਤਾ।
- ਦੁਨੀਆ ਭਰ ਦੇ ਕਈ ਦੇਸ਼ਾਂ ਨੇ ਰਹਿਮ ਦੀ ਅਪੀਲ ਕੀਤੀ।
- ਅੱਜ ਵੀ, ਇਸ ਮੌਤ ਦੀ ਸਜ਼ਾ ਨੂੰ ਪਾਕਿਸਤਾਨ ਵਿੱਚ ਨਿਆਂਇਕ ਕਤਲ ਮੰਨਿਆ ਜਾਂਦਾ ਹੈ।
- ਭੁੱਟੋ ਦੀ ਵਿਰਾਸਤ ਪਾਕਿਸਤਾਨੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ।

3. ਮੁਹੰਮਦ ਨਜੀਬੁੱਲਾ—ਤਾਲਿਬਾਨ ਦਾ ਭਿਆਨਕ ਅਧਿਆਏ



ਸਾਬਕਾ ਅਫ਼ਗਾਨ ਰਾਸ਼ਟਰਪਤੀ ਨਜੀਬੁੱਲਾ ਨੂੰ 1996 ਵਿੱਚ ਤਾਲਿਬਾਨ ਦੁਆਰਾ ਬੇਰਹਿਮੀ ਨਾਲ ਫ਼ਾਂਸੀ ਦਿੱਤੀ ਗਈ ਸੀ। ਉਸ ਨੂੰ ਪਹਿਲਾਂ ਤਸੀਹੇ ਦਿੱਤੇ ਗਏ ਅਤੇ ਫ਼ਿਰ ਕਾਬੁਲ ਵਿੱਚ ਜਨਤਕ ਤੌਰ 'ਤੇ ਫ਼ਾਂਸੀ ਦਿੱਤੀ ਗਈ। ਉਸਦੀ ਹੱਤਿਆ ਨੂੰ ਤਾਲਿਬਾਨ ਸ਼ਾਸਨ ਦੀ ਬੇਰਹਿਮੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਸ ਦੀ ਮੌਤ ਤੋਂ ਬਾਅਦ ਅਫ਼ਗਾਨਿਸਤਾਨ ਪੂਰੀ ਤਰ੍ਹਾਂ ਤਾਲਿਬਾਨ ਦੇ ਕੰਟਰੋਲ ਹੇਠ ਆ ਗਿਆ।

4. ਇਮਰੇ ਨਾਗੀ - ਸੋਵੀਅਤ ਯੂਨੀਅਨ ਦੇ ਸਾਹਮਣੇ ਖੜ੍ਹੇ ਹੋਣ ਦੀ ਕੀਮਤ

ਹੰਗਰੀ ਦੇ ਪ੍ਰਧਾਨ ਮੰਤਰੀ ਇਮਰੇ ਨਾਗੀ ਨੇ 1956 ਦੀ ਹੰਗਰੀ ਇਨਕਲਾਬ ਦੀ ਅਗਵਾਈ ਕੀਤੀ ਸੀ।
- ਸੋਵੀਅਤ ਕਬਜ਼ੇ ਵਿਰੁੱਧ ਆਜ਼ਾਦੀ ਦੀ ਮੰਗ।
- ਬਗ਼ਾਵਤ ਨੂੰ ਦਬਾ ਦਿੱਤਾ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।
- 1958 ਵਿੱਚ ਗੁਪਤ ਮੁਕੱਦਮਾ, ਫ਼ਿਰ ਫ਼ਾਂਸੀ।
- 1989 ਵਿੱਚ ਕਮਿਊਨਿਜ਼ਮ ਦੇ ਪਤਨ ਤੋਂ ਬਾਅਦ, ਉਸ ਨੂੰ ਰਾਸ਼ਟਰੀ ਨਾਇਕ ਐਲਾਨ ਕੀਤਾ ਗਿਆ।
- ਨਾਗੀ ਨੂੰ ਯੂਰਪ ਵਿੱਚ ਲੋਕਤੰਤਰ ਅਤੇ ਆਜ਼ਾਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

5. ਹਿਦੇਕੀ ਟੋਜੋ - ਜਾਪਾਨ ਦੇ ਯੁੱਧ ਸਮੇਂ ਦੇ ਪ੍ਰਧਾਨ ਮੰਤਰੀ

ਜਨਰਲ ਹਿਦੇਕੀ ਟੋਜੋ, ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨ ਦੇ ਪ੍ਰਧਾਨ ਮੰਤਰੀ:
- ਪਰਲ ਹਾਰਬਰ ਹਮਲੇ ਸਮੇਤ ਕਈ ਵੱਡੇ ਫ਼ੌਜੀ ਕਾਰਵਾਈਆਂ ਲਈ ਜ਼ਿੰਮੇਵਾਰ।
- ਲੱਖਾਂ ਲੋਕਾਂ ਦੀ ਮੌਤ ਅਤੇ ਤਬਾਹੀ ਲਈ ਦੋਸ਼ੀ।
- ਟੋਕੀਓ ਮੁਕੱਦਮਿਆਂ ਵਿੱਚ ਜੰਗੀ ਅਪਰਾਧੀ ਐਲਾਨ ਕੀਤਾ ਗਿਆ।
- 1948 ਵਿੱਚ ਫ਼ਾਂਸੀ ਦਿੱਤੀ ਗਈ। ਟੋਜੋ ਦੀ ਫ਼ਾਂਸੀ ਜਾਪਾਨ ਦੇ ਫ਼ੌਜੀ ਸਾਮਰਾਜ ਦੇ ਅੰਤ ਦਾ ਪ੍ਰਤੀਕ ਸੀ।

6. ਨਿਕੋਲੇ ਸਿਉਸੇਸਕੂ - ਰੋਮਾਨੀਆ ਦਾ ਤਾਨਾਸ਼ਾਹ

ਰੋਮਾਨੀਆ ਦੇ ਰਾਸ਼ਟਰਪਤੀ ਸਿਉਸੇਸਕੂ ਨੂੰ 1989 ਦੀ ਕ੍ਰਾਂਤੀ ਦੌਰਾਨ ਸੱਤਾ ਤੋਂ ਹਟਾ ਦਿੱਤਾ ਗਿਆ ਸੀ।
- ਜਨਤਾ ਵਿਰੁੱਧ ਹਿੰਸਾ, ਦਮਨ ਅਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼।
- ਇੱਕ ਫ਼ੌਜੀ ਅਦਾਲਤ ਨੇ ਉਸਨੂੰ ਅਤੇ ਉਸਦੀ ਪਤਨੀ ਨੂੰ ਮੌਤ ਦੀ ਸਜ਼ਾ ਸੁਣਾਈ।
- ਕ੍ਰਿਸਮਸ ਵਾਲੇ ਦਿਨ ਫ਼ਾਇਰਿੰਗ ਸਕੁਐਡ ਦੁਆਰਾ ਫ਼ਾਂਸੀ ਦਿੱਤੀ ਗਈ।
- ਉਸਦੀ ਮੌਤ ਦੇ ਨਾਲ, ਪੂਰਬੀ ਯੂਰਪ ਵਿੱਚ ਕਮਿਊਨਿਸਟ ਸ਼ਾਸਨ ਢਹਿਣਾ ਸ਼ੁਰੂ ਹੋ ਗਿਆ।

7. ਮਕਸੂਦ ਬਿਨ ਅਬਦੁਲ ਅਜ਼ੀਜ਼ - ਸਾਊਦੀ ਅਰਬ ਦਾ ਰਾਜਕੁਮਾਰ

1975 ਵਿੱਚ, ਸਾਊਦੀ ਰਾਜਕੁਮਾਰ ਮਕਸੂਦ ਬਿਨ ਅਬਦੁਲ ਅਜ਼ੀਜ਼ ਨੂੰ ਇੱਕ ਪ੍ਰੇਮ ਸੰਬੰਧ ਨਾਲ ਸਬੰਧਤ ਅਪਰਾਧ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ।
- ਜਨਤਕ ਤੌਰ 'ਤੇ ਸਿਰ ਕਲਮ ਕਰਨਾ।
- ਇਸ ਮਾਮਲੇ ਨੇ ਅੰਤਰਰਾਸ਼ਟਰੀ ਸੁਰਖੀਆਂ ਬਣਾਈਆਂ ਅਤੇ ਸਾਊਦੀ ਕਾਨੂੰਨ ਦੇ ਸਾਰਿਆਂ ਲਈ ਸਖ਼ਤ ਅਤੇ ਬਰਾਬਰ ਵਿਵਹਾਰ ਦੀ ਇੱਕ ਉਦਾਹਰਣ ਕਾਇਮ ਕੀਤੀ।

(ਬਾਕੀ ਸਫ਼ਾ 27 'ਤੇ)

# ਐੱਚ-ਵਨ ਬੀ ਵੀਜ਼ਾ ਬਾਰੇ ਟਰੰਪ ਦਾ ਯੂ-ਟਰਨ

## ‘ਸਿਖਾਓ ਅਤੇ ਘਰ ਜਾਓ’: ਵਿੱਤ ਮੰਤਰੀ ਨੇ ਐੱਚ-ਵਨ ਬੀ ਵੀਜ਼ੇ ਲਈ ਨਵੀਂ ਰਣਨੀਤੀ ਦੱਸੀ

## ਮੇਗਾ ਬੇਸ ਦਾ ਵਿਰੋਧ: ਟਰੰਪ ਨੂੰ ਧੋਖੇਬਾਜ਼ ਕਹਿ ਰਹੇ ਨੇ ‘ਅਮਰੀਕਾ-ਫਸਟ’ ਵਾਲੇ ਸਮਰਥਕ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਕਿਹਾ ਹੈ ਕਿ ਅਮਰੀਕਾ ਨੂੰ ਵਿਦੇਸ਼ਾਂ ਤੋਂ ਚੰਗੇ ਹੁਨਰ ਵਾਲੇ ਲੋਕਾਂ ਨੂੰ ਆਉਣ ਦੇਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਅਮਰੀਕਾ ਵਿੱਚ ਕੁਝ ਖਾਸ ਹੁਨਰ ਵਾਲੇ ਲੋਕਾਂ ਦੀ ਕਮੀ ਹੈ। ਉਹਨਾਂ ਕਿਹਾ ਕਿ ਅਸੀਂ ਕੁਝ ਖੇਤਰਾਂ ਵਿੱਚ ਅਜਿਹੇ ਹੁਨਰ ਨਹੀਂ ਰੱਖਦੇ ਜੋ ਵਿਦੇਸ਼ਾਂ ਵਿੱਚ ਮੌਜੂਦ ਹਨ। ਉਹਨਾਂ ਨੇ ਇਸ ਨੂੰ ਹੋਰ ਸਪੱਸ਼ਟ ਕਰਦਿਆਂ ਕਿਹਾ ਕਿ ਅਸੀਂ ਦੁਨੀਆਂ ਦੇ ਦਰਵਾਜ਼ੇ ਪੂਰੇ ਤੌਰ ’ਤੇ ਬੰਦ ਨਹੀਂ ਕਰ ਸਕਦੇ। ਇਹ ਬੋਲ ਉਹਨਾਂ ਦੇ ਐੱਚ-ਵਨ ਬੀ ਸਬੰਧੀ ਪੁਰਾਣੇ ਵਿਚਾਰਾਂ ਦੇ ਬਿਲਕੁਲ ਉਲਟ ਹਨ, ਜੋ ਅਮਰੀਕੀ ਨੌਕਰੀਆਂ ਨੂੰ ਬਚਾਉਣ ਲਈ ਵਿਦੇਸ਼ੀ ਕਰਮਚਾਰੀਆਂ ਵਿਰੁੱਧ ਸੀ। ਪਰ ਇਸ ਤਬਦੀਲੀ ਕਾਰਣ ਟਰੰਪ ਦੇ ਖਾਸ ਸਮਰਥਕਾਂ ਨੇ ਟਰੰਪ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ।

ਯਾਦ ਰਹੇ ਕਿ ਟਰੰਪ ਨੇ ਇਸ ਸਾਲ ਜਨਵਰੀ ਵਿੱਚ ਦੂਜੀ ਵਾਰ ਚੋਣ ਜਿੱਤ ਕੇ ਸੱਤਾ ਸੰਭਾਲੀ ਸੀ ਅਤੇ ਉਹਨਾਂ ਨੇ ਆਪਣੇ ਚੋਣਾਂ ਦੌਰਾਨ ਕੀਤੇ ਵਾਅਦੇ ਅਨੁਸਾਰ ਵਿਦੇਸ਼ੀ ਕਰਮਚਾਰੀਆਂ ਵਿਰੁੱਧ ਸਖ਼ਤ ਕਦਮ ਚੁੱਕੇ ਸਨ। ਉਹਨਾਂ ਨੇ ਗ਼ੈਰ ਕਾਨੂੰਨੀ ਤਰੀਕੇ ਨਾਲ ਰਹਿਣ ਵਾਲੇ ਲੋਕਾਂ ਵਿਰੁੱਧ ਉਹਨਾਂ ਦੇ ਵਤਨ ਵਾਪਸ ਭੇਜਣ ਦੀ ਵੱਡੀ ਮੁਹਿੰਮ ਚਲਾਈ ਸੀ। ਨਾਲ ਹੀ, ਵੀਜ਼ਾ ਨਿਯਮਾਂ ਵਿੱਚ ਬਦਲਾਅ ਕੀਤੇ ਸਨ ਤਾਂ ਜੋ ਵਿਦੇਸ਼ੀ ਲੋਕਾਂ ਨੂੰ ਅਮਰੀਕਾ ਆਉਣ ਅਤੇ ਨੌਕਰੀ ਕਰਨ ਵਿੱਚ ਤਕਲੀਫ਼ ਹੋਵੇ। ਇਸ ਵਿੱਚ ਖਾਸ ਤੌਰ ’ਤੇ ਐੱਚ-ਵਨ ਬੀ ਵੀਜ਼ਾ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜੋ ਕਿ ਉੱਚੇ ਹੁਨਰ ਵਾਲੀਆਂ ਨੌਕਰੀਆਂ ਲਈ ਵਰਤਿਆ ਜਾਂਦਾ ਹੈ।

ਐੱਚ-ਵਨ ਬੀ ਵੀਜ਼ਾ ਬਾਰੇ ਗੱਲ ਕਰੀਏ ਤਾਂ ਇਹ ਅਮਰੀਕੀ ਕੰਪਨੀਆਂ ਨੂੰ ਵਿਦੇਸ਼ਾਂ ਤੋਂ ਚੰਗੇ ਹੁਨਰ ਵਾਲੇ ਲੋਕਾਂ ਨੂੰ ਲਿਆਉਣ ਦੀ ਇਜਾਜ਼ਤ ਦਿੰਦਾ ਹੈ। ਇਸ ਨੂੰ ਖਾਸ ਕਰਕੇ ਤਕਨੀਕੀ ਖੇਤਰ ਵਿੱਚ ਵਰਤਿਆ ਜਾਂਦਾ ਹੈ, ਜਿੱਥੇ ਵੱਡੀਆਂ ਕੰਪਨੀਆਂ ਵਰਗੀਆਂ ਗੂਗਲ, ਮਾਈਕਰੋਸੌਫਟ ਅਤੇ ਐਮਾਜੋਨ ਨੂੰ ਹਰ ਸਾਲ ਹਜ਼ਾਰਾਂ ਲੋਕਾਂ ਦੀ ਲੋੜ ਪੈਂਦੀ ਹੈ। ਇਸ ਵੀਜ਼ੇ ਦਾ ਸਭ ਤੋਂ ਵੱਧ ਫ਼ਾਇਦਾ ਭਾਰਤ ਵਾਲੇ ਲੋਕਾਂ ਨੂੰ ਹੁੰਦਾ ਹੈ, ਕਿਉਂਕਿ ਭਾਰਤ ਵਿੱਚ ਤਕਨੀਕੀ ਸਿੱਖਿਆ ਬਹੁਤ ਵਧੀਆ ਹੈ ਅਤੇ ਉੱਥੇ ਲੱਖਾਂ ਨੌਜਵਾਨ ਅਜਿਹੇ ਹੁਨਰ ਸਿੱਖਦੇ ਹਨ ਜੋ ਅਮਰੀਕਾ ਵਿੱਚ ਕੰਮ ਆਉਂਦੇ ਹਨ। ਪਰ ਟਰੰਪ ਨੇ ਇਸ ਨੂੰ ਅਮਰੀਕੀ ਨੌਕਰੀਆਂ ਖੋਹਣ ਵਾਲਾ ਬਣਾ ਦਿੱਤਾ। ਉਹਨਾਂ ਨੇ ਸਤੰਬਰ ਵਿੱਚ ਇਸ ਵੀਜ਼ੇ ਲਈ ਅਰਜ਼ੀ ਫ਼ੀਸ ਨੂੰ ਬਹੁਤ ਵਧਾ ਦਿੱਤੀ, ਜੋ ਕਿ ਪਹਿਲਾਂ ਘੱਟ ਸੀ ਪਰ ਹੁਣ ਬਹੁਤ ਜ਼ਿਆਦਾ ਹੋ ਗਈ ਹੈ। ਇਹ ਫ਼ੈਸਲਾ ਅਮਰੀਕੀ ਕੰਪਨੀਆਂ ਲਈ ਵੀ ਮੁਸ਼ਕਿਲ ਬਣ ਗਿਆ, ਕਿਉਂਕਿ ਉਹਨਾਂ ਨੂੰ ਵਿਦੇਸ਼ੀ ਲੋਕਾਂ ਨੂੰ ਲਿਆਉਣ ਵਿੱਚ ਵਧੇਰੇ ਖਰਚਾ ਕਰਨਾ ਪੈ ਰਿਹਾ ਹੈ।

ਟਰੰਪ ਦੇ ਇਸ ਨਵੇਂ ਬਿਆਨ ਨੇ ਭਾਰਤ ਵਾਲੇ ਲੋਕਾਂ ਵਿੱਚ ਥੋੜ੍ਹੀ ਖੁਸ਼ੀ ਪੈਦਾ ਕੀਤੀ ਹੈ। ਉਹਨਾਂ ਨੂੰ ਲੱਗ ਰਿਹਾ ਹੈ ਕਿ ਸ਼ਾਇਦ ਅਗਲੇ ਸਮੇਂ ਵਿੱਚ ਵੀਜ਼ਾ ਲੈਣਾ ਥੋੜ੍ਹਾ ਆਸਾਨ ਹੋ ਜਾਵੇਗਾ। ਪਰ ਇਹ ਖੁਸ਼ੀ ਜ਼ਿਆਦਾ ਦੇਰ ਨਹੀਂ ਰਹੀ। ਕਿਉਂਕਿ ਟਰੰਪ ਦੇ ਖਾਸ ਸਮਰਥਕਾਂ, ਜਿਹਨਾਂ ਨੂੰ ਮੇਗਾ ਬੇਸ ਕਿਹਾ ਜਾਂਦਾ ਹੈ, ਨੇ ਇਸ ਨੂੰ ਬਹੁਤ ਵੱਡਾ ਧੋਖਾ ਮੰਨਿਆ ਹੈ। ਇਹ ਲੋਕ ਟਰੰਪ ਨੂੰ ਅਮਰੀਕਾ ਅਮਰੀਕੀਆਂ ਦਾ ਬਣਾਉਣ ਵਾਲੇ ਲੀਡਰ ਵਜੋਂ ਵੇਖਦੇ ਹਨ ਅਤੇ ਉਹਨਾਂ ਨੂੰ ਲੱਗ ਰਿਹਾ ਹੈ ਕਿ ਟਰੰਪ ਨੇ ਉਹਨਾਂ ਨਾਲ ਧੋਖਾ ਕੀਤਾ ਹੈ। ਫ਼ਲੋਰੀਡਾ ਦੇ ਰਿਪਬਲਿਕਨ ਨੇਤਾ ਐਂਥਨੀ ਸਬਾਤੀਨੀ ਨੇ ਸੋਸ਼ਲ ਮੀਡੀਆ ਤੇ ਲਿਖਿਆ ਕਿ ਇਹ ਗਲਤ ਹੈ। ਉਹਨਾਂ ਨੇ ਕਿਹਾ ਕਿ ਅਸੀਂ ਮਿਡਟਰਮ ਚੋਣਾਂ ਵਿੱਚ ਬਹੁਤ ਬੁਰੀ ਤਰ੍ਹਾਂ ਹਾਰ ਜਾਵਾਂਗੇ।

ਨਿਊਯਾਰਕ ਪੋਸਟ ਅਤੇ ਨਿਊਜ਼ਵੀਕ ਦੇ ਲੇਖਕ ਕੇਵਿਨ ਬਾਸ ਨੇ ਤਾਂ ਹੋਰ ਵੀ ਸਖ਼ਤ ਗੱਲ ਕੀਤੀ। ਉਹਨਾਂ ਨੇ ਕਿਹਾ ਕਿ ਲੱਗ ਰਿਹਾ ਹੈ ਕਿ ਟਰੰਪ ਨੂੰ ਅਮਰੀਕੀ ਲੋਕਾਂ ਤੋਂ ਨਫ਼ਰਤ ਹੈ। ਉਹ ਅਮਰੀਕੀ ਨੌਕਰੀਆਂ ਖੋਹ ਕੇ ਤੀਜੀ ਦੁਨੀਆਂ ਵਾਲੇ ਲੋਕਾਂ ਨੂੰ ਦੇਣਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਇੱਕ ਪਾਸੇ ਟਰੰਪ ਅਮਰੀਕਾ ਨੂੰ ਮਜ਼ਬੂਤ ਬਣਾਉਣ ਲਈ ਵਿਦੇਸ਼ੀ ਹੁਨਰ ਨੂੰ ਚਾਹੁੰਦੇ ਹਨ, ਪਰ ਦੂਜੇ ਪਾਸੇ ਉਹਨਾਂ ਦੇ ਸਮਰਥਕ ਇਸ ਨੂੰ ਅਮਰੀਕੀ ਨੌਜਵਾਨਾਂ ਨਾਲ ਧੋਖਾ ਮੰਨਦੇ ਹਨ।

ਪ੍ਰਤੀਨਿਧੀ ਮਾਰਜੋਰੀ ਟੇਲਰ ਗ੍ਰੀਨ ਨੇ ਵੀ ਆਪਣਾ ਵਿਰੋਧ ਜ਼ੋਰ ਨਾਲ ਰਜਿਸਟਰ ਕੀਤਾ। ਉਹਨਾਂ ਨੇ ਸੋਸ਼ਲ ਮੀਡੀਆ ਤੇ ਲਿਖਿਆ ਕਿ ਮੈਨੂੰ ਅਮਰੀਕੀ ਲੋਕਾਂ ਉਪਰ ਪੂਰਾ ਭਰੋਸਾ ਹੈ। ਮੈਂ ਤੁਹਾਡੇ ਵਰਗੀ ਹੀ ਹਾਂ। ਮੈਂ ਵਿਦੇਸ਼ੀ ਕਰਮਚਾਰੀਆਂ ਦੀ ਆਮਦ ਵਿਰੁੱਧ ਹਾਂ। ਇਸ ਤੋਂ ਪਹਿਲਾਂ ਟਰੰਪ ਨੇ ਚੀਨ ਵਾਲੇ ਵਿਦਿਆਰਥੀਆਂ ਨੂੰ ਵੀ ਅਮਰੀਕਾ ਆਉਣ ਦਾ ਸੁਝਾਅ ਦਿੱਤਾ ਸੀ, ਜੋ ਕਿ ਲਗਭਗ ਛੇ ਲੱਖ ਚੀਨੀ ਵਿਦਿਆਰਥੀਆਂ ਬਾਰੇ ਸੀ। ਇਸ ਤੇ ਵੀ ਮੇਗਾ ਸਮਰਥਕਾਂ ਨੇ ਬਹੁਤ ਗੁੱਸਾ ਵਿਖਾਇਆ ਸੀ। ਉਹਨਾਂ ਨੂੰ ਲੱਗ ਰਿਹਾ ਹੈ ਕਿ ਟਰੰਪ ਨੇ ਅਮਰੀਕੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਇਹ ਸਭ ਵਿਵਾਦ ਨੇ ਅਮਰੀਕੀ ਰਾਜਨੀਤੀ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਰਿਪਬਲਿਕਨ ਪਾਰਟੀ ਅੰਦਰ ਵੀ ਚਰਚਾਵਾਂ ਚੱਲ ਰਹੀਆਂ ਹਨ ਕਿ ਟਰੰਪ ਆਪਣੇ ਸਮਰਥਕਾਂ ਨੂੰ ਕਿਵੇਂ ਸਮਝਾਵੇ।ਇਸ ਵਿਵਾਦ ਨੂੰ ਠੰਢਾ ਕਰਨ ਲਈ ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਅੱਗੇ ਵਧ ਕੇ ਗੱਲ ਕੀਤੀ। ਉਹਨਾਂ ਨੇ ਸਪੱਸ਼ਟ ਕੀਤਾ ਕਿ ਟਰੰਪ ਦੀ ਨਵੀਂ ਐੱਚ-ਵਨ ਬੀ ਵੀਜ਼ਾ ਨੀਤੀ ਅਮਰੀਕੀ ਮਜ਼ਦੂਰਾਂ ਨੂੰ ਸਿਖਲਾਈ ਦੇਣ ਲਈ ਵਿਦੇਸ਼ੀ ਮਾਹਿਰਾਂ ਨੂੰ ਅਸਥਾਈ ਤੌਰ ’ਤੇ ਬੁਲਾਉਣ ਵਾਲੀ ਹੈ, ਨਾ ਕਿ ਉਹਨਾਂ ਨੂੰ ਹਮੇਸ਼ਾ ਲਈ ਰੱਖਣ ਵਾਲੀ। ਵਿਦੇਸ਼ੀ ਲੋਕ ਅਮਰੀਕਾ ਆਉਣਗੇ, ਅਮਰੀਕੀ ਮਜ਼ਦੂਰਾਂ ਨੂੰ ਚੰਗੇ ਹੁਨਰ ਸਿਖਾਣਗੇ ਅਤੇ ਫਿਰ ਵਾਪਸ ਆਪਣੇ ਵਤਨ ਮੁੜ ਜਾਣਗੇ। ਉਹਨਾਂ ਨੇ ਹੋਰ ਕਿਹਾ ਕਿ ਟਰੰਪ ਦਾ ਨਵਾਂ ਵਿਚਾਰ ਅਮਰੀਕੀ ਉਦਯੋਗਾਂ ਨੂੰ ਤਕਨੀਕੀ ਤੌਰ ਤੇ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਹੈ। ਬਹੁਤ ਸਾਲਾਂ ਤੋਂ ਅਮਰੀਕੀ ਕੰਪਨੀਆਂ ਨੇ ਆਪਣੇ ਕੰਮ ਵਿਦੇਸ਼ਾਂ ਵਿੱਚ ਭੇਜ ਦਿੱਤੇ ਸਨ, ਜਿਸ ਨਾਲ ਅਮਰੀਕਾ ਵਿੱਚ ਨੌਕਰੀਆਂ ਘੱਟ ਗਈਆਂ। ਹੁਣ ਇਸ ਨੀਤੀ ਨਾਲ ਅਸੀਂ ਉਹਨਾਂ ਨੌਕਰੀਆਂ ਨੂੰ ਵਾਪਸ ਲਿਆਉਣਗੇ। ਵਿਦੇਸ਼ੀ ਮਾਹਿਰ ਸਿਰਫ਼ ਸਿਖਲਾਈ ਦੇਣ ਲਈ ਆਉਣਗੇ ਅਤੇ ਫਿਰ ਵਾਪਸ ਚਲੇ ਜਾਣਗੇ, ਤਾਂ ਜੋ ਅਮਰੀਕੀ ਨੌਜਵਾਨ ਉਹ ਹੁਨਰ ਸਿੱਖ ਕੇ ਨੌਕਰੀ ਕਰ ਸਕਣ।ਬੇਸੈਂਟ ਦੇ ਇਸ ਬਿਆਨ ਨਾਲ ਮੇਗਾ ਸਮਰਥਕ ਕੁਝ ਸ਼ਾਂਤ ਹੋ ਸਕਦੇ ਹਨ ?।ਪਰ ਭਾਰਤੀ ਆਈਟੀ ਪੇਸ਼ੇਵਰਾਂ ਵਿੱਚ ਇਹ ਗੱਲ ਚਿੰਤਾ ਪੈਦਾ ਕਰ ਰਹੀ ਹੈ। ਭਾਰਤ ਵਿੱਚ ਲੱਖਾਂ ਨੌਜਵਾਨ ਅਮਰੀਕਾ ਜਾ ਕੇ ਲੰਮੇ ਸਮੇਂ ਤੱਕ ਕੰਮ ਕਰਨ ਦੇ ਸੁਪਨੇ ਵੇਖਦੇ ਹਨ। ਉਹਨਾਂ ਨੂੰ ਲੱਗ ਰਿਹਾ ਹੈ ਕਿ ਇਹ ਨੀਤੀ ਉਹਨਾਂ ਨੂੰ ਸਿਰਫ਼ ਥੋੜ੍ਹੇ ਸਮੇਂ ਲਈ ਆਉਣ ਦੇਵੇਗੀ ਅਤੇ ਫਿਰ ਵਾਪਸ ਭੇਜ ਦੇਵੇਗੀ। ਇਹ ਉਹਨਾਂ ਲਈ ਇੱਕ ਵੱਡਾ ਝਟਕਾ ਹੋ ਸਕਦਾ ਹੈ, ਕਿਉਂਕਿ ਭਾਰਤ ਵਿੱਚ ਵੀ ਨੌਕਰੀਆਂ ਘੱਟ ਹਨ ਅਤੇ ਅਮਰੀਕਾ ਵਿੱਚ ਜਾ ਕੇ ਪੈਸਾ ਕਮਾਉਣਾ ਬਹੁਤ ਲੋਕਾਂ ਦਾ ਟੀਚਾ ਹੈ। ਮਾਹਿਰ ਲੋਕ ਕਹਿ ਰਹੇ ਹਨ ਕਿ ਇਹ ਨੀਤੀ ਭਾਰਤ ਵਰਗੇ ਦੇਸ਼ਾਂ ਲਈ ਹੁਨਰਾਂ ਦਾ ਵਾਪਸ ਆਉਣ ਵਾਲਾ ਸਮਾਂ ਲਿਆਵੇਗੀ, ਪਰ ਇਹ ਵੀ ਚੰਗੀ ਗੱਲ ਹੋ ਸਕਦੀ ਹੈ। ਕਿਉਂਕਿ ਜੇਕਰ ਵਿਦੇਸ਼ੀ ਲੋਕ ਵਾਪਸ ਆਉਣਗੇ ਤਾਂ ਉਹ ਆਪਣੇ ਦੇਸ਼ ਵਿੱਚ ਨਵੀਆਂ ਕੰਪਨੀਆਂ ਖੋਲ੍ਹ ਸਕਣਗੇ ਅਤੇ ਨੌਕਰੀਆਂ ਪੈਦਾ ਕਰਨਗੇ।

ਇਸ ਮੁੱਦੇ ਨੂੰ ਹੋਰ ਡੂੰਘਾਈ ਨਾਲ ਵੇਖੀਏ ਤਾਂ ਅਮਰੀਕੀ ਆਰਥਿਕਤਾ ਤੇ ਇਸ ਦਾ ਅਸਰ ਬਹੁਤ ਵੱਡਾ ਹੈ। ਐੱਚ-ਵਨ ਬੀ ਵੀਜ਼ਾ ਨੇ ਅਮਰੀਕਾ ਨੂੰ ਬਹੁਤ ਤਰੱਕੀ ਦਿੱਤੀ ਹੈ। ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਨੇ ਵਿਦੇਸ਼ੀ ਲੋਕਾਂ ਨੂੰ ਲਿਆ ਕੇ ਨਵੀਆਂ ਤਕਨੀਕਾਂ ਵਿਕਸਿਤ ਕੀਤੀਆਂ ਹਨ। ਉਦਾਹਰਣ ਵਜੋਂ, ਸਿੱਲੀਕਾਨ ਵੈਲੀ ਵਿੱਚ ਬਹੁਤ ਸਾਰੇ ਸਟਾਰਟਅਪ ਵਿਦੇਸ਼ੀ ਹੁਨਰ ਨਾਲ ਬਣੇ ਹਨ। ਪਰ ਟਰੰਪ ਨੂੰ ਚਿੰਤਾ ਇਹ ਹੈ ਕਿ ਅਮਰੀਕੀ ਨੌਜਵਾਨ ਬੇਰੁਜ਼ਗਾਰ ਰਹਿ ਜਾਂਦੇ ਹਨ। ਉਹਨਾਂ ਨੇ ਆਪਣੇ ਚੋਣ ਵਾਅਦੇ ਵਿੱਚ ਕਿਹਾ ਸੀ ਕਿ ਅਮਰੀਕੀ ਨੌਕਰੀਆਂ ਨੂੰ ਵਾਪਸ ਲਿਆਉਣਗੇ। ਇਸ ਲਈ ਉਹਨਾਂ ਨੇ ਗੈਰ ਕਨੂੰਨੀ ਰਹਿਣ ਵਾਲੇ ਲੋਕਾਂ ਨੂੰ ਉਹਨਾਂ ਦੇ ਵਤਨ ਵਾਪਸ ਭੇਜਣ ਦਾ ਕੰਮ ਤੇਜ਼ ਕੀਤਾ। ਹੁਣ ਇਸ ਨਵੀਂ ਨੀਤੀ ਨਾਲ ਲੱਗ ਰਿਹਾ ਹੈ ਕਿ ਟਰੰਪ ਐੱਚ-ਵਨ ਬੀ ਵੀਜ਼ਾ ਸੌਖਾ ਕਰ ਸਕਦੇ ਹਨ ਤਾਂ ਜੋ ਵਿਦੇਸ਼ੀ ਅਮਰੀਕਾ ਆ ਸਕਣ।

(ਬਾਕੀ ਸਫ਼ਾ 27 ’ਤੇ)



# ਪਾਕਿਸਤਾਨ ਵਿੱਚ ਗੁੰਮ ਸਿੱਖ ਤੀਰਥ ਯਾਤਰੀ

# ਸਰਬਜੀਤ ਕੌਰ ਕਿਉਂ ਬਣੀ ਨੂਰ ਹੁਸੈਨ?



## ਸਿੱਖ ਪੰਥ ਕਿਉਂ ਹੋ ਰਿਹਾ ਸੱਭਿਆਚਾਰਕ ਸੰਕਟ ਦਾ ਸ਼ਿਕਾਰ

## ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾ ਰਹੀ ?

## ਨਿਕਾਹ ਤੋਂ ਬਾਅਦ ਸਰਬਜੀਤ ਦੀ ਵੀਡੀਓ ਅਤੇ ਅਪਰਾਧੀ ਰਿਕਾਰਡ ਨੇ ਵਧਾਈ ਭਾਰਤ ਲਈ ਚਿੰਤਾ

ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਧਾਮ ਯਾਤਰਾ ਦੌਰਾਨ ਪਾਕਿਸਤਾਨ ਪਹੁੰਚੀ ਇੱਕ 48 ਸਾਲਾਂ ਦੀ ਸਿੱਖ ਔਰਤ ਸਰਬਜੀਤ ਕੌਰ ਦਾ ਅਚਾਨਕ ਗੁੰਮ ਹੋਣਾ ਨੇ ਨਾ ਸਿਰਫ਼ ਭਾਰਤੀ ਪੰਜਾਬ ਪੁਲਿਸ ਨੂੰ ਪਰੇਸ਼ਾਨ ਕੀਤਾ ਹੈ, ਸਗੋਂ ਪੂਰੇ ਸਿੱਖ ਪੰਥ ਨੂੰ ਡੂੰਘੀ ਸੋਚ ਵਿੱਚ ਪਾ ਦਿੱਤਾ ਹੈ। ਸਰਬਜੀਤ ਕੌਰ, ਜੋ ਹੁਣ ਨੂਰ ਹੁਸੈਨ ਦੇ ਨਾਮ ਨਾਲ ਜਾਣੀ ਜਾਂਦੀ ਹੈ, ਨੇ ਪਾਕਿਸਤਾਨ ਦੇ ਸ਼ੇਖੂਪੁਰਾ ਜ਼ਿਲ੍ਹੇ ਵਿੱਚ ਇੱਕ 43 ਸਾਲਾਂ ਦੇ ਮੁਸਲਮਾਨ ਮਰਦ ਨਾਸਰ ਹੁਸੈਨ ਨਾਲ ਨਿਕਾਹ ਕਰਵਾ ਲਿਆ। ਇਸ ਘਟਨਾ ਨੇ ਸਿੱਖ ਪੰਥ ਵਿੱਚ ਅਨਮਤੀ ਵਰਤਾਰੇ ਦੀਆਂ ਚੁਣੌਤੀਆਂ ਨੂੰ ਵੀ ਉਜਾਗਰ ਕੀਤਾ ਹੈ। ਇਹ ਘਟਨਾ ਸਿੱਖ ਪੰਥ ਲਈ ਇੱਕ ਵੱਡੇ ਸਾਮਾਜਿਕ ਅਤੇ ਧਾਰਮਿਕ ਸੰਕਟ ਦਾ ਪ੍ਰਤੀਬਿੰਬ ਹੈ।

ਸਰਬਜੀਤ ਦੇ ਨਿਕਾਹ ਦੀ ਦਾਸਤਾਨ

ਸਰਬਜੀਤ ਕੌਰ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਤਹਿਸੀਲ ਵਿੱਚ ਅਮਨੀਪੁਰ ਪਿੰਡ ਵਿੱਚ ਰਹਿੰਦੀ ਸੀ, ਜੋ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ 1931 ਮੈਂਬਰਾਂ ਵਾਲੇ ਵੱਡੇ ਜਥੇ ਦਾ ਹਿੱਸਾ ਸੀ। ਇਹ ਜਥਾ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਦੀ ਅਗਵਾਈ ਵਿੱਚ ਗਿਆ ਸੀ। ਜਦੋਂ ਗੁਰਧਾਮਾਂ ਦੀ ਯਾਤਰਾ ਕਰਕੇ 13 ਨਵੰਬਰ ਨੂੰ ਜਥਾ ਵਾਪਸ ਭਾਰਤ ਆਇਆ, ਤਾਂ ਸਰਬਜੀਤ ਗੁੰਮ ਪਾਈ ਗਈ।

ਲਾਹੌਰ ਪੁਲਿਸ ਨੇ ਦੱਸਿਆ ਕਿ ਸਰਬਜੀਤ ਨੇ 5 ਨਵੰਬਰ ਨੂੰ ਸ਼ੇਖੂਪੁਰਾ ਜ਼ਿਲ੍ਹੇ ਦੇ ਹਾਲ ਮੌਕੀਨ ਪਿੰਡ ਵਿੱਚ ਨਾਸਰ ਹੁਸੈਨ ਨਾਲ ਨਿਕਾਹ ਕਰਵਾ ਲਿਆ। ਉਹ ਹੁਣ ਨੂਰ ਹੁਸੈਨ ਬਣ ਗਈ ਹੈ। ਪਾਕਿਸਤਾਨੀ ਅਧਿਕਾਰੀਆਂ ਅਨੁਸਾਰ, ਨਿਕਾਹਨਾਮੇ ਵਿੱਚ ਉਸ ਦਾ ਨਵਾਂ ਪਤਾ ਸ਼ੇਖੂਪੁਰਾ ਦਾ ਹਾਲ ਮੌਕੀਨ ਪਿੰਡ ਦਰਜ ਹੈ। ਪੁਲਿਸ ਅਨੁਸਾਰ ਜੋੜਾ ਗੁੰਮ ਹੋ ਗਿਆ ਹੈ ਅਤੇ ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ।

ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਪਹੁੰਚੀ ਸਰਬਜੀਤ ਕੌਰ ਨੂੰ ਬੀਤੇ ਦਿਨੀਂ ਭਾਰੀ ਸੁਰੱਖਿਆ ਹੇਠ ਜ਼ਿਲ੍ਹਾ ਸ਼ੇਖੂਪੁਰਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜੁਡੀਸ਼ੀਅਲ ਮੈਜਿਸਟਰੇਟ ਸ਼ਾਹਬਾਜ਼ ਹਸਨ ਰਾਣਾ ਦੇ ਸਾਹਮਣੇ ਪੇਸ਼ ਹੋ ਕੇ ਉਸ ਨੇ ਸੂਚਿਤ ਕੀਤਾ ਹੈ ਕਿ ਉਹ ਨਾਸਰ ਨੂੰ ਕਈ ਸਾਲਾਂ ਤੋਂ ਜਾਣਦੀ ਹੈ। ਉਹ ਤਲਾਕਸ਼ੁਦਾ ਹੈ, ਉਸਨੇ ਆਪਣੀ ਪੂਰੀ ਇੱਛਾ ਨਾਲ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ ਪੁੱਤਰ ਮੁਹੰਮਦ ਤੁਫ਼ੈਲ ਨਾਲ ਸ਼ਰੀਅਤ ਅਨੁਸਾਰ ਨਿਕਾਹ ਕੀਤਾ ਹੈ ਤੇ ਇਸਲਾਮ ਨੂੰ ਖੁਸ਼ੀ ਨਾਲ ਕਬੂਲ ਕੀਤਾ ਹੈ। ਵਕੀਲ ਨੇ ਦੱਸਿਆ ਕਿ ਹੁਣ ਮੈਜਿਸਟਰੇਟ ਇਹ ਨਿਰਧਾਰਿਤ ਕਰਨਗੇ ਕਿ ਉਸ ਨੂੰ ਵਾਪਸ ਭੇਜਿਆ ਜਾਵੇਗਾ ਜਾਂ ਪਾਕਿ ਵਿੱਚ ਆਪਣੇ ਨਵੇਂ ਬਣੇ ਪਤੀ ਨਾਲ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਦੌਰਾਨ ਨੂਰ ਹੁਸੈਨ ਬਣੀ ਸਰਬਜੀਤ ਨੇ ਥਾਣਾ ਸਦਰ ਫ਼ਾਰੂਖ਼ਾਬਾਦ, ਜ਼ਿਲ੍ਹਾ ਸ਼ੇਖੂਪੁਰਾ ਨੂੰ ਦਿੱਤੀ ਵੱਖਰੀ ਦਰਖਾਸਤ ਵਿੱਚ



ਸੁਰੱਖਿਆ ਦੀ ਮੰਗ ਕਰਦਿਆਂ ਲਿਖਿਆ ਕਿ ਕਿ ਪਾਕਿ ਵਿੱਚ ਕੁਝ ਲੋਕ ਉਸ ਨੂੰ ਅਤੇ ਉਸ ਦੇ ਪਤੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਫਿਲਹਾਲ ਸਰਬਜੀਤ ਤੇ ਉਸ ਦਾ ਪਾਕਿਸਤਾਨੀ ਪਤੀ ਘਰ ਨਹੀਂ ਪਰਤੇ ਅਤੇ ਕਿਸੇ ਅਣਦੱਸੀ ਥਾਂ 'ਤੇ ਚਲੇ ਗਏ ਹਨ।

ਭਾਰਤੀ ਪੱਖ ਵਿੱਚ, ਕਪੂਰਥਲਾ ਦੇ ਸੀਨੀਅਰ ਸੁਪਰਡੰਟੈਂਡੈਂਟ ਆਫ਼ ਪੁਲਿਸ ਗੌਰਵ ਤੂਰਾ ਨੇ ਦੱਸਿਆ, 'ਇਹ ਗੰਭੀਰ ਮਾਮਲਾ ਹੈ। ਅਸੀਂ ਕੇਂਦਰੀ ਖੁਫੀਆ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਅਧਿਕਾਰੀਆਂ ਨੇ ਅਮਨੀਪੁਰ ਪਿੰਡ ਵਿੱਚ ਉਸ ਦੇ ਦੋ ਬੇਟਿਆਂ ਨਾਲ ਗੱਲ ਕੀਤੀ ਹੈ ਅਤੇ ਉਸ ਦੇ ਪਾਕਿਸਤਾਨ ਜਾਣ ਦੇ ਇਰਾਦੇ ਬਾਰੇ ਜਾਣਕਾਰੀ ਇਕੱਤਰ ਕੀਤੀ ਹੈ।' ਤੂੜਾ ਨੇ ਇਹ ਵੀ ਜ਼ਿਕਰ ਕੀਤਾ ਕਿ ਸਰਬਜੀਤ ਦਾ ਪਾਸਪੋਰਟ ਮੁਕਤਸਰ ਜ਼ਿਲ੍ਹੇ ਦੇ ਮਲੋਟ ਦਾ ਹੈ ਅਤੇ ਉਸ ਨੇ ਵੀਜ਼ਾ ਅਰਜ਼ੀ ਵਿੱਚ ਨਾਗਰਿਕਤਾ ਅਤੇ ਪਾਸਪੋਰਟ ਨੰਬਰ ਨਹੀਂ ਲਿਖਿਆ ਸੀ, ਜੋ ਇੱਕ ਹੈਰਾਨੀ ਵਾਲੀ ਗੱਲ ਹੈ।

**ਸਰਬਜੀਤ ਦਾ ਬੀਤਿਆ ਜੀਵਨ: ਤਲਾਕ, ਅਪਰਾਧੀ ਰਿਕਾਰਡ ਅਤੇ ਪਰਿਵਾਰਕ ਵਿਵਾਦ**

ਸਰਬਜੀਤ ਅਮਨੀਪੁਰ ਪਿੰਡ ਵਿੱਚ ਆਪਣੇ ਦੋ ਬੇਟਿਆਂ ਨਾਲ ਰਹਿੰਦੀ ਸੀ। ਉਸ ਦਾ ਆਪਣੇ ਪਤੀ ਕਰਨੈਲ ਸਿੰਘ, ਨਾਲ ਤਲਾਕ ਹੋ ਗਿਆ ਸੀ। ਉਹ ਪਿਛਲੇ 15 ਸਾਲਾਂ ਤੋਂ ਇੰਗਲੈਂਡ ਵਿੱਚ ਰਹਿ ਰਿਹਾ ਹੈ। ਪਿੰਡ ਵਾਸੀਆਂ ਅਨੁਸਾਰ, ਤਲਾਕ ਤੋਂ ਬਾਅਦ ਸਰਬਜੀਤ ਨੇ ਆਪਣੇ ਬੱਚਿਆਂ ਨੂੰ ਇਕੱਲਿਆਂ ਪਾਲਿਆ ਅਤੇ ਘਰੇਲੂ ਕੰਮਾਂ ਨਾਲ ਗੁਜ਼ਾਰਾ ਚਲਾਇਆ। ਪਰ ਉਸ ਦਾ ਅਪਰਾਧੀ ਰਿਕਾਰਡ ਇਸ ਕਹਾਣੀ ਨੂੰ ਹੋਰ ਗੁੰਝਲਦਾਰ ਬਣਾਉਂਦਾ ਹੈ। ਬਠਿੰਡਾ ਅਤੇ ਕਪੂਰਥਲਾ ਵਿੱਚ ਉਸ ਵਿਰੁੱਧ ਧੋਖਾਧੜੀ ਅਤੇ ਚੋਰੀ ਦੇ ਤਿੰਨ ਕੇਸ ਰਜਿਸਟਰ ਹਨ। ਉਸ ਦੇ ਦੋਵੇਂ ਬੇਟੇ ਵੀ 10 ਐੱਫਆਈਆਰਾਂ ਵਿੱਚ ਘਿਰੇ ਹੋਏ ਹਨ, ਜਿਨ੍ਹਾਂ ਵਿੱਚ ਧੋਖਾਧੜੀ, ਹਮਲਾ ਅਤੇ ਚੋਰੀ ਸ਼ਾਮਲ ਹਨ।

ਪੁਲਿਸ ਅਨੁਸਾਰ, ਸਰਬਜੀਤ ਪਹਿਲਾਂ ਵੀ ਕਰਤਾਰਪੁਰ ਧਾਰਮਿਕ ਯਾਤਰਾ ਰਾਹੀਂ ਪਾਕਿਸਤਾਨ ਜਾ ਕੇ ਵਾਪਸ ਮੁੜੀ ਹੋਵੇ। ਕੇਂਦਰੀ ਏਜੰਸੀਆਂ ਹੁਣ ਉਸ ਦੇ ਪੁਰਾਣੇ ਰਿਕਾਰਡਾਂ ਨੂੰ ਖੰਗਾਲ ਰਹੀਆਂ ਹਨ ਕਿ ਇਹ ਕੋਈ ਵੱਡੀ ਸਾਜ਼ਿਸ਼ ਦਾ ਹਿੱਸਾ ਹੈ ਜਾਂ ਵਿਅਕਤੀਗਤ ਫੈਸਲਾ ਹੈ।

**ਸਿੱਖ ਸੱਭਿਆਚਾਰ ਦਾ ਸੰਕਟ ਤੇ ਸ਼੍ਰੋਮਣੀ ਕਮੇਟੀ ਅਤੇ ਸਿੱਖ ਚਿੰਤਕਾਂ ਦਾ ਪ੍ਰਤੀਕਰਮ**

ਸ਼੍ਰੋਮਣੀ ਕਮੇਟੀ ਦੇ ਸਕੱਤਰ ਪਰਤਾਪ ਸਿੰਘ ਨੇ ਕਿਹਾ, 'ਸ਼੍ਰੋਮਣੀ ਕਮੇਟੀ ਨੇ ਸਿਰਫ਼ ਯਾਤਰੀਆਂ ਦੇ ਨਾਮ ਸਿਫ਼ਾਰਸ਼ ਕੀਤੇ ਸਨ। ਪੁਲਿਸ ਵੈਰੀਫਿਕੇਸ਼ਨ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ

(ਬਾਕੀ ਸਫ਼ਾ 26 'ਤੇ)

## ਪਾਕਿ ਭਾਰਤੀ ਯਾਤਰੂਆਂ ਉੱਪਰ ਕਰ ਸਕਦੈ ਸਖ਼ਤੀ : ਰਮੇਸ਼ ਸਿੰਘ ਅਰੋੜਾ



ਅੰਮ੍ਰਿਤਸਰ: ਭਾਰਤੀ ਔਰਤ ਸਰਬਜੀਤ ਕੌਰ (48) ਦੇ ਸ਼ਰਧਾਲੂਆਂ ਦੇ ਜਥੇ ਨਾਲ ਪਾਕਿਸਤਾਨ ਪਹੁੰਚਣ ਤੋਂ ਬਾਅਦ ਉਥੋਂ ਫ਼ਰਾਰ ਹੋ ਕੇ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ (43) ਪੁੱਤਰ ਮੁਹੰਮਦ ਤੁਫ਼ੈਲ ਵਾਸੀ ਪਿੰਡ ਕੋਟ ਪਿੰਡੀ ਦਾਸ, ਨਵੀਂ ਆਬਾਦੀ, ਸ਼ੇਖ਼ੂਪੁਰਾ ਨਾਲ ਨਿਕਾਹ ਕਰਵਾਉਣ ਦੇ ਮਾਮਲੇ ਉਪਰੰਤ ਪਾਕਿ ਦੇ ਸਿੱਖ ਆਗੂਆਂ ਨੇ ਸਖ਼ਤ ਤੀਰਥ ਯਾਤਰਾ ਨੀਤੀ ਅਤੇ ਨਵੀਆਂ ਪਾਬੰਦੀਆਂ ਦੀ ਮੰਗ ਕੀਤੀ ਹੈ। ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿ ਭਾਰਤੀ ਯਾਤਰੂਆਂ ਲਈ ਸਖ਼ਤ ਨਿਯਮਾਂ 'ਤੇ ਵਿਚਾਰ ਕਰ ਰਿਹਾ ਹੈ, ਜਿਸ 'ਚ ਉਨ੍ਹਾਂ ਦੇ ਠਹਿਰਨ ਦੌਰਾਨ ਬਿਨਾਂ ਨਿਗਰਾਨੀ ਦੇ ਆਵਾਜਾਈ ਨੂੰ ਸੀਮਤ ਕਰਨਾ ਸ਼ਾਮਿਲ ਹੈ। ਉਨ੍ਹਾਂ ਨੇ ਕਿਹਾ ਕਿ ਉਕਤ ਘਟਨਾ ਨਾਲ ਪਾਕਿ ਦੀ ਸਾਖ਼ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਅਰੋੜਾ ਨੇ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇੱਕ ਇਕੱਲੀ ਔਰਤ ਨੂੰ ਜਥੇ ਨਾਲ ਯਾਤਰਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ, ਜਦੋਂਕਿ ਸਾਲ 2018 'ਚ ਕਿਰਨ ਬਾਲਾ ਉਰਫ਼ ਆਮਨਾ ਬੀਬੀ ਦਾ ਮਾਮਲਾ ਸਾਹਮਣੇ ਆ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪਾਕਿ ਗੁਰਦੁਆਰਾ ਕਮੇਟੀ ਸ਼੍ਰੋਮਣੀ ਕਮੇਟੀ ਦੀ ਮਾਰਫ਼ਤ ਰਸਮੀ ਤੌਰ 'ਤੇ ਬੇਨਤੀ ਕਰੇਗੀ ਕਿ ਭਵਿੱਖ ਦੇ ਜਥਿਆਂ ਵਿੱਚ ਕੋਈ ਵੀ ਇਕੱਲੀ ਔਰਤ ਸ਼ਰਧਾਲੂ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਨਾ ਭੇਜੀ ਜਾਵੇ।

## ਧਰਮ ਤਬਦੀਲੀ ਤੋਂ ਬਾਅਦ ਬੰਦ ਹੋਵੇ ਨਾਂਅ ਦੇ ਨਾਲ 'ਸਿੰਘ' ਤੇ 'ਕੌਰ' ਦੀ ਵਰਤੋਂ

### ਪੰਜਾਬ ਬਚਾਓ ਮੋਰਚੇ ਨੇ ਜਥੇਦਾਰ ਗੜਗੱਜ ਨੂੰ ਕੀਤੀ ਬੇਨਤੀ

ਜਲੰਧਰ/ਏ.ਟੀ.ਨਿਊਜ਼: ਪੰਜਾਬ ਬਚਾਓ ਮੋਰਚਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅੱਗੇ ਧਰਮ ਪਰਿਵਰਤਨ ਤੋਂ ਬਾਅਦ ਨਾਂਅ ਵਿੱਚ 'ਸਿੰਘ' ਅਤੇ 'ਕੌਰ' ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਇਸ ਮੰਗ ਨੂੰ ਲੈ ਕੇ ਮੋਰਚੇ ਦੇ ਵਫ਼ਦ ਨੇ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਸੰਗਠਨ ਦੇ ਮੁਖੀ ਤੇਜਸਵੀ ਮਿਨਹਾਸ, ਮਨਕੀਰਤ ਸਿੰਘ ਸਾਹਨੀ ਅਤੇ ਪੰਥਕ ਤਾਲਮੇਲ ਸੰਗਠਨ ਤੋਂ ਸੁਰਿੰਦਰਪਾਲ ਸਿੰਘ ਗੋਲਡੀ ਨੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ ਵੀ ਮੂਲ ਧਰਮ ਦੇ ਹਿੱਸੇ ਵਜੋਂ ਸਿੰਘ ਅਤੇ ਕੌਰ ਨਾਂਅ, ਧਾਰਮਿਕ ਚਿੰਨ੍ਹ ਅਤੇ ਪਛਾਣ ਦੀ ਵਰਤੋਂ ਜਾਰੀ ਰੱਖਣ ਦੀ ਲੋੜ ਬਾਰੇ ਦੱਸਿਆ ਗਿਆ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ, ਖਾਸ ਕਰ ਕੇ ਸਰਹੱਦੀ ਇਲਾਕਿਆਂ ਵਿੱਚ ਸ੍ਰੀ



ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤਾ ਗਿਆ ਸਿੱਖ ਸਰੂਪ ਧਰਮ ਪਰਿਵਰਤਨ ਤੋਂ ਬਾਅਦ ਵੀ ਬਰਕਰਾਰ ਹੈ। ਉਨ੍ਹਾਂ ਧਰਮ ਪਰਿਵਰਤਨ ਤੋਂ ਬਾਅਦ ਵੀ ਪੱਗੜੀ ਅਤੇ ਕਿਰਪਾਨ ਪਹਿਨਣ ਸਮੇਤ ਪਵਿੱਤਰ ਚਿੰਨ੍ਹਾਂ ਦੀ ਵਰਤੋਂ ਬਾਰੇ ਵੀ ਗੱਲ ਕੀਤੀ। ਮਿਨਹਾਸ ਨੇ ਕਿਹਾ ਕਿ ਅਜਿਹਾ ਕਰ ਕੇ ਲੋਕ ਆਪਣੀ ਅਸਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਦੂਜਾ ਧਰਮ ਅਪਣਾ ਰਹੇ ਹਨ, ਜੋ ਕਿ ਸਿਧਾਂਤਾਂ ਦੇ ਉਲਟ ਹੈ। ਇਸ ਦੌਰਾਨ ਵੱਖ-ਵੱਖ ਧਰਮਾਂ ਲਈ ਸਰਕਾਰ ਦੇ ਰਾਹਤ ਉਪਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਸਿੱਖ ਧਰਮ ਦੀ ਸ਼ਾਨ ਦੀ ਉਲੰਘਣਾ ਕਰਦਾ ਹੈ। ਇਸ ਸਬੰਧੀ ਇੱਕ ਹੁਕਮਨਾਮਾ ਜਾਰੀ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ 'ਸਿੱਖ' ਅਤੇ 'ਕੌਰ' ਸ਼ਬਦਾਂ ਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ 'ਤੇ ਪਾਬੰਦੀ ਸਬੰਧੀ ਹਦਾਇਤਾਂ ਸ਼ਾਮਲ ਹਨ। ਮਾਮਲੇ ਨੂੰ ਲੈ ਕੇ ਮੋਰਚੇ ਨੇ 12 ਨਵੰਬਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਇਸ ਗੱਲ ਦਾ ਦਾਅਵਾ ਕਰਦੇ ਹੋਏ ਜਥੇਦਾਰ ਨੂੰ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਸੀ।

ਇਸ ਮੌਕੇ ਉਨ੍ਹਾਂ ਦੇ ਨਾਲ ਜਗਦੀਪ ਸਿੰਘ ਸੋਨੂ ਸੰਧਾਰ, ਫਿਕਰ ਏ ਹੋਂਦ ਤੇ ਜੱਟ ਸਿੱਖ ਪ੍ਰੀਸ਼ਦ ਤੋਂ ਸੁਖਵਿੰਦਰ ਸਿੰਘ ਲਾਲੀ, ਗੁਰਮੀਤ ਸਿੰਘ, ਐਡਵੋਕੇਟ ਰਵੀ ਵਿਨਾਇਕ ਤੇ ਵਿਸ਼ਾਲ ਵਿਨਾਇਕ ਮੌਜੂਦ ਸਨ।

# ਅਮਰੀਕਾ ਵਿੱਚ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ

## ਟਰੰਪ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਨ ਉਦਯੋਗਿਕ ਵਿਕਾਸ ਲਈ ਖੜ੍ਹੀਆਂ ਹੋਈਆਂ ਦਿੱਕਤਾਂ



ਵਾਸ਼ਿੰਗਟਨ/ਨਿਊਯਾਰਕ/ਏ.ਟੀ.ਨਿਊਜ਼: ਜਿਸ ਅਮਰੀਕਾ ਨੇ ਦੁਨੀਆਂ ਨੂੰ ਸਿਲੀਕਾਨ ਵੈਲੀ, ਟੇਸਲਾ, ਸਪੇਸਐਕਸ ਤੇ ਐਪਲ ਵਰਗੇ ਨਾਂਅ ਦਿੱਤੇ, ਅੱਜ ਉਹੀ ਅਮਰੀਕਾ ਆਪਣੀਆਂ ਫੈਕਟਰੀਆਂ ਵਿੱਚ ਇੱਕ ਵੀ ਚੰਗਾ ਮਕੈਨਿਕ, ਪਲੰਬਰ ਜਾਂ ਟਰੱਕ ਡਰਾਈਵਰ ਨਹੀਂ ਲੱਭ ਰਿਹਾ। ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਦੂਜੀ ਵਾਰੀ ਵ੍ਹਾਈਟ ਹਾਊਸ ਵਿੱਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ 'ਤੇ ਸਭ ਤੋਂ ਸਖ਼ਤ ਨੀਤੀਆਂ ਲਾਗੂ ਕਰਨ ਦਾ ਵਾਅਦਾ ਕਰ ਰਹੇ ਹਨ, ਦੂਜੇ ਪਾਸੇ ਅਮਰੀਕੀ ਉਦਯੋਗ ਜਗਤ ਔਖਾ ਹੈ ਕਿ ਜੇਕਰ ਹੁਨਰਮੰਦ ਕਾਮੇ ਨਾ ਆਏ ਤਾਂ ਸਾਡੀਆਂ ਫੈਕਟਰੀਆਂ ਬੰਦ ਹੋ ਜਾਣਗੀਆਂ।

ਸਭ ਤੋਂ ਵੱਡਾ ਸੰਕਟ ਆਟੋਮੋਟਿਵ ਸੈਕਟਰ ਵਿੱਚ ਹੈ। ਡੈਟਰਾਇਟ ਦੀਆਂ ਵੱਡੀਆਂ ਕਾਰ ਕੰਪਨੀਆਂ ਹੁਣ ਮਕੈਨਿਕਾਂ ਨੂੰ 1 ਕਰੋੜ ਰੁਪਏ (ਲਗਭਗ 120,000 ਡਾਲਰ) ਸਾਲਾਨਾ ਤਨਖ਼ਾਹ ਦੀ ਪੇਸ਼ਕਸ਼ ਕਰ ਰਹੀਆਂ ਹਨ, ਪਰ ਫਿਰ ਵੀ ਨੌਜਵਾਨ ਅੱਗੇ ਨਹੀਂ ਆ ਰਹੇ। ਫੋਰਡ, ਜਨਰਲ ਮੋਟਰਜ਼ ਤੇ ਸਟੈਲੈਂਟਿਸ ਵਰਗੀਆਂ ਕੰਪਨੀਆਂ ਦੇ ਪਲਾਂਟਾਂ ਵਿੱਚ ਹਜ਼ਾਰਾਂ ਅਹੁਦੇ ਖ਼ਾਲੀ ਪਏ ਹਨ। ਇਕੱਲਾ ਆਟੋ ਸੈਕਟਰ ਹੀ 2.5 ਲੱਖ ਤੋਂ ਵੱਧ ਮਕੈਨਿਕਾਂ ਦੀ ਘਾਟ ਦਾ ਸ਼ਿਕਾਰ ਹੈ।

ਫੋਰਡ ਮੋਟਰ ਕੰਪਨੀ ਦੇ ਮੁਖੀ ਜਿਮ ਫਾਰਲੇ ਨੇ ਕਿਹਾ, 'ਅਸੀਂ ਸੁਪਰ ਡਿਊਟੀ ਟਰੱਕ ਦਾ ਡੀਜ਼ਲ ਇੰਜਣ ਕੱਢਣਾ ਸਿਖਾਉਣ ਵਿੱਚ 4-5 ਸਾਲ ਲਗਾਉਂਦੇ ਹਾਂ। ਪਰ ਅੱਜ ਦੇ ਅਮਰੀਕੀ ਨੌਜਵਾਨਾਂ ਕੋਲ ਬੇਸਿਕ ਟੂਲਜ਼ ਵਰਤਣ ਦਾ ਵੀ ਤਜਰਬਾ ਨਹੀਂ। ਇਹ ਸਿਰਫ਼ ਫੋਰਡ ਦੀ ਨਹੀਂ, ਪੂਰੇ ਅਮਰੀਕਾ ਦੀ ਸਮੱਸਿਆ ਹੈ।'

**ਅਮਰੀਕਾ ਦੇ 10 ਲੱਖ ਤੋਂ ਵੱਧ ਅਹਿਮ ਅਹੁਦੇ ਖ਼ਾਲੀ**

ਅਮਰੀਕੀ ਲੇਬਰ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਵਿੱਚ ਇਸ ਵੇਲੇ 10.5 ਲੱਖ ਤੋਂ ਵੱਧ ਅਹਿਮ ਨੌਕਰੀਆਂ ਖ਼ਾਲੀ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

ਮਕੈਨਿਕ ਤੇ ਟੈਕਨੀਸ਼ੀਅਨ, ਪਲੰਬਰ ਤੇ ਇਲੈਕਟ੍ਰੀਸ਼ੀਅਨ, ਵੈਲਡਰ ਤੇ ਮਸ਼ੀਨ ਆਪਰੇਟਰ, ਟਰੱਕ ਡਰਾਈਵਰ, ਐਚ ਏਵੀਏਸੀ ਟੈਕਨੀਸ਼ੀਅਨ, ਫ਼ੈਕਟਰੀ ਵਰਕਰ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਅਹੁਦੇ 80,000 ਤੋਂ 150,000 ਡਾਲਰ ਸਾਲਾਨਾ (70 ਲੱਖ ਤੋਂ 1.3 ਕਰੋੜ ਰੁਪਏ) ਤੱਕ ਦਿੰਦੇ ਹਨ, ਫਿਰ ਵੀ ਅਰਜ਼ੀਆਂ ਨਹੀਂ ਆ ਰਹੀਆਂ।

**ਮੈਨੂਅਲ ਸਕਿੱਲਜ਼ ਦਾ ਸੰਕਟ - ਕਾਲਜ ਡਿਗਰੀ ਕੰਮ ਨਾ ਆਈ**

ਅਮਰੀਕਾ ਦੀ ਸਭ ਤੋਂ ਵੱਡੀ ਗਲਤੀ ਇਹ ਰਹੀ ਕਿ ਪਿਛਲੇ 30-40 ਸਾਲਾਂ ਵਿੱਚ ਹਰ ਮਾਂ-ਬਾਪ ਨੇ ਆਪਣੇ ਬੱਚੇ ਨੂੰ ਕਿਹਾ 'ਚਾਰ ਸਾਲ ਦੀ ਕਾਲਜ ਡਿਗਰੀ ਲੈ ਲੈ, ਚੰਗੀ ਨੌਕਰੀ ਲੱਗ ਜੂ। ਨਤੀਜਾ? ਵੋਕੇਸ਼ਨਲ ਸਕੂਲ ਬੰਦ ਹੋ ਗਏ, ਟਰੇਡ ਸਕੂਲਾਂ ਵਿੱਚ ਨਾਮ ਲਈ ਵੀ ਵਿਦਿਆਰਥੀ ਨਹੀਂ ਗਏ। ਅੱਜ ਅਮਰੀਕਾ ਵਿੱਚ ਬੇਸ਼ੁਮਾਰ ਨੌਜਵਾਨਾਂ ਕੋਲ ਫਿਲਾਸਫੀ, ਸੋਸ਼ਿਓਲੋਜੀ ਤੇ ਜੈਂਡਰ ਸਟੱਡੀਜ਼ ਦੀਆਂ ਡਿਗਰੀਆਂ ਹਨ, ਪਰ ਕੋਈ ਵੀ ਇਹ ਨਹੀਂ ਜਾਣਦਾ ਕਿ ਇੱਕ ਡੀਜ਼ਲ ਇੰਜਣ ਨੂੰ ਖੋਲ੍ਹਿਆ ਕਿਵੇਂ ਜਾਂਦਾ ਹੈ।'

ਜਿਮ ਫਾਰਲੇ ਨੇ ਕਿਹਾ, ਅਸੀਂ ਏ.ਆਈ., ਚਿੱਪਸ ਤੇ ਸਾਫਟਵੇਅਰ ਵਿੱਚ ਦੁਨੀਆਂ ਦੀ ਅਗਵਾਈ ਕਰ ਰਹੇ ਹਾਂ, ਪਰ ਜਦੋਂ ਗੱਲ ਅਸਲ ਚੀਜ਼ ਬਣਾਉਣ ਦੀ ਆਉਂਦੀ ਹੈ ਤਾਂ ਅਸੀਂ ਪਿੱਛੇ ਰਹਿ ਗਏ ਹਾਂ।

**ਇਮੀਗ੍ਰੇਸ਼ਨ ਸਖ਼ਤੀ ਦੇ ਨਤੀਜੇ ਮਾੜੇ ਨਿਕਲੇ**

2017-2020 ਦੇ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਐਚ-12ਬੀ, ਐਚ -2ਬੀ ਤੇ ਐਲ-1 ਵੀਜ਼ਿਆਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਸਨ। ਨਤੀਜਾ? ਲੱਖਾਂ ਹੁਨਰਮੰਦ ਕਾਮੇ ਮੈਕਸੀਕੋ, ਭਾਰਤ, ਚੀਨ, ਫਿਲੀਪੀਨਜ਼ ਤੇ ਮੱਧ ਏਸ਼ੀਆ ਤੋਂ ਅਮਰੀਕਾ ਨਹੀਂ ਆ ਸਕੇ। ਬਹੁਤ ਸਾਰੇ ਤਾਂ ਕੈਨੇਡਾ, ਜਰਮਨੀ ਤੇ ਆਸਟ੍ਰੇਲੀਆ ਚਲੇ ਗਏ।

ਹੁਣ ਟਰੰਪ ਮਾਸ ਡਿਪੋਰਟੇਸ਼ਨ ਤੇ ਬਾਰਡਰ ਵਾਲ ਦੀ ਗੱਲ ਕਰ ਰਹੇ ਹਨ। ਪਰ ਅਮਰੀਕੀ ਵਪਾਰ ਜਗਤ ਡਰਿਆ ਹੋਇਆ ਹੈ। ਚੈਂਬਰ ਆਫ਼ ਕਾਮਰਸ, ਨੈਸ਼ਨਲ ਐਸੋਸੀਏਸ਼ਨ ਆਫ਼ ਮੈਨੂਫੈਕਚਰਰਜ਼ ਤੇ ਆਟੋ ਅਲਾਇੰਸ ਨੇ ਖੁੱਲ੍ਹ ਕੇ ਕਿਹਾ ਹੈ ਕਿ ਜੇਕਰ ਹੁਨਰਮੰਦ ਇਮੀਗ੍ਰੇਂਟਸ ਨੂੰ ਨਾ ਆਉਣ ਦਿੱਤਾ ਗਿਆ ਤਾਂ ਅਮਰੀਕੀ ਉਦਯੋਗ ਨੂੰ ਬਹੁਤ ਵੱਡਾ ਝਟਕਾ ਲੱਗੇਗਾ।

**ਕੀ ਹੁਣ ਟਰੰਪ ਦੀਆਂ ਨੀਤੀਆਂ ਢਿੱਲੀਆਂ ਹੋਣਗੀਆਂ?**

ਟਰੰਪ ਦੇ ਨਵੇਂ ਪ੍ਰਸ਼ਾਸਨ ਵਿੱਚ ਵਪਾਰ ਸਲਾਹਕਾਰਾਂ ਦਾ ਇੱਕ ਵੱਡਾ ਹਿੱਸਾ ਚਾਹੁੰਦਾ ਹੈ ਕਿ ਘੱਟੋ-ਘੱਟ ਹੁਨਰਮੰਦ ਵਰਕਰ ਵੀਜ਼ਾ ਪ੍ਰੋਗਰਾਮ ਨੂੰ ਫਿਰ ਤੋਂ ਖੋਲ੍ਹਿਆ ਜਾਵੇ। ਟਰੰਪ ਨੇ ਚੋਣ ਮੁਹਿੰਮ ਦੌਰਾਨ ਵੀ ਕਿਹਾ ਸੀ, ਅਸੀਂ ਸਿਰਫ਼ ਮੈਰਿਟ ਬੇਸਡ ਇਮੀਗ੍ਰੇਸ਼ਨ ਚਾਹੁੰਦੇ ਹਾਂ - ਜੋ ਦੇਸ਼ ਲਈ ਚੰਗਾ ਕਰਨ, ਉਹ ਆਵੇ। ਪਰ ਹੁਣ ਲੱਗ ਰਿਹਾ ਹੈ ਕਿ ਉਦਯੋਗ ਦੇ ਦਬਾਅ ਕਾਰਨ ਉਨ੍ਹਾਂ ਨੂੰ ਆਪਣੀ ਸਖ਼ਤੀ ਵਿੱਚ ਨਰਮੀ ਲਿਆਉਣੀ ਪਵੇਗੀ।

### ਪੰਜਾਬੀ ਭਾਈਚਾਰੇ ਲਈ ਕੀ ਮਤਲਬ?

ਅਮਰੀਕਾ ਵਿੱਚ ਟਰੱਕਿੰਗ ਉਦਯੋਗ ਪੰਜਾਬੀਆਂ ਦਾ ਗੜ੍ਹ ਰਿਹਾ ਹੈ। ਕੈਲੀਫੋਰਨੀਆ, ਟੈਕਸਾਸ ਤੇ ਨਿਊਜਰਸੀ ਵਿੱਚ ਹਜ਼ਾਰਾਂ ਪੰਜਾਬੀ ਟਰੱਕ ਡਰਾਈਵਰ ਹਨ। ਪਰ ਪਿਛਲੇ ਕੁਝ ਸਾਲਾਂ ਵਿੱਚ ਸੀ.ਡੀ.ਐਲ. ਲਾਇਸੈਂਸ ਲੈਣ ਵਾਲੇ ਨਵੇਂ ਡਰਾਈਵਰਾਂ ਦੀ ਗਿਣਤੀ ਘੱਟ ਗਈ ਹੈ ਕਿਉਂਕਿ ਨਵੇਂ ਇਮੀਗ੍ਰੇਂਟਸ ਨੂੰ ਵੀਜ਼ਾ ਨਹੀਂ ਮਿਲ ਰਿਹਾ। ਜੇਕਰ ਸਰਹੱਦ ਬਿਲਕੁਲ ਬੰਦ ਹੋ ਗਈ ਤਾਂ ਪੰਜਾਬੀ ਟਰੱਕਿੰਗ ਕਾਰੋਬਾਰ 'ਤੇ ਵੀ ਬਹੁਤ ਮਾੜਾ ਅਸਰ ਪਵੇਗਾ।

ਅੰਤ ਵਿੱਚ ਅਮਰੀਕਾ ਅੱਜ ਉਸੇ ਦੋਰਾਹੇ 'ਤੇ ਖੜ੍ਹਾ ਹੈ ਜਿੱਥੇ 1960 ਦੇ ਦਹਾਕੇ ਵਿੱਚ ਜਰਮਨੀ ਖੜ੍ਹਾ ਸੀ - ਜਦੋਂ ਉਸ ਨੇ ਟਰਕੀ ਤੋਂ ਗੈਸਟ ਵਰਕਰ ਬੁਲਾਏ ਸਨ। ਜਾਂ ਤਾਂ ਅਮਰੀਕਾ ਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਮੁੜ ਤੋਂ ਹੱਥਾਂ ਨਾਲ ਕੰਮ ਸਿਖਾਉਣਾ ਪਵੇਗਾ, ਜਾਂ ਫਿਰ ਬਾਹਰੋਂ ਹੁਨਰਮੰਦ ਕਾਮਿਆਂ ਨੂੰ ਬੁਲਾਉਣ ਦੀਆਂ ਦਰਵਾਜ਼ੇ ਖੋਲ੍ਹਣੇ ਪੈਣਗੇ।

ਜੇਕਰ ਟਰੰਪ ਸਰਕਾਰ ਨੇ ਸਿਰਫ਼ ਅਮਰੀਕਾ ਫਸਟ ਦਾ ਨਾਅਰਾ ਹੀ ਲਾਇਆ ਤੇ ਅਸਲ ਹੁਨਰ ਨੂੰ ਅੰਦਰ ਨਾ ਆਉਣ ਦਿੱਤਾ, ਤਾਂ ਜਲਦੀ ਹੀ ਅਮਰੀਕੀ ਫੈਕਟਰੀਆਂ ਵਿੱਚ ਤਾਲੇ ਲੱਗ ਜਾਣਗੇ ਤੇ ਉਹੀ ਅਮਰੀਕਾ ਜੋ ਦੁਨੀਆਂ ਨੂੰ ਕਾਰਾਂ, ਟਰੱਕ ਤੇ ਮਸ਼ੀਨਾਂ ਸਪਲਾਈ ਕਰਦਾ ਸੀ, ਆਪ ਉਨ੍ਹਾਂ ਦੀ ਮੁਰੰਮਤ ਨਹੀਂ ਕਰ ਸਕੇਗਾ।

## ਅਮਰੀਕਾ ਨੂੰ ਵਿਦੇਸ਼ੀ ਲੇਬਰ ਦੀ ਲੋੜ: ਟਰੰਪ




ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਪੇਸ਼ੇਵਰਾਂ 'ਚ ਪਸੰਦੀਦਾ ਐੱਚ-1ਬੀ ਵੀਜ਼ਾ ਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਲੇਬਰ ਦੀ ਲੋੜ ਹੈ ਕਿਉਂਕਿ ਉਹ ਅਮਰੀਕੀ ਲੇਬਰ ਨੂੰ ਟ੍ਰੇਨਿੰਗ ਦਿੰਦੇ ਹਨ।

ਉਨ੍ਹਾਂ ਇਸ ਵੀਜ਼ਾ ਲਈ ਅਜਿਹੇ ਸਮੇਂ 'ਚ ਸਮਰਥਨ ਦੁਹਰਾਇਆ ਹੈ, ਜਦੋਂ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਕਈ ਨੇਤਾ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ। ਟਰੰਪ ਨੇ ਪਿਛਲੇ ਹਫ਼ਤੇ ਵੀਜ਼ਾ ਪ੍ਰੋਗਰਾਮ ਦਾ ਬਚਾਅ ਕਰਦੇ ਹੋਏ ਕਿਹਾ ਸੀ ਕਿ ਅਮਰੀਕਾ ਨੂੰ ਦੁਨੀਆ ਭਰ ਤੋਂ ਹੁਨਰ ਨੂੰ ਲਿਆਉਣਾ ਪਵੇਗਾ ਕਿਉਂਕਿ ਸਾਡੇ ਦੇਸ਼ 'ਚ ਕੁਝ ਖ਼ਾਸ ਹੁਨਰ ਨਹੀਂ ਹੈ।

ਟਰੰਪ ਨੇ ਵ੍ਹਾਈਟ ਹਾਊਸ 'ਚ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਅਮਰੀਕਾ 'ਚ ਬਹੁਤ ਘੱਟ ਚਿੱਪਾਂ ਬਣਾਉਂਦੇ ਹਾਂ ਪਰ ਆਉਣ ਵਾਲੇ ਇਕ ਸਾਲ 'ਚ ਅਸੀਂ ਵੱਡੇ ਪੱਧਰ 'ਤੇ ਚਿੱਪ ਨਿਰਮਾਣ ਕਰਨ ਜਾ ਰਹੇ ਹਾਂ। ਅਸੀਂ ਚਿੱਪ ਮਾਰਕੀਟ ਦਾ ਵੱਡਾ ਹਿੱਸਾ ਹਾਸਲ ਕਰਨ ਜਾ ਰਹੇ ਹਾਂ ਪਰ ਸਾਨੂੰ ਆਪਣੇ ਲੋਕਾਂ ਨੂੰ ਚਿੱਪ ਬਣਾਉਣਾ ਸਿਖਾਉਣਾ ਹੋਵੇਗਾ। ਅਮਰੀਕਾ ਪਹਿਲਾਂ ਇਹ ਕੰਮ ਕਰਦਾ ਸੀ। ਅਸੀਂ ਗ਼ਲਤੀ ਨਾਲ ਇਹ ਉਦਯੋਗ ਤਾਇਵਾਨ ਹੱਥੋਂ ਗੁਆ ਦਿੱਤਾ। ਪਿਛਲੇ ਹਫ਼ਤੇ ਟਰੰਪ ਨੇ ਫਾਕਸ ਨਿਊਜ਼ 'ਤੇ ਲੌਰਾ ਇੰਗ੍ਰਾਹਮ ਨੂੰ ਦਿੱਤੀ ਇਕ ਇੰਟਰਵਿਊ 'ਚ ਵੀ ਐੱਚ-1ਬੀ ਵੀਜ਼ਾ ਦਾ ਸਮਰਥਨ ਕੀਤਾ ਸੀ। ਉਨ੍ਹਾਂ ਤੋਂ ਜਦੋਂ ਪੁੱਛਿਆ ਗਿਆ ਸੀ ਕਿ ਕੀ ਐੱਚ-1ਬੀ ਵੀਜ਼ਾ ਦਾ ਮੁੱਦਾ ਉਨ੍ਹਾਂ ਦੇ ਪ੍ਰਸ਼ਾਸਨ ਲਈ ਵੱਡੀ ਪਹਿਲ ਨਹੀਂ ਹੋਵੇਗਾ ਤਾਂ ਇਸਦੇ ਜਵਾਬ 'ਚ ਉਨ੍ਹਾਂ ਕਿਹਾ ਸੀ ਕਿ ਮੈਂ ਸਹਿਮਤ ਹਾਂ ਪਰ ਤੁਹਾਨੂੰ ਹੁਨਰ ਵੀ ਲਿਆਉਣਾ ਹੋਵੇਗਾ। ਜਦੋਂ ਇੰਗ੍ਰਾਹਮ ਨੇ ਕਿਹਾ ਕਿ ਸਾਡੇ ਕੋਲ ਵੀ ਹੁਨਰ ਹੈ ਤਾਂ ਉਨ੍ਹਾਂ ਕਿਹਾ ਕਿ ਨਹੀਂ ਤੁਹਾਡੇ ਕੋਲ ਨਹੀਂ ਹੈ। ਲੋਕਾਂ ਨੂੰ ਸਿੱਖਣਾ ਹੋਵੇਗਾ।

### ਬ੍ਰਿਟੇਨ ਵੱਲੋਂ ਸ਼ਰਨਾਰਥੀ ਨੀਤੀ 'ਤੇ ਵੱਡਾ ਝਟਕਾ

## ਪੀ.ਆਰ. ਲਈ 20 ਸਾਲਾਂ ਦੀ ਉਡੀਕ, ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਲੇਬਰ ਸਰਕਾਰ ਦਾ ਸਖ਼ਤ ਕਦਮ




ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਦੀ ਲੇਬਰ ਸਰਕਾਰ ਨੇ ਹੁਣੇ ਜਿਹੇ ਦੇਸ਼ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਲਈ ਇੱਕ ਅਜਿਹਾ ਨੀਤੀਗਤ ਬਦਲਾਅ ਐਲਾਨ ਕੀਤਾ ਹੈ ਜੋ ਕਿ ਸਖ਼ਤ ਮੰਨਿਆ ਜਾ ਰਿਹਾ ਹੈ। ਇਸ ਨਵੀਂ ਨੀਤੀ ਅਨੁਸਾਰ, ਸ਼ਰਨਾਰਥੀਆਂ ਨੂੰ ਹੁਣ ਸਥਾਈ ਨਿਵਾਸ (ਪੀ.ਆਰ.) ਦੀ ਬਜਾਏ ਸਿਰਫ਼ ਅਸਥਾਈ ਸਥਿਤੀ ਮਿਲੇਗੀ ਅਤੇ ਪੀਆਰ ਹਾਸਲ ਕਰਨ ਲਈ ਉਡੀਕ ਦਾ ਸਮਾਂ ਪੰਜ ਸਾਲਾਂ ਤੋਂ ਵਧਾ ਕੇ 20 ਸਾਲ ਕਰ ਦਿੱਤਾ ਗਿਆ ਹੈ। ਗ੍ਰਹਿ ਸਕੱਤਰ ਯਾਬਾਨਾ ਮਹਿਮੂਦ ਨੇ ਇਸ ਨੂੰ 'ਦੇਸ਼ ਨੂੰ ਇਕਜੁੱਟ ਕਰਨ ਵਾਲਾ ਕਦਮ' ਕਿਹਾ ਹੈ, ਪਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੂੰ 'ਬੇਰਹਿਮੀ ਵਾਲੀ ਨੀਤੀ' ਕਰਾਰ ਦਿੱਤਾ ਹੈ। ਇਹ ਬਦਲਾਅ ਖਾਸ ਤੌਰ 'ਤੇ ਫਰਾਂਸ ਤੋਂ ਗੈਰ-ਕਾਨੂੰਨੀ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ, ਜਿਸ ਨਾਲ ਭਾਰਤੀ ਵਿਦਿਆਰਥੀਆਂ ਅਤੇ ਕੁਆਲੀਫਾਈਡ ਵਰਕਰਾਂ ਵਰਗੇ ਕਾਨੂੰਨੀ ਪ੍ਰਵਾਸੀਆਂ ਵਿੱਚ ਵੀ ਚਿੰਤਾ ਪੈਦਾ ਹੋ ਗਈ ਹੈ।

ਲੇਬਰ ਸਰਕਾਰ ਦੇ ਇਸ ਫੈਸਲੇ ਨੂੰ ਰਾਜਨੀਤਕ ਰੂਪ ਵਿੱਚ ਰਿਫਾਰਮ ਯੂ.ਕੇ. ਪਾਰਟੀ (ਆਰ.ਯੂ.ਕੇ.ਪੀ.) ਦੇ ਵਧਦੇ ਪ੍ਰਭਾਵ ਨੂੰ ਜਵਾਬ ਮੰਨਿਆ ਜਾ ਰਿਹਾ ਹੈ। ਆਰ.ਯੂ.ਕੇ.ਪੀ. ਨੇ ਪਿਛਲੇ ਕੁਝ ਸਾਲਾਂ ਵਿੱਚ ਪ੍ਰਵਾਸ ਨੂੰ ਰਾਸ਼ਟਰੀ ਏਜੰਡੇ ਦਾ ਕੇਂਦਰ ਬਣਾ ਕੇ ਚੋਣਾਂ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਨੂੰ 'ਸੁਧਾਰ ਵਾਲਾ ਕਦਮ' ਕਹਿ ਕੇ ਪੇਸ਼ ਕੀਤਾ ਹੈ, ਜੋ ਡੈਨਮਾਰਕ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤੋਂ ਪ੍ਰੇਰਿਤ ਹੈ।

(ਬਾਕੀ ਸਫ਼ਾ 26 'ਤੇ)

## ਬ੍ਰਿਟਿਸ਼ ਲੇਖਕ ਡੇਵਿਡ ਸ਼ਾਅਲੇ ਨੂੰ ਨਾਵਲ 'ਫਲੈਸ਼' ਲਈ ਬੁੱਕਰ ਪੁਰਸਕਾਰ 2025 ਦਾ ਜੇਤੂ ਐਲਾਨਿਆ



ਲੰਡਨ/ਏ.ਟੀ.ਨਿਊਜ਼: ਹੰਗੇਰੀਅਨ-ਬ੍ਰਿਟਿਸ਼ ਲੇਖਕ ਡੇਵਿਡ ਸ਼ਾਅਲੇ ਨੂੰ ਉਸ ਦੇ ਨਾਵਲ 'ਫਲੈਸ਼' ਲਈ ਵੱਕਾਰੀ ਬੁੱਕਰ ਪੁਰਸਕਾਰ 2025 ਦਾ ਜੇਤੂ ਐਲਾਨਿਆ ਗਿਆ ਹੈ। ਲੰਡਨ ਵਿੱਚ ਪਿਛਲੇ ਦਿਨੀਂ ਹੋਏ ਸਮਾਗਮ ਵਿੱਚ ਸ਼ਾਅਲੇ ਨੇ ਭਾਰਤੀ ਲੇਖਕਾ ਕਿਰਨ ਦੇਸਾਈ ਦੇ ਨਾਵਲ 'ਦਿ ਲੋਨਲੀਨੈੱਸ ਆਫ ਸੋਨੀਆ ਐਂਡ ਸਨੀ' ਨੂੰ ਪਛਾੜ ਕੇ ਇਹ ਪੁਰਸਕਾਰ ਜਿੱਤਿਆ। 51 ਸਾਲਾ ਸ਼ਾਅਲੇ ਨੂੰ 50,000 ਪੌਂਡ ਦੀ ਇਨਾਮੀ ਰਾਸ਼ੀ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਉਸ ਦਾ ਨਾਵਲ ਅਜਿਹੇ ਸ਼ਖ਼ਸ ਦੀ ਕਹਾਣੀ ਹੈ ਜੋ ਭਾਵਨਾਤਮਕ ਤੌਰ 'ਤੇ ਦੁਨੀਆ ਤੋਂ ਟੁੱਟਿਆ ਹੋਇਆ ਹੈ। ਉਧਰ, ਕਿਰਨ ਦੇਸਾਈ ਬੁੱਕਰ ਪੁਰਸਕਾਰ ਦੇ 56 ਸਾਲਾਂ ਦੇ ਇਤਿਹਾਸ ਵਿੱਚ ਇਹ ਪੁਰਸਕਾਰ ਦੋ ਵਾਰ ਜਿੱਤਣ ਵਾਲੀ ਪੰਜਵੀਂ ਲੇਖਕਾ ਬਣਨ ਤੋਂ ਖੁੰਝ ਗਈ। ਉਸ ਨੇ ਪਹਿਲਾਂ 2006 ਵਿੱਚ ਨਾਵਲ 'ਦਿ ਇਨਹੈਰੀਟੈਂਸ ਆਫ ਲੌਸ' ਲਈ ਇਹ ਪੁਰਸਕਾਰ ਜਿੱਤਿਆ ਸੀ। ਕਿਰਨ ਦੇਸਾਈ ਦੇ 667 ਪੰਨਿਆਂ ਦੇ ਨਾਵਲ ਨੂੰ ਜੱਜਾਂ ਨੇ 'ਪਿਆਰ ਤੇ ਪਰਿਵਾਰ, ਭਾਰਤ ਤੇ ਅਮਰੀਕਾ, ਪਰੰਪਰਾ ਤੇ ਆਧੁਨਿਕਤਾ ਦਾ ਮਹਾਕਾਵਿ' ਦੱਸਿਆ; ਹਾਲਾਂਕਿ ਅੰਤ ਵਿੱਚ ਜੱਜਾਂ ਨੂੰ 'ਫਲੈਸ਼' ਨੇ ਵਧੇਰੇ ਪ੍ਰਭਾਵਿਤ ਕੀਤਾ। ਇਸ ਪੁਰਸਕਾਰ ਦੀ ਦੌੜ ਵਿੱਚ ਛੇ ਨਾਵਲ ਸ਼ਾਮਲ ਸਨ ਜਿਨ੍ਹਾਂ ਵਿੱਚ

(ਬਾਕੀ ਸਫ਼ਾ 26 'ਤੇ)

ਦਰਪਣ ਝੂਠ ਨਹੀਂ ਬੋਲਦਾ

# ਵੈਸਟ ਮਿਡਲੈਂਡਜ਼ ਦੇ ਨਸਲੀ ਹਮਲਿਆਂ ਨੇ ਸਿੱਖ ਬੀਬੀਆਂ ਦੀ ਅਜ਼ਾਦੀ ਖੋਹੀ

## ਨਸਲਵਾਦੀ ਗੁੰਡਿਆਂ ਕਾਰਨ ਘਰੋਂ ਇਕੱਲੀਆਂ ਨਿਕਲਣ ਤੋਂ ਡਰੀਆਂ

ਯੂ.ਕੇ. ਦੇ ਵੈਸਟ ਮਿਡਲੈਂਡਜ਼ ਖੇਤਰ ਵਿੱਚ ਹੋ ਰਹੇ ਨਸਲਵਾਦੀ ਅਤੇ ਧਾਰਮਿਕ ਭਾਵਨਾਵਾਂ ਨਾਲ ਪ੍ਰੇਰਿਤ ਹਮਲਿਆਂ ਨੇ ਸਿੱਖ ਭਾਈਚਾਰੇ, ਖਾਸ ਕਰਕੇ ਸਿੱਖ ਔਰਤਾਂ ਵਿੱਚ ਡੂੰਘੀ ਦਹਿਸ਼ਤ ਪੈਦਾ ਕਰ ਦਿੱਤੀ ਹੈ। ਵਾਲਸਾਲ, ਓਲਡਬਰੀ ਅਤੇ ਵੌਲਵਰਹੈਂਪਟਨ ਵਰਗੀਆਂ ਥਾਂਵਾਂ 'ਤੇ ਹੋਏ ਜਿਨਸੀ ਹਮਲਿਆਂ, ਹਿੰਸਕ ਹਮਲਿਆਂ ਅਤੇ ਨਫ਼ਰਤ ਅਪਰਾਧਾਂ ਕਾਰਨ ਸਿੱਖ ਔਰਤਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਬਦਲਣੀ ਪੈ ਰਹੀ ਹੈ। ਇੱਕੋ ਜਿਹੀ ਉਮਰ ਦੀਆਂ ਦੋ ਸਿੱਖ ਔਰਤਾਂ ਉਪਰ ਵੱਖ- ਵੱਖ ਥਾਂਵਾਂ ਉੱਪਰ ਹੋਏ ਜਿਨਸੀ ਹਮਲੇ, ਨੇ ਪੂਰੇ ਸਿੱਖ ਭਾਈਚਾਰੇ ਨੂੰ ਪਰੇਸ਼ਾਨ ਕਰ ਦਿੱਤਾ ਹੈ। ਇਸ ਨਾਲ ਹੀ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਹਮਲੇ ਅਤੇ ਇੱਕ ਔਰਤ 'ਤੇ ਇਲੈਕਟ੍ਰਿਕ ਸਟਨ ਡਿਵਾਈਸ ਨਾਲ ਹਮਲਾ ਵੀ ਜੁੜਿਆ ਹੈ। ਔਰਤਾਂ ਹੁਣ ਇਕੱਲੀਆਂ ਬਾਹਰ ਨਿਕਲਣ ਤੋਂ ਪਾਸਾ ਵਟ ਰਹੀਆਂ ਹਨ, ਉਹਨਾਂ ਜਿੰਮ ਜਾਣਾ ਛੱਡ ਦਿੱਤਾ ਹੈ ਅਤੇ ਗਰੁੱਪਾਂ ਵਿੱਚ ਘੁੰਮਦੀਆਂ ਹਨ। ਇਹ ਨਸਲਵਾਦੀ ਦਹਿਸ਼ਤ ਸਿੱਖ ਔਰਤਾਂ ਦੀ ਆਜ਼ਾਦੀ ਨੂੰ ਖਤਮ ਕਰ ਰਹੀ ਹੈ।

ਸੁਖਵਿੰਦਰ ਕੌਰ, ਜੋ ਸਿੱਖ ਵੁਮੈਨਜ਼ ਏਡ ਦੀ ਆਗੂ ਹੈ ਅਤੇ ਵੈਸਟ ਮਿਡਲੈਂਡਜ਼ ਵਿੱਚ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਦੀ ਮਦਦ ਕਰਦੀ ਹੈ, ਨੇ ਕਿਹਾ ਕਿ ਮੈਂ ਪਹਿਲਾਂ ਅਜਿਹਾ ਕਦੇ ਨਹੀਂ ਵੇਖਿਆ। ਔਰਤਾਂ ਹੁਣ ਜਿੰਮ ਜਾਣ ਲਈ ਸਹਿਜ ਨਹੀਂ ਮਹਿਸੂਸ ਕਰ ਰਹੀਆਂ, ਇਕੱਲੀਆਂ ਤੁਰਨ ਜਾਂ ਦੌੜਨ ਤੋਂ ਬਚ ਰਹੀਆਂ ਹਨ।ਉਹ ਗਰੁੱਪਾਂ ਵਿੱਚ ਰਹਿੰਦੀਆਂ ਹਨ। ਵਾਲਸਾਲ ਵਿੱਚ ਹੋਏ ਇੱਕ ਹਮਲੇ ਨੇ ਕੋਵੈਂਟਰੀ ਤੱਕ ਪੰਜਾਬੀ ਔਰਤਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।



ਨਾਨਕਸਰ ਗੁਰਦੁਆਰਾ ਵਿੱਚ ਸੇਵਾ ਕਰਨ ਵਾਲੀ ਕਮ ਕੌਰ ਨੇ ਦੱਸਿਆ ਕਿ ਇਹਨਾਂ ਘਟਨਾਵਾਂ ਨੇ ਖੇਤਰ ਵਿੱਚ ਰਹਿਣ ਵਾਲੇ ਸਿੱਖਾਂ ਲਈ 'ਹਰ ਚੀਜ਼ ਬਦਲ ਦਿੱਤੀ ਹੈ'। ਸਿੱਖ ਬੀਬੀਆਂ ਗੁਰਦੁਆਰਾ ਇਕੱਲੀਆਂ ਜਾਣ ਤੋਂ ਡਰਦੀਆਂ ਹਨ ਅਤੇ ਆਪਣੀ ਬਜ਼ੁਰਗ ਮਾਂ ਨੂੰ ਮੁੱਖ ਦਰਵਾਜ਼ਾ ਖੋਲ੍ਹਣ ਵੇਲੇ ਸਾਵਧਾਨ ਰਹਿਣ ਲਈ ਕਹਿੰਦੀਆਂ ਹਨ। ਬੀਬੀ ਇੰਦਰਜੀਤ ਕੌਰ, 32 ਸਾਲਾਂ ਦੀ, ਕਹਿੰਦੀ ਹੈ ਕਿ ਉਹ ਕੰਮ ਜਾਂਦੇ ਸਮੇਂ ਵਾਧੂ ਸਾਵਧਾਨੀਆਂ ਅਪਣਾਉਂਦੀ ਹੈ - ਸਟੇਸ਼ਨ ਨੇੜੇ ਪਾਰਕਿੰਗ ਲੱਭਦੀ ਹੈ ਅਤੇ ਹੈੱਡਫੋਨਾਂ ਵਿੱਚ ਪਾਠ ਸੁਣਦੀ ਹੈ ਤਾਂ ਜੋ ਪਛਾਣ ਨਾ ਹੋਵੇ।ਸੁਰਿੰਦਰ ਕੌਰ, 57 ਸਾਲਾਂ ਦੀ, ਜਿਸ ਦੀਆਂ ਤਿੰਨ ਧੀਆਂ ਹਨ, ਨੇ ਕਿਹਾ: ਅਸੀਂ ਧੀਆਂ ਨਾਲ ਤੁਰਦੇ ਹਾਂ ਪਰ ਅਪਰਾਧਾਂ ਕਾਰਨ ਦਹਿਸ਼ਤ ਵਿੱਚ ਹਾਂ। ਸੁਰਿੰਦਰ ਬਾਜਵਾ, 55 ਸਾਲਾਂ ਦੀ, ਜੋ ਵਾਲਸਾਲ ਵਿੱਚ ਵੱਡੀ ਹੋਈ, ਕਹਿੰਦੀ ਹੈ ਕਿ ਇਹ 1970-80 ਦੇ ਨਸਲਵਾਦ ਨਾਲ ਇਹ ਵਰਤਾਰਾ ਮਿਲਦਾ ਜੁਲਦਾ ਹੈ, ਜਦੋਂ ਨਸਲਵਾਦੀ ਪੰਜਾਬੀਆਂ ਪਿਛੇ ਕੁੱਤੇ ਛੱਡਦੇ ਸਨ।ਉਹ ਸਮਾਂ ਹੁਣ ਵਾਪਸ ਆ ਗਿਆ ਜਾਪਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਅਕਤੂਬਰ ਅੰਤ ਵਿੱਚ ਵੌਲਵਰਹੈਂਪਟਨ ਵਿੱਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਹਿੰਸਕ ਹਮਲੇ ਹੋਏ ਸਨ। ਇਸ ਹਫ਼ਤੇ ਸ਼ੁਰੂ ਵਿੱਚ ਇੱਕ 50 ਸਾਲਾਂ ਦੀ ਔਰਤ ਉਪਰ ਨਸਲੀ ਹਮਲਾ ਹੋਇਆ ਸੀ, ਜਿੱਥੇ ਬਿਜਲੀ ਵਾਲਾ ਝਟਕਾ ਦੇਣ ਵਾਲਾ ਹਥਿਆਰ ਇਲੈਕਟ੍ਰਿਕ ਸਟਨ ਵਰਤੀ ਗਈ। ਲੇਬਰ ਐੱਮਪੀ ਪ੍ਰੀਤ ਕੌਰ ਗਿੱਲ ਨੇ ਐਕਸ 'ਤੇ ਲਿਖਿਆ ਕਿ ਪੀੜਤਾ ਸਿੱਖ ਸੀ, ਪਰ ਪੁਲਿਸ ਨੇ ਪਛਾਣ ਦੀ ਪੁਸ਼ਟੀ ਨਾ ਕੀਤੀ। ਵਾਲਸਾਲ ਵਿੱਚ ਗੋਰੇ ਨਸਲਵਾਦੀ ਜੌਨ ਐਸ਼ਬੀ (32) ਨੂੰ ਜਿਨਸੀ ਹਮਲੇ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਓਲਡਬਰੀ ਵਿੱਚ ਵੀ ਇਹੋ ਜਿਹਾ ਕੇਸ ਸੀ। ਇਹ ਹਮਲੇ ਨਾ ਸਿਰਫ਼ ਜਿਨਸੀ ਹਿੰਸਾ ਨਾਲ ਸਬੰਧਿਤ ਹਨ, ਸਗੋਂ ਨਸਲਵਾਦ ਨਾਲ ਜੁੜੇ ਹਨ - ਹਮਲਾਵਰਾਂ ਨੇ 'ਆਪਣੇ ਦੇਸ਼ ਵਾਪਸ ਜਾ' ਵਰਗੇ ਸ਼ਬਦ ਬੋਲੇ, ਨਸਲੀ ਗਾਲਾਂ ਕੱਢੀਆਂ। ਸੁਆਲ ਇਹ ਹੈ ਕਿ ਯੂ.ਕੇ. ਦੀ ਪੁਲਿਸ ਨਸਲਵਾਦੀ ਗੁੰਡਿਆਂ ਨੂੰ ਕੰਟਰੋਲ ਕਰਨ ਵਿੱਚ ਅਸਮਰੱਥ ਕਿਉਂ? ਵੈਸਟ ਮਿਡਲੈਂਡਜ਼ ਪੁਲਿਸ ਨੇ ਗ੍ਰਿਫ਼ਤਾਰੀਆਂ ਕੀਤੀਆਂ ਹਨ ਅਤੇ ਗਸ਼ਤ ਵੀ ਵਧਾਈ , ਪਰ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਹੈ। ਚੀਫ਼ ਸੁਪਰਿੰਟੈਂਡੈਂਟ ਫਿਲ ਡੌਲਬੀ ਨੇ ਗੁਰਦੁਆਰਾ ਕਮੇਟੀ ਨੂੰ ਭਰੋਸਾ ਦਿੱਤਾ ਕਿ ਉਹ ਰਾਜਨੀਤਿਕ ਲੋਕਾਂ, ਔਰਤਾਂ ਗਰੁੱਪਾਂ ਅਤੇ ਲੀਡਰਾਂ ਨਾਲ ਮੀਟਿੰਗਾਂ ਕਰ ਰਹੇ ਹਨ। (**ਬਾਕੀ ਸਫ਼ਾ 26 'ਤੇ**)

# 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ 41 ਸਾਲ ਬਾਅਦ ਵੀ ਨਿਆਂ ਨਹੀਂ ਮਿਲਿਆ

## ਪੀ.ਯੂ.ਡੀ.ਆਰ. ਦੀ ਰਿਪੋਰਟ ਦਿੱਲੀ 1984: ਡੀਲੇਅ ਇਨ ਜਸਟਿਸ ਵਿੱਚ ਸਮੁੱਚੇ ਵੇਰਵੇ ਦਿੱਤੇ

ਮਨੁੱਖੀ ਅਧਿਕਾਰ ਸੰਗਠਨ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਨੇ ਨਵੰਬਰ 1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਕਾਰਨ ਸਖ਼ਤ ਚਿੰਤਾ ਪ੍ਰਗਟਾਈ ਹੈ। ਸੰਗਠਨ ਦੀ ਨਵੀਂ ਰਿਪੋਰਟ 'ਦਿੱਲੀ 1984: ਡੀਲੇਅ ਇਨ ਜਸਟਿਸ' ਮੁਤਾਬਕ, ਕਰੀਬ 650 ਐਫ.ਆਈ.ਆਰਾਂ ਵਿਚੋਂ ਸਿਰਫ਼ 13 ਮਾਮਲੇ ਹੀ ਅਦਾਲਤਾਂ ਵਿੱਚ ਲੜੇ ਜਾ ਰਹੇ ਨੇ ਅਤੇ 41 ਸਾਲ ਬਾਅਦ ਵੀ ਦੋਸ਼ੀਆਂ ਨੂੰ ਸਜ਼ਾਵਾਂ ਬਹੁਤ ਘੱਟ ਮਿਲੀਆਂ ਨੇ। ਰਿਪੋਰਟ ਮੁਤਾਬਕ 1984 ਵਿੱਚ ਦਿੱਲੀ ਵਿੱਚ 2,756 ਸਿੱਖ ਮਾਰੇ ਗਏ ਸਨ। ਨਾਨਾਵਤੀ ਕਮਿਸ਼ਨ ਦੇ ਹੁਕਮਾਂ 'ਤੇ ਦਿੱਲੀ ਪੁਲਿਸ ਨੇ 650 ਐਫ.ਆਈ.ਆਰਾਂ ਦਰਜ ਕੀਤੀਆਂ ਸਨ, ਪਰ ਅੱਜ ਤੱਕ ਜ਼ਿਆਦਾਤਰ ਮਾਮਲੇ ਠੰਡੇ ਬਸਤੇ ਵਿੱਚ ਪਏ ਨੇ।

ਸਭ ਤੋਂ ਆਖ਼ਰੀ ਵੱਡੀ ਸਜ਼ਾ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ 2018 ਵਿੱਚ ਮਿਲੀ ਸੀ, ਜਦੋਂ ਉਸ ਨੂੰ ਸਰਸਵਤੀ ਵਿਹਾਰ ਵਿੱਚ ਇੱਕ ਸਿੱਖ ਪਿਤਾ-ਪੁੱਤ ਨੂੰ ਮਾਰਨ ਦੇ ਦੋਸ਼ ਵਿੱਚ ਉਮਰ ਕੈਦ ਸੁਣਾਈ ਗਈ। ਜਸਟਿਸ ਐੱਸ. ਮੁਰਲੀਧਰ ਦੀ ਬੈਂਚ ਨੇ ਇਸ ਨੂੰ ਮਨੁੱਖਤਾ ਵਿਰੋਧੀ ਜੁਰਮ ਕਿਹਾ ਸੀ।

ਮਨੁੱਖੀ ਅਧਿਕਾਰ ਸੰਗਠਨ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਮੁਤਾਬਕ ਸ਼ੁਰੂ ਵਿੱਚ 442 ਲੋਕਾਂ ਨੂੰ ਸਜ਼ਾ ਹੋਈ ਸੀ, ਪਰ ਇਸ ਵਿਚੋਂ 89 ਇਕੋ ਮਾਮਲੇ ਦੇ ਸਨ ਅਤੇ ਬਾਅਦ ਵਿੱਚ 15 ਨੂੰ ਬਰੀ ਕਰ ਦਿੱਤਾ ਗਿਆ। ਜ਼ਿਆਦਾਤਰ ਸਜ਼ਾਵਾਂ ਕਤਲ ਦੀਆਂ ਨਹੀਂ, ਸਗੋਂ ਗੈਰ-ਕਾਨੂੰਨੀ ਇਕੱਠ ਤੇ ਸਾੜ ਫੂਕ ਦੀਆਂ ਸਨ।




ਇਸ ਰਿਪੋਰਟ ਵਿੱਚ ਕਈ ਗਵਾਹੀਆਂ ਦਾ ਹਵਾਲਾ ਦਿੱਤਾ ਗਿਆ ਹੈ ਜਿਨ੍ਹਾਂ ਮੁਤਾਬਕ ਪੁਲਿਸ ਨੇ ਦੋਸ਼ੀਆਂ ਦੀ ਮਦਦ ਕੀਤੀ ਅਤੇ ਉੱਚ ਪੱਧਰੀ ਆਗੂਆਂ ਤੋਂ ਹਿੰਸਕ ਗੁੰਡਿਆਂ ਨੂੰ ਹੁਕਮ ਆ ਰਹੇ ਸਨ। ਸਿੱਖ ਔਰਤਾਂ ਨਾਲ ਹੋਈ ਜਿਨਸੀ ਹਿੰਸਾ ਦੀਆਂ ਗਵਾਹੀਆਂ ਵੀ ਸਾਹਮਣੇ ਆਈਆਂ ਨੇ ਪਰ ਜ਼ਿਆਦਾਤਰ ਮਾਮਲੇ ਦਬਾ ਦਿੱਤੇ ਗਏ ਹਨ।∅ਤਿਲਕ ਵਿਹਾਰ (ਜਿਸ ਨੂੰ 'ਵਿਧਵਾ ਕਾਲੋਨੀ' ਵੀ ਕਿਹਾ ਜਾਂਦਾ ਹੈ) ਦੇ ਗੁਰਦੁਆਰੇ 'ਤੇ ਪਹਿਲਾਂ ਲਿਖਿਆ ਹੁੰਦਾ ਸੀ ਇਨਸਾਫ਼ ਦੀ ਦੇਰੀ ਇਨਸਾਫ਼ ਤੋਂ ਇਨਕਾਰ ਹੈ - ਹੁਣ ਸਿਰਫ਼ ਇਨਸਾਫ਼ ਇਨਕਾਰ ਲਿਖਿਆ ਰਹਿ ਗਿਆ ਹੈ। ਇੱਥੇ ਬਣੇ ਮਿਊਜ਼ੀਅਮ ਵਿੱਚ 1984 ਦੇ ਸ਼ਹੀਦਾਂ ਦੀ ਯਾਦ ਨੂੰ ਜਿਉਂਦਾ ਰੱਖਿਆ ਜਾਂਦਾ ਹੈ।

ਸ਼ੰਮੀ ਕੌਰ ਤੇ ਪੱਪੀ ਕੌਰ ਵਰਗੀਆਂ ਔਰਤਾਂ, ਜਿਨ੍ਹਾਂ ਨੇ ਆਪਣੀਆਂ ਅੱਖੀਂ 10-10 ਪਰਿਵਾਰਕ ਮੈਂਬਰ ਕਤਲ ਹੁੰਦੇ ਤੇ ਔਰਤਾਂ ਨਾਲ ਬਲਾਤਕਾਰ ਹੁੰਦੇ ਵੇਖੇ ਹਨ, ਅੱਜ ਵੀ ਦੂਜਿਆਂ ਦੇ ਮਾਮਲਿਆਂ ਵਿੱਚ ਅਦਾਲਤਾਂ ਦੇ ਚੱਕਰ ਲਗਾ ਰਹੀਆਂ ਨੇ। ਉਨ੍ਹਾਂ ਦਾ ਕਹਿਣਾ ਹੈ: ਜੇ ਇੱਕ ਵੀ ਦੋਸ਼ੀ ਨੂੰ ਸਜ਼ਾ ਮਿਲ ਜਾਵੇ, ਸਾਡੇ ਲਈ ਕਾਫ਼ੀ ਹੈ। ਪੀ.ਯੂ.ਡੀ.ਆਰ. ਨੇ ਕਿਹਾ ਕਿ ਭਾਰਤੀ ਨਿਆਂ ਪ੍ਰਣਾਲੀ ਵਿਆਪਕ ਜਨਤਕ ਕਤਲੇਆਮ ਦੇ ਮਾਮਲੇ ਨਿਪਟਾਉਣ ਲਈ ਤਿਆਰ ਨਹੀਂ ਹੈ। ਅੱਜ ਵੀ ਹਜ਼ਾਰਾਂ ਪੀੜਤ ਪਰਿਵਾਰ ਇਨਸਾਫ਼ ਦੀ ਉਡੀਕ ਵਿੱਚ ਨੇ।

# ਚੰਡੀਗੜ੍ਹ, ਵਰਸਿਟੀ ਤੇ ਦਰਿਆਈ ਪਾਣੀ ਸਾਡੇ ਹੱਕ: ਮਾਨ ਨੇ ਅਮਿਤ ਸ਼ਾਹ ਅੱਗੇ ਪੰਜਾਬ ਦੇ ਮਸਲੇ ਰੱਖੇ

## ਵਿਰੋਧੀ ਪਾਰਟੀਆਂ ਦਾ ਸੁਆਲ ਕੇਂਦਰ ਕਦੋਂ ਮੰਨੇਗਾ ਪੰਜਾਬ ਦੀਆਂ ਮੰਗਾਂ ?

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਹਰਿਆਣੇ ਦੇ ਫ਼ਰੀਦਾਬਾਦ ਵਿੱਚ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਪੁਰਾਣੇ ਤੇ ਲੁੱਟੇ ਗਏ ਹੱਕਾਂ ਦਾ ਮਸਲਾ ਉਠਾਇਆ । ਮਾਨ ਨੇ ਸਪੱਸ਼ਟ ਕਿਹਾ 'ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਤੇ ਦਰਿਆਈ ਪਾਣੀਆਂ ਤੇ ਸਿਰਫ਼ ਤੇ ਸਿਰਫ਼ ਪੰਜਾਬ ਦਾ ਹੱਕ ਹੈ' ਇਸ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ।

ਇਹ ਪਹਿਲੀ ਵਾਰ ਨਹੀਂ ਸੀ ਜਦੋਂ ਮਾਨ ਨੇ ਇਹ ਮੁੱਦੇ ਚੁੱਕੇ, ਪਰ ਇਸ ਵਾਰ ਉਨ੍ਹਾਂ ਨੇ ਪੁਰਾਣੇ ਸਮਝੌਤਿਆਂ, ਕਾਨੂੰਨੀ ਦਸਤਾਵੇਜ਼ਾਂ ਤੇ ਤੱਥਾਂ ਦਾ ਇੰਨਾ ਵਿਸਤਾਰ ਨਾਲ ਹਵਾਲਾ ਦਿੱਤਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਚੁੱਪ ਰਹਿ ਗਏ। ਮਾਨ ਨੇ ਰਾਜੀਵ-ਲੌਂਗੋਵਾਲ ਸਮਝੌਤੇ (1985), ਪੰਜਾਬ ਪੁਨਰਗਠਨ ਐਕਟ 1966 ਤੇ ਸਿੰਧੂ ਜਲ ਸੰਧੀ ਦੀਆਂ ਕਮੀਆਂ ਨੂੰ ਖੋਲ੍ਹ ਕੇ ਰੱਖ ਦਿੱਤਾ।

ਮਾਨ ਨੇ ਕਿਹਾ ਕਿ 1970 ਦੇ ਸਮਝੌਤੇ ਅਨੁਸਾਰ ਚੰਡੀਗੜ੍ਹ ਦਾ ਪੂਰਾ ਪ੍ਰਾਜੈਕਟ ਖੇਤਰ ਪੰਜਾਬ ਨੂੰ ਮਿਲਣਾ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਵੀ ਇਸੇ ਗੱਲ ਦੀ ਪੁਸ਼ਟੀ ਹੋਈ ਸੀ। 40 ਸਾਲ ਬੀਤ ਗਏ, ਪਰ ਅੱਜ ਤੱਕ ਨਹੀਂ ਮਿਲਿਆ। ਮਾਨ ਨੇ ਕਿਹਾ ' ਜੇ ਕੇਂਦਰ ਨੇ ਹਰਿਆਣਾ ਨੂੰ ਹਿਸਾਰ ਜਾਂ ਕੁਰੂਕਸ਼ੇਤਰ ਵਿੱਚੋਂ ਰਾਜਧਾਨੀ ਬਣਾ ਦਿੱਤੀ ਹੋਵੇ ਤਾਂ ਅਸੀਂ ਚੰਡੀਗੜ੍ਹ ਛੱਡ ਦਿਆਂਗੇ।' ਉਨ੍ਹਾਂ ਨੇ 60:40 ਭਰਤੀ ਅਨੁਪਾਤ ਨੂੰ ਵੀ ਬਹਾਲ ਰੱਖਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਪਿਛਲੇ 50-55 ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਨੂੰ ਚਲਾ ਰਿਹਾ ਹੈ ਤੇ ਵਿੱਤੀ ਮਦਦ ਦੇ ਰਿਹਾ ਹੈ। ਹਰਿਆਣਾ ਦਾ ਇਸ ਨਾਲ ਕੋਈ ਰਿਸ਼ਤਾ ਨਹੀਂ। ਕੇਂਦਰ ਨੇ ਸੈਨੇਟ ਭੰਗ ਕਰਕੇ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਮਾਨ ਨੇ ਕਿਹਾ ' ਵਿਦਿਆਰਥੀ ਸੰਘਰਸ਼ ਕਰ ਰਹੇ ਨੇ, ਪਰ ਚੋਣਾਂ ਦਾ ਐਲਾਨ ਨਹੀਂ ਕੀ ਕੀਤਾ ਜਾ ਰਿਹਾ। ਇਹ ਜ਼ੁਲਮ ਕਿਉਂ?'



ਮਾਨ ਨੇ ਸਿੱਧਾ ਕਿਹਾ ਕਿ ਐਸ.ਵਾਈ.ਐਲ. ਕੈਨਾਲ ਲਈ ਪੰਜਾਬ ਕੋਲ਼ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦੀ ਮੰਗ ਕੀਤੀ ਤਾਂ ਜੋ ਚਨਾਬ ਦਾ ਪਾਣੀ ਰਾਵੀ-ਬਿਆਸ ਨਾਲ ਜੋੜ ਕੇ ਪੰਜਾਬ ਨੂੰ ਫਾਇਦਾ ਹੋ ਸਕੇ। ਮਾਨ ਨੇ ਭਾਖੜਾ ਤੇ ਪੌਂਗ ਡੈਮਾਂ ਦਾ ਪੂਰਾ ਜਲ ਭੰਡਾਰਨ ਪੱਧਰ ਵਧਾਉਣ ਦੇ ਪ੍ਰਸਤਾਵ ਦਾ ਵੀ ਵਿਰੋਧ ਕੀਤਾ। ਮਾਨ ਨੇ ਸਪੱਸ਼ਟ ਕਿਹਾ ਕਿ ਬੀ.ਬੀ.ਐੱਮ.ਬੀ. ਦਾ ਗਠਨ ਸਿਰਫ਼ ਪੰਜਾਬ ਤੇ ਹਰਿਆਣਾ ਲਈ ਹੋਇਆ ਸੀ। ਰਾਜਸਥਾਨ ਦਾ ਇਸ ਵਿੱਚ ਕੀ ਕੰਮ? ਰੋਪੜ, ਹਰੀਕੇ ਤੇ ਫਿਰੋਜ਼ਪੁਰ ਹੈੱਡਵਰਕਸ ਦਾ ਕੰਟਰੋਲ ਵੀ ਪੰਜਾਬ ਤੋਂ ਨਹੀਂ ਖੋਹਿਆ ਜਾਣਾ ਚਾਹੀਦਾ।

ਅਮਿਤ ਸ਼ਾਹ ਨੇ ਸਿਰਫ਼ ਏਨਾ ਕਿਹਾ ਕਿ ਪੰਜਾਬ ਦੇ ਨੁਕਤੇ ਨੋਟ ਕਰ ਲਏ ਹਨ ।ਪਰ ਉਹਨਾਂ ਪੰਜਾਬ ਦੀਆਂ ਮੰਗਾਂ ਮੰਨਣ ਦਾ ਕੋਈ ਵਾਅਦਾ ਨਹੀਂ ਕੀਤਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਮਾਨ ਨੇ ਕਿਹਾ ਕਿ ਅਸੀਂ ਚੁੱਪ ਨਹੀਂ ਬੈਠਣਾ। ਜੇ ਲੋੜ ਪਈ ਤਾਂ ਸੰਘਰਸ਼ ਕਰਾਂਗੇ। ਸਿਆਸੀ ਮਾਹਿਰ ਮੰਨਦੇ ਨੇ ਕਿ ਕੇਂਦਰ ਵਿੱਚ ਬੀ.ਜੇ.ਪੀ. ਦੀ ਸਰਕਾਰ ਹੈ ਤੇ ਹਰਿਆਣਾ ਵੀ ਬੀ.ਜੇ.ਪੀ. ਦਾ ਹੈ। ਇਸ ਦੇ ਬਾਵਜੂਦ ਪਾਣੀਆਂ, ਰਾਜਧਾਨੀ ਦਾ ਮਸਲਾ ਹੱਲ ਨਹੀਂ ਹੋਇਆ। ਪਿਛਲੇ 8-9 ਸਾਲਾਂ ਵਿੱਚ ਇੱਕ ਵੀ ਪੰਜਾਬ ਦਾ ਮਸਲਾ ਹੱਲ ਨਹੀਂ ਹੋਇਆ। ਫਿਰ ਵੀ ਮਾਨ ਨੇ ਜੋ ਤਰੀਕਾ ਅਪਣਾਇਆ ' ਪੁਰਾਣੇ ਸਮਝੌਤਿਆਂ ਦੀ ਗੱਲ ਕਰਕੇ, ਕਾਨੂੰਨੀ ਤੇ ਤੱਥਾਤਮਕ ਤੌਰ 'ਤੇ' ਉਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਸੀ। ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਮਾਨ ਦੇ ਬਿਆਨ ਦਾ ਸਵਾਗਤ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਮਾਨ ਦਾ ਪੰਜਾਬ ਬਾਰੇ ਪੈਂਤੜਾ ਸਹੀ ਹੈ ਪਰ ਪਿਛਲੀ ਵਾਰ ਵੀ ਭਗਵੰਤ ਮਾਨ ਇਹੋ ਗੱਲ ਕਹਿ ਕੇ ਆਏ ਸੀ। ਮਸਲਾ ਹੱਲ ਕਦੋਂ ਹੋਵੇਗਾ?

ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦਾ ਮਸਲਾ ਸਿਰਫ਼ ਬੋਲਣ ਨਾਲ ਹੱਲ ਨਹੀਂ ਹੋਣਾ - ਸੰਘਰਸ਼ ਵੀ ਕਰਨਾ ਪੈਣਾ ਹੈ। ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੇ ਭਗਵੰਤ ਮਾਨ ਨੂੰ ਸਲਾਹ ਦਿੱਤੀ ਕਿ ਸਾਰੀਆਂ ਪਾਰਟੀਆਂ ਨੂੰ ਇਕੱਠੇ ਕਰਕੇ ਸੰਘਰਸ਼ ਕਰੋ। ਸਭ ਤੋਂ ਵੱਡਾ ਸਵਾਲ ਇਹੋ ਉੱਠਿਆ - ਜੇ ਮੁੱਦੇ ਸਾਂਝੇ ਨੇ ਤਾਂ ਸਾਰੀਆਂ ਪੰਜਾਬੀ ਪਾਰਟੀਆਂ ਨੂੰ ਇਕੱਠਾ ਕਿਉਂ ਨਹੀਂ ਕੀਤਾ ਜਾਂਦਾ? ਮਾਨ ਨੇ ਕਿਹਾ ਸੀ ਕਿ ਇਹ ਪੰਜਾਬ ਦਾ ਮਸਲਾ ਹੈ, ਪਾਰਟੀ ਦਾ ਨਹੀਂ ਫਿਰ ਵੀ ਲੋਕ ਪੁੱਛ ਰਹੇ ਨੇ - 2022 ਤੋਂ 2025 ਤੱਕ ਤਿੰਨ ਸਾਲ ਬੀਤ ਗਏ, ਇੱਕ ਵੀ ਸਾਂਝੀ ਮੀਟਿੰਗ ਕਿਉਂ ਨਹੀਂ ਹੋਈ (**ਬਾਕੀ ਸਫ਼ਾ 26 'ਤੇ**)



# ਬਿਹਾਰ ਚੋਣਾਂ ਬਨਾਮ ਪ੍ਰਸ਼ਾਂਤ ਕਿਸ਼ੋਰ

## ਚੋਣਾਂ ਹਾਰਨ ਤੋਂ ਬਾਅਦ ਕੀ ਹੋਵੇਗੀ ਪ੍ਰਸ਼ਾਂਤ ਕਿਸ਼ੋਰ ਦੀ ਨਵੀਂ ਰਣਨੀਤੀ ?

## ਵੱਡੀ ਹਾਰ ਦੇ ਬਾਵਜੂਦ ਬਿਹਾਰ ਦੀ ਰਾਜਨੀਤੀ ਵਿੱਚ ਵੱਡਾ ਬਦਲਾਓ ਲਿਆਉਣਾ ਚਾਹੁੰਦੇ ਹਨ ਪ੍ਰਸ਼ਾਂਤ ਕਿਸ਼ੋਰ

**ਬਿਹਾਰ ਚੋਣਾਂ ਵਿੱਚ ਵੱਡੀ ਹਾਰ ਦੇ ਬਾਵਜੂਦ ਬੁਲੰਦ ਹੌਂਸਲੇ ਦਾ ਦਿਖਾਵਾ ਕਰਦਿਆਂ ਪ੍ਰਸ਼ਾਂਤ ਕਿਸ਼ੋਰ ਨੇ ਹੁਣ ਬਿਹਾਰ ਵਿੱਚ ਆਪਣੀ ਪਾਰਟੀ ਦੀ ਸਫ਼ਲਤਾ ਲਈ ਨਵੀਂ ਰਣਨੀਤੀ ਬਣਾਉਣ ਦਾ ਐਲਾਨ ਕੀਤਾ ਹੈ ਪਰ ਪ੍ਰਸ਼ਾਂਤ ਕਿਸ਼ੋਰ ਦੇ ਰਾਹ ਵਿੱਚ ਵੱਡੀਆਂ ਰੁਕਾਵਟਾਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਪ੍ਰਸ਼ਾਂਤ ਕਿਸ਼ੋਰ ਲਈ ਬਹੁਤ ਮੁਸ਼ਕਿਲ ਹੋਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਦੀ ਸਭ ਤੋਂ ਵੱਡੀ ਚੁਣੌਤੀ ਇਹ ਸਾਬਤ ਕਰਨਾ ਹੈ ਕਿ ਉਹ ਇੱਕ ਸਫਲ ਚੋਣ ਰਣਨੀਤੀਕਾਰ ਅਤੇ ਇੱਕ ਸਫਲ ਜ਼ਮੀਨੀ ਪੱਧਰ ਦੇ ਨੇਤਾ ਦੋਵੇਂ ਹੋ ਸਕਦੇ ਹਨ। ਹਾਲਾਂ ਕਿ, ਉਨ੍ਹਾਂ ਦੇ ਸਾਹਮਣੇ ਚੁਣੌਤੀ ਇਹ ਹੈ ਕਿ ਬਿਹਾਰ ਦੀ ਰਾਜਨੀਤੀ 'ਚ 'ਨਿੱਜੀ ਕ੍ਰਿਸ਼ਮਾ' ਅਤੇ 'ਜਾਤੀ ਸਮੀਕਰਨਾਂ' ਦਾ ਦਬਦਬਾ ਹੈ। ਇੱਕ ਮਜ਼ਬੂਤ ਜਾਤੀ ਆਧਾਰ ਤੋਂ ਬਿਨਾਂ, ਸਿੱਧੀ ਚੋਣ ਸਫਲਤਾ ਪ੍ਰਾਪਤ ਕਰਨਾ ਮੁਸ਼ਕਿਲ ਹੈ। ਕੁਝ ਲੋਕ ਪ੍ਰਵਾਸ, ਬੇਰੁਜ਼ਗਾਰੀ ਅਤੇ ਵਿਕਾਸ ਪ੍ਰਤੀ ਬਿਹਾਰ ਦੇ ਲੋਕਾਂ ਵਿੱਚ ਵਿਸ਼ਾਲ ਬੇਚੈਨੀ ਬਾਰੇ ਵੀ ਚਰਚਾ ਕਰਦੇ ਹਨ। ਜੇਕਰ ਪ੍ਰਸ਼ਾਂਤ ਕਿਸ਼ੋਰ ਆਪਣੇ ਅੰਦੋਲਨ ਨੂੰ ਇੱਕ ਮਜ਼ਬੂਤ ਸਮਾਜਿਕ ਅਤੇ ਰਾਜਨੀਤਿਕ ਢਾਂਚੇ ਵਿੱਚ ਬਦਲਣ ਦੇ ਯੋਗ ਹੋ ਜਾਂਦੇ ਹਨ, ਤਾਂ ਉਹ ਭਵਿੱਖ ਵਿੱਚ ਇੱਕ ਚੰਗੇ 'ਸਿਆਸੀ ਬਦਲ' ਦੇ ਰੂਪ ਵਿੱਚ ਉਭਰ ਸਕਦੇ ਹਨ, ਜਿਸ ਕਾਰਨ ਬਿਹਾਰ ਦੀ ਸਿਆਸਤ ਵਿੱਚ ਵੱਡਾ ਬਦਲਾਓ ਆ ਸਕਦਾ ਹੈ।**

ਭਾਰਤ ਦੀ ਸਭ ਤੋਂ ਪਵਿੱਤਰ ਮੰਨੀ ਜਾਂਦੀ ਨਦੀ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਉਪਜਾਊ ਮੈਦਾਨਾਂ ਵਿੱਚ ਵਸੇ ਹੋਏ ਅਤੇ ਪ੍ਰਾਚੀਨ ਕਾਲ ਦੇ ਵਿਸ਼ਾਲ ਸਾਮਰਾਜਾਂ ਦਾ ਗੜ੍ਹ ਰਹੇ ਸੂਬਾ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਦਾ ਮੇਲਾ ਸਮਾਪਤ ਹੋ ਗਿਆ ਹੈ, ਜੋ ਕਿ ਆਪਣੇ ਪਿੱਛੇ ਵੱਡੇ ਪ੍ਰਭਾਵ ਛੱਡ ਗਿਆ ਹੈ। ਬਿਹਾਰ ਦੇ ਉੱਤਰ ਵਿੱਚ ਨੇਪਾਲ, ਪੂਰਬ ਵਿੱਚ ਪੱਛਮੀ ਬੰਗਾਲ, ਪੱਛਮ ਵਿੱਚ ਉੱਤਰ ਪ੍ਰਦੇਸ਼ ਅਤੇ ਦੱਖਣ ਵਿੱਚ ਝਾਰਖੰਡ ਸਥਿਤ ਹਨ। ਇਹਨਾਂ ਗੁਆਂਢੀ ਇਲਾਕਿਆਂ 'ਤੇ ਵੀ ਬਿਹਾਰ ਵਿੱਚ ਹੁੰਦੀ ਹਰ ਵੱਡੀ ਸਿਆਸੀ ਘਟਨਾ ਦਾ ਕੁਝ ਹੱਦ ਤੱਕ ਅਸਰ ਹੋਣ ਦੀ ਸੰਭਾਵਨਾ ਹੁੰਦੀ ਹੈ।

ਵਰਤਮਾਨ ਵਿੱਚ ਭਾਰਤ ਦੀ ਆਰਥਿਕਤਾ ਦੇ ਸਭ ਤੋਂ ਪਛੜੇ ਯੋਗਦਾਤਾਵਾਂ ਵਿੱਚੋਂ ਇੱਕ ਗਿਣੇ ਜਾਂਦੇ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਥੇ ਐਨ.ਡੀ.ਏ. ਗੱਠਜੋੜ ਦੀ ਹੂੰਝਾ ਫੇਰ ਜਿੱਤ ਹੋਈ ਹੈ, ਉਥੇ ਮਹਾਂ ਗੱਠਜੋੜ ਦੀ ਨਮੋਸ਼ੀ ਜਨਕ ਹਾਰ ਹੋਈ ਹੈ। ਇਸ ਦੇ ਨਾਲ ਹੀ ਦੇਸ਼ ਦੇ ਪ੍ਰਸਿੱਧ ਰਣਨੀਤੀਕਾਰ ਤੋਂ ਰਾਜਨੇਤਾ ਬਣੇ ਪ੍ਰਸ਼ਾਂਤ ਕਿਸ਼ੋਰ ਦੀ ਨਵੀਂ ਪਾਰਟੀ 'ਜਨ ਸੂਰਜ ਪਾਰਟੀ' ਦਾ ਕਿਸੇ ਵੀ ਸੀਟ 'ਤੇ ਜਿੱਤ ਨਾ ਮਿਲਣ ਕਾਰਨ ਸੂਪੜਾ ਹੀ ਸਾਫ਼ ਹੋ ਗਿਆ ਹੈ। ਪ੍ਰਸ਼ਾਂਤ ਕਿਸ਼ੋਰ ਦੀ ਜਨ ਸੂਰਜ ਪਾਰਟੀ ਨੇ ਬਿਹਾਰ ਦੀਆਂ 243 ਵਿਧਾਨ ਸਭਾ ਸੀਟਾਂ ਵਿੱਚੋਂ 238 'ਤੇ ਚੋਣ ਲੜੀ ਅਤੇ ਇੱਕ ਵੀ ਸੀਟ ਜਿੱਤਣ ਵਿੱਚ ਅਸਫਲ ਰਹੀ। ਜਨ ਸੂਰਜ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਪੂਰੇ ਸੂਬੇ 'ਚ ਸਿਰਫ਼ 3.4 ਫ਼ੀਸਦੀ ਵੋਟਾਂ ਮਿਲੀਆਂ। 2021 ਵਿੱਚ ਰਾਜਨੀਤਿਕ ਸਲਾਹਕਾਰ ਦੇ ਕੈਰੀਅਰ ਨੂੰ ਛੱਡਣ ਤੋਂ ਕੁਝ ਮਹੀਨਿਆਂ ਬਾਅਦ ਪ੍ਰਸ਼ਾਂਤ ਕਿਸ਼ੋਰ ਨੇ 2 ਅਕਤੂਬਰ 2022 ਨੂੰ ਜਨ ਸੂਰਜ ਪਦਯਾਤਰਾ ਸ਼ੁਰੂ ਕੀਤੀ ਸੀ, ਜਿਸ ਦੌਰਾਨ ਦੋ ਸਾਲਾਂ ਵਿੱਚ ਬਿਹਾਰ ਦੇ ਹਜ਼ਾਰਾਂ ਪਿੰਡਾਂ ਨੂੰ ਕਵਰ ਕੀਤਾ ਗਿਆ ਸੀ। 2 ਅਕਤੂਬਰ 2024 ਨੂੰ ਕਿਸ਼ੋਰ ਨੇ ਆਪਣੀ ਜਨ ਸੂਰਜ ਪਾਰਟੀ ਦੀ ਸ਼ੁਰੂਆਤ ਕੀਤੀ ਸੀ।

ਬਿਹਾਰ ਚੋਣਾਂ ਵਿੱਚ ਆਪਣੀ ਪਾਰਟੀ ਦੀ ਨਿਰਾਸ਼ਾਜਨਕ ਹਾਰ ਦੇ ਬਾਵਜੂਦ ਪ੍ਰਸ਼ਾਂਤ ਕਿਸ਼ੋਰ ਇਸ ਸਮੇਂ ਬੁਲੰਦ ਹੌਂਸਲੇ ਵਿੱਚ ਹਨ ਅਤੇ ਪਹਿਲਾਂ ਤੋਂ ਤਕੜੇ ਹੋ ਕੇ ਪਾਰਟੀ ਦੀ ਵਾਗਡੋਰ ਸੰਭਾਲ ਰਹੇ ਹਨ। ਬਿਹਾਰ ਚੋਣਾਂ ਵਿੱਚ ਹਾਰ ਤੋਂ ਬਾਅਦ ਉਹਨਾਂ ਆਪਣੀ ਪਾਰਟੀ ਦੀ ਹਾਰ ਦਾ ਠੀਕਰਾ ਦੂਜੀਆਂ ਸਿਆਸੀ ਪਾਰਟੀਆਂ ਜਾਂ ਦੂਜੇ ਨੇਤਾਵਾਂ ਦੇ ਸਿਰ ਨਹੀਂ ਭੰਨਿਆ ਸਗੋਂ ਖੁਦ ਖੁੱਲ੍ਹੇ ਦਿਲ ਨਾਲ ਇਹ ਹਾਰ ਸਵੀਕਾਰ ਕੀਤੀ। ਬਿਹਾਰ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਉਹਨਾਂ ਕਿਹਾ ਕਿ "ਮੈਂ ਹਾਰ ਲਈ ਜ਼ਿੰਮੇਵਾਰ ਹਾਂ ਅਤੇ ਮੈਂ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ। ਸਾਰਿਆਂ ਦੀਆਂ ਉਮੀਦਾਂ ਅਤੇ ਸੁਪਨਿਆਂ 'ਤੇ ਖਰਾ ਉੱਤਰਨ ਵਿੱਚ ਅਸਫਲ ਰਹਿਣ ਦਾ ਦੋਸ਼ ਪੂਰੀ ਤਰ੍ਹਾਂ ਮੇਰੇ ਸਿਰ ਹੈ। ਇਹ ਆਤਮ-ਨਿਰੀਖਣ ਦਾ ਸਮਾਂ ਹੈ।" ਜ਼ਿਕਰਯੋਗ ਹੈ ਕਿ ਪ੍ਰਸ਼ਾਂਤ ਕਿਸ਼ੋਰ ਨੇ ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਵਾਰ-ਵਾਰ ਕਿਹਾ ਸੀ ਕਿ ਉਸ ਦੀ ਪਾਰਟੀ ਜਾਂ ਤਾਂ 'ਅਰਸ਼' ਜਾਂ 'ਫਰਸ਼' 'ਤੇ ਹੋਵੇਗੀ। ਉਹਨਾਂ ਦੀ ਪਾਰਟੀ ਜਾਂ ਤਾਂ 150 ਸੀਟਾਂ ਜਿੱਤੇਗੀ ਜਾਂ ਇੱਕ ਵੀ ਸੀਟ ਖਾਲੀ ਨਹੀਂ ਹੋਵੇਗੀ। ਉਹਨਾਂ ਦੀ ਆਪਣੀ ਪਾਰਟੀ ਬਾਰੇ ਜੋ ਰਾਇ ਸੀ ਉਹ ਚੋਣਾਂ ਤੋਂ ਬਾਅਦ ਸਪਸ਼ਟ ਹੋ ਗਈ ਅਤੇ ਉਹਨਾਂ ਦੀ ਪਾਰਟੀ ਇੱਕ ਵੀ ਸੀਟ ਜਿੱਤਣ ਵਿੱਚ ਕਾਮਯਾਬ ਨਹੀਂ ਹੋਈ ਪਰ ਇਸ



ਹਾਰ ਨੂੰ ਉਹ ਆਪਣੀ ਨਾਕਾਮਯਾਬੀ ਨਹੀਂ ਮੰਨਦੇ ਸਗੋਂ ਕਹਿੰਦੇ ਹਨ ਕਿ ਇਸ ਹਾਰ ਤੋਂ ਸਬਕ ਲੈ ਕੇ ਉਹ ਦੁੱਗਣੇ ਉਤਸ਼ਾਹ ਨਾਲ ਬਿਹਾਰ ਦੀ ਰਾਜਨੀਤੀ ਵਿੱਚ ਸਰਗਰਮ ਹੋਣਗੇ ਅਤੇ ਬਿਹਾਰ ਦੀ ਰਾਜਨੀਤੀ ਵਿੱਚ ਵੱਡੇ ਬਦਲਾਓ ਲੈ ਕੇ ਆਉਣਗੇ।

ਬਿਹਾਰ ਚੋਣਾਂ ਦੌਰਾਨ ਪ੍ਰਸ਼ਾਂਤ ਕਿਸ਼ੋਰ ਦੀ ਮੁਹਿੰਮ ਪ੍ਰਵਾਸੀਆਂ 'ਤੇ ਕੇਂਦ੍ਰਿਤ ਸੀ। ਉਨ੍ਹਾਂ ਵਾਅਦਾ ਕੀਤਾ ਕਿ ਜੇ ਉਹਨਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਲੱਖਾਂ ਲੋਕ, ਜੋ ਦੂਜੇ ਰਾਜਾਂ ਤੋਂ 'ਛਠ ਪੂਜਾ' ਲਈ ਘਰ ਆਏ ਸਨ, ਉਨ੍ਹਾਂ ਨੂੰ 10,000-12,000 ਰੁਪਏ ਪ੍ਰਤੀ ਮਹੀਨਾ ਕਮਾਉਣ ਲਈ ਵਾਪਸ ਨਹੀਂ ਜਾਣਾ ਪਵੇਗਾ। ਪ੍ਰਸ਼ਾਂਤ ਕਿਸ਼ੋਰ ਨੇ ਚੋਣਾਂ ਦੌਰਾਨ ਬਿਹਾਰ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਬਿਹਾਰ ਦੇ ਲੋਕਾਂ ਨੂੰ ਰੁਜ਼ਗਾਰ ਖਾਸ ਕਰਕੇ ਸਿਰਫ਼ 10 ਹਜ਼ਾਰ ਜਾਂ 15 ਹਜ਼ਾਰ ਪ੍ਰਤੀ ਮਹੀਨਾ ਕਮਾਉਣ ਲਈ ਦੂਜੇ ਰਾਜਾਂ ਵੱਲ ਪ੍ਰਵਾਸ ਨਹੀਂ ਕਰਨਾ ਪਵੇਗਾ। ਬਿਹਾਰੀ ਲੋਕਾਂ ਲਈ ਬਿਹਾਰ ਵਿੱਚ ਵੀ ਰੁਜ਼ਗਾਰ ਦੇ ਚੰਗੇ ਮੌਕੇ ਮੁਹੱਈਆ ਕੀਤੇ ਜਾਣਗੇ ਅਤੇ ਬਿਹਾਰ ਏਨੀ ਤਰੱਕੀ ਕਰ ਜਾਵੇਗਾ ਕਿ ਦੂਜੇ ਰਾਜਾਂ ਦੇ ਲੋਕ ਬਿਹਾਰ ਵਿੱਚ ਆ ਕੇ ਰੁਜ਼ਗਾਰ ਮੰਗਿਆ ਕਰਨਗੇ। ਪਰ ਬਿਹਾਰ ਦੇ ਲੋਕਾਂ ਨੇ ਪ੍ਰਸ਼ਾਂਤ ਕਿਸ਼ੋਰ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਚੋਣਾਂ ਦੌਰਾਨ ਉਹਨਾਂ ਦੀ ਪਾਰਟੀ ਨੂੰ ਹੁੰਗਾਰਾ ਨਹੀਂ ਭਰਿਆ, ਜਿਸ ਕਾਰਨ ਉਹਨਾਂ ਦੀ ਪਾਰਟੀ ਇਹਨਾਂ ਚੋਣਾਂ ਵਿੱਚ ਕੋਈ ਜਿੱਤ ਪ੍ਰਾਪਤ ਨਹੀਂ ਕਰ ਸਕੀ।

ਪ੍ਰਸ਼ਾਂਤ ਕਿਸ਼ੋਰ ਨੇ ਬਿਹਾਰ ਚੋਣਾਂ ਦੌਰਾਨ ਦਾਅਵਾ ਕੀਤਾ ਸੀ ਕਿ ਜੇਕਰ ਨਿਤੀਸ਼ ਕੁਮਾਰ 25 ਤੋਂ ਵੱਧ ਸੀਟਾਂ ਜਿੱਤਦੇ ਹਨ, ਤਾਂ ਉਹ ਰਾਜਨੀਤੀ ਛੱਡ ਦੇਣਗੇ। ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਜਨਤਾ ਦਲ (ਯੂਨਾਈਟਿਡ) ਨੇ 85 ਸੀਟਾਂ ਜਿੱਤੀਆਂ। ਨਤੀਜੇ ਵਜੋਂ, ਇਹ ਸਵਾਲ ਕਿ ਕੀ ਪ੍ਰਸ਼ਾਂਤ ਕਿਸ਼ੋਰ ਰਾਜਨੀਤੀ ਤੋਂ ਸੰਨਿਆਸ ਲੈ ਲੈਣਗੇ ਜਿਵੇਂ ਕਿ ਉਨ੍ਹਾਂ ਨੇ ਐਲਾਨ ਕੀਤਾ ਸੀ, ਚਰਚਾ ਦਾ ਕੇਂਦਰ ਬਣ ਗਿਆ। ਇਸ ਸਵਾਲ ਦਾ ਜਵਾਬ ਪ੍ਰਸ਼ਾਂਤ ਕਿਸ਼ੋਰ ਨੇ ਇਹ ਕਹਿ ਕੇ ਦਿੱਤਾ ਹੈ, 'ਮੇਰਾ ਕੀ ਅਹੁਦਾ ਹੈ ਕਿ ਮੈਂ ਅਸਤੀਫ਼ਾ ਦੇਵਾਂ ? ਉਨ੍ਹਾਂ ਕਿਹਾ , 'ਮੈਂ ਕਦੇ ਨਹੀਂ ਕਿਹਾ ਕਿ ਮੈਂ ਬਿਹਾਰ ਛੱਡ ਦੇਵਾਂਗਾ ਜਾਂ ਬਿਹਾਰ ਦੇ ਲੋਕਾਂ ਲਈ ਬੋਲਣਾ ਬੰਦ ਕਰ ਦਿਆਂਗਾ। ਮੈਂ ਅਜੇ ਵੀ ਆਪਣੇ ਸ਼ਬਦਾਂ 'ਤੇ ਕਾਇਮ ਹਾਂ।' ਪ੍ਰਸ਼ਾਂਤ ਕਿਸ਼ੋਰ ਦਾ ਕਹਿਣਾ ਹੈ ਕਿ ਜਦੋਂ ਬਿਹਾਰ ਦੇ 15 ਮਿਲੀਅਨ ਪਰਿਵਾਰਾਂ ਨੂੰ ਗਰੀਬੀ 'ਚੋਂ ਬਾਹਰ ਕੱਢਿਆ ਜਾਵੇਗਾ, ਉਨ੍ਹਾਂ ਦੇ ਬੱਚਿਆਂ ਨੂੰ ਹੁਣ ਕੰਮ ਕਰਨ ਲਈ ਗੁਜਰਾਤ ਜਾਂ ਤਾਮਿਲਨਾਡੂ ਨਹੀਂ ਜਾਣਾ ਪਵੇਗਾ। ਉਸ ਤੋਂ ਬਾਅਦ ਉਹਨਾਂ ਨੂੰ ਵੀ ਰਾਜਨੀਤੀ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਪਵੇਗੀ, ਉਹ ਕੁਝ ਹੋਰ ਕੰਮ ਕਰ ਲੈਣਗੇ।

ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਲਈ ਕੁਝ ਵੀ ਅਸੰਭਵ ਨਹੀਂ ਹੈ। ਉਹ ਰਾਜਨੀਤੀ ਵਿੱਚ ਸਭ ਤੋਂ ਹੁਸ਼ਿਆਰ ਯੋਜਨਾਕਾਰਾਂ ਵਿੱਚੋਂ ਇੱਕ ਹੈ। ਉਹ ਜਾਣਦਾ ਹੈ ਕਿ ਰਾਜਨੀਤੀ ਵਿੱਚ ਆਪਣੇ ਆਪ ਨੂੰ ਸਥਾਪਤ ਕਰਨ ਲਈ ਕਿਹੜੀ ਯੋਜਨਾ ਨੂੰ ਲਾਗੂ ਕਰਨਾ ਹੈ ਅਤੇ ਬਿਹਾਰ ਨੂੰ ਕਿਵੇਂ ਸਮਝਣਾ ਹੈ। ਪ੍ਰਸ਼ਾਂਤ ਕਿਸ਼ੋਰ ਨੂੰ ਇਹ ਵੀ ਪਤਾ ਹੈ ਕਿ ਬਿਹਾਰ ਦੇ ਲੋਕ ਹੁਣ ਕੀ ਚਾਹੁੰਦੇ ਹਨ ? ਅਤੇ ਬਿਹਾਰੀ ਲੋਕਾਂ ਦੀ ਸਿਆਸੀ ਪਸੰਦ ਕੀ ਹੈ ? ਪ੍ਰਸ਼ਾਂਤ ਕਿਸ਼ੋਰ ਨੂੰ ਇਹ ਵੀ ਪਤਾ ਹੈ ਕਿ ਬਿਹਾਰ ਰਾਹੀਂ ਹੀ ਸਿਆਸਤ ਦਾ ਰਸਤਾ ਦੇਸ਼ ਦੀ ਰਾਸ਼ਟਰੀ ਸਿਆਸਤ ਤੱਕ ਜਾਂਦਾ ਹੈ। ਇਸੇ ਕਾਰਨ ਉਹਨਾਂ ਨੇ ਬਿਹਾਰ ਨੂੰ ਆਪਣੀ ਕਰਮ ਭੂਮੀ ਬਣਾਇਆ ਹੈ। ਉਹਨਾਂ ਨੂੰ ਵਿਸ਼ਵਾਸ ਹੈ ਕਿ ਇਸ ਵਾਰ ਭਾਵੇਂ ਬਿਹਾਰ ਦੇ ਲੋਕਾਂ ਨੇ ਉਹਨਾਂ ਦੀ ਪਾਰਟੀ ਨੂੰ ਹੁੰਗਾਰਾ ਨਹੀਂ ਭਰਿਆ ਪਰ ਆਉਣ ਵਾਲੇ ਸਮੇਂ ਵਿੱਚ ਬਿਹਾਰ ਦੇ ਲੋਕ ਉਹਨਾਂ ਦੀਆਂ ਨੀਤੀਆਂ ਨੂੰ ਸਮਝਣਗੇ ਅਤੇ ਭਰਪੂਰ ਹੁੰਗਾਰਾ ਭਰਨਗੇ। ਇਹ ਬਿਹਾਰ ਲਈ ਇੱਕ ਵੱਡੇ ਬਦਲਾਓ ਦਾ ਦਿਨ ਹੋਵੇਗਾ।

ਜਿਸ ਤਰੀਕੇ ਨਾਲ ਬਿਹਾਰ ਚੋਣਾਂ 'ਚ ਆਪਣੀ ਹਾਰ ਤੋਂ ਨਿਰਾਸ਼ ਹੋਣ ਦੀ ਥਾਂ ਸਬਕ ਸਿੱਖਦਿਆਂ ਆਪਣੀ ਪਾਰਟੀ ਨੂੰ ਨਵੀਂ ਰਣਨੀਤੀ ਬਣਾ ਕੇ ਮੁੜ ਮਜ਼ਬੂਤ ਕਰਨ ਅਤੇ ਬਿਹਾਰੀ ਲੋਕਾਂ ਦੇ ਹੱਕਾਂ ਲਈ ਲੜਾਈ ਲੜਨ ਦਾ ਦਾਅਵਾ ਪ੍ਰਸ਼ਾਂਤ ਕਿਸ਼ੋਰ ਵੱਲੋਂ ਕੀਤਾ ਜਾ ਰਿਹਾ ਹੈ, ਉਸ ਦੇ ਕਈ ਅਰਥ ਨਿਕਲਦੇ ਹਨ। ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਪ੍ਰਸ਼ਾਂਤ ਕਿਸ਼ੋਰ ਬਿਹਾਰ ਦੀ ਸਿਆਸਤ ਵਿੱਚ ਵੱਡੇ ਬਦਲਾਓ ਲਿਆਉਣ ਵਿੱਚ ਕਿੰਨੇ ਕੁ ਕਾਮਯਾਬ ਹੁੰਦੇ ਹਨ ? ਇਸ ਸਵਾਲ ਦਾ ਜਵਾਬ ਵੀ ਅਜੇ ਸਮੇਂ ਦੀ ਬੁੱਕਲ ਵਿੱਚ ਹੈ ਕਿ ਕੀ ਪ੍ਰਸ਼ਾਂਤ ਕਿਸ਼ੋਰ ਬਿਹਾਰ ਵਿੱਚ 'ਤੀਜਾ ਸਿਆਸੀ' ਬਦਲ ਬਣ ਸਕਦੇ ਹਨ ?

# ਜੇਲ੍ਹ 'ਚ ਭੇਦਭਰੀ ਹਾਲਤ ਵਿੱਚ ਮਰਿਆ ਸਾਬਕਾ ਇੰਸਪੈਕਟਰ ਸੀਤਾ ਰਾਮ - ਕਤਲ ਜਾਂ ਕੁਦਰਤੀ ਮੌਤ ?

## 30 ਸਾਲ ਜੇਲ੍ਹ ਕੱਟ ਕੇ ਵੀ ਛੁਟਕਾਰਾ ਨਾ ਹੋਇਆ ਸਿੱਖ ਨੌਜਵਾਨਾਂ ਦੀਆਂ ਲਵਾਰਸ ਲਾਸ਼ਾਂ ਤੇ ਕਤਲਾਂ ਤੋਂ

ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ 80 ਸਾਲਾਂ ਦਾ ਸਾਬਕਾ ਪੰਜਾਬ ਪੁਲਿਸ ਇੰਸਪੈਕਟਰ ਸੀਤਾ ਰਾਮ, ਜੋ ਪਿਛਲੇ 30 ਸਾਲਾਂ ਤੋਂ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸਾਂ ਵਿੱਚ ਜੇਲ੍ਹਾਂ ਦੇ ਚੱਕਰ ਕੱਟ ਰਿਹਾ ਸੀ, ਬੀਤੇ ਦਿਨੀਂ ਉਸਦੀ ਮੌਤ ਹੋ ਗਈ । ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿੱਚ ਦਾਖ਼ਲ ਹੋਣ ਤੋਂ ਬਾਅਦ ਰਾਤ ਨੂੰ ਉਸ ਨੇ ਅੰਤਿਮ ਸਾਹ ਲਿਆ। ਅਧਿਕਾਰੀਆਂ ਨੇ ਇਸ ਨੂੰ 'ਕੁਦਰਤੀ ਮੌਤ' ਕਿਹਾ ਹੈ, ਪਰ ਪਰਿਵਾਰ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਕੀ ਇਹ ਕਤਲ ਹੈ ਜਾਂ ਖੁਦਕੁਸ਼ੀ ? ਇਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਸੰਤਾਪ ਦੌਰਾਨ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਾਤਲ ਵਜੋਂ ਜਾਣੇ ਜਾਂਦੇ ਇਸ 'ਬੁਚੜ ਪੁਲਿਸੀਏ' ਨੂੰ ਲੈ ਕੇ ਸਿੱਖ ਪੰਥ ਵਿੱਚ ਗੁੱਸਾ ਅਤੇ ਰੋਸ ਦੀ ਲਹਿਰ ਸੀ।

ਸੀਤਾ ਰਾਮ ਦੀ ਮੌਤ ਦੀ ਖ਼ਬਰ ਨੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਫਿਰ ਚਰਚਾ ਵਿੱਚ ਲਿਆਂਦਾ ਹੈ। ਉਹ ਪਿਛਲੇ



ਦੋ ਦਿਨਾਂ ਤੋਂ ਬਿਮਾਰ ਸੀ ਅਤੇ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਰਾਜਿੰਦਰਾ ਹਸਪਤਾਲ ਵਿੱਚ ਭਰਤੀ ਕੀਤਾ। ਅਧਿਕਾਰੀਆਂ ਅਨੁਸਾਰ, ਉਸ ਦੀ ਉਮਰ ਅਤੇ ਲੰਮੀ ਬਿਮਾਰੀ ਕਾਰਨ ਇਹ ਮੌਤ ਹੋਈ, ਪਰ ਪੋਸਟਮਾਰਟਮ ਰਿਪੋਰਟ ਅਜੇ ਆਉਣੀ ਬਾਕੀ ਹੈ। ਪਰਿਵਾਰ ਨੇ ਇਸ 'ਭੇਤਭਰੇ' ਹਾਲ ਨੂੰ ਲੈ ਕੇ ਸਖ਼ਤ ਸਵਾਲ ਉਠਾਏ ਹਨ। ਉਸ ਦੇ ਪੁੱਤਰ ਨੇ ਨਿੱਜੀ ਗੱਲਬਾਤ ਵਿੱਚ ਕਿਹਾ, 'ਪਾਪਾ ਨੂੰ ਜੇਲ੍ਹ ਵਿੱਚ ਰੱਖ ਕੇ ਉਹਨਾਂ ਨੂੰ ਮਾਰ ਦਿੱਤਾ। ਜਦੋਂ ਸੀਤਾਰਾਮ ਨੂੰ ਸਜ਼ਾ ਹੋਈ ਤਾਂ ਸਰਕਾਰ ਨੇ ਸਾਡੀ ਬਾਂਹ ਨਹੀਂ ਫੜੀ।' ਉਹਨਾਂ ਕਿਹਾ ਕਿ ਪੰਜਾਬ ਜੇਲ੍ਹਾਂ ਵਿੱਚ ਪਿਛਲੇ ਸਾਲਾਂ ਵਿੱਚ ਕਈ ਸਾਬਕਾ ਅਧਿਕਾਰੀ 'ਹਾਦਸੇ' ਵਿੱਚ ਮਰ ਚੁੱਕੇ ਹਨ। ਇਸ ਦੀ ਪੂਰੀ ਜਾਂਚ ਹੋਵੇ।

ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸੀਤਾ ਰਾਮ ਵਹਿਸ਼ੀ ਅਫਸਰ ਸੀ। ਉਹ ਪੰਜਾਬ ਪੁਲਿਸ ਵਿੱਚ 1960ਵਿਆਂ ਵਿੱਚ ਭਰਤੀ ਹੋਇਆ ਅਤੇ ਤਰਨ ਤਾਰਨ ਜ਼ਿਲ੍ਹੇ ਵਿੱਚ ਐਸਐਚਓ ਵਜੋਂ ਤਾਇਨਾਤ ਹੋਇਆ ਸੀ। ਪੰਜਾਬ ਦੇ ਸੰਤਾਪ ਦੌਰਾਨ (1984-1995), ਜਦੋਂ ਖਾਲਿਸਤਾਨੀ ਅੰਦੋਲਨ ਨੂੰ ਕੁਚਲਨ ਲਈ ਪੁਲਿਸ ਨੂੰ ਖੁੱਲ੍ਹੀ ਛੁੱਟ ਦਿੱਤੀ ਗਈ ਸੀ, ਸੀਤਾ ਰਾਮ ਨੇ ਅਨੇਕਾਂ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਇਆ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਅੰਦਾਜ਼ਨ ਉਸ ਨੇ 20 ਤੋਂ ਵੱਧ ਝੂਠੇ ਪੁਲਿਸ ਮੁਕਾਬਲੇ ਬਣਾਏ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 50 ਸਿੱਖ ਨੌਜਵਾਨ ਮਾਰੇ। ਖਾਲੜਾ ਮਿਸ਼ਨ, ਇਨਸਾਫ ਅਤੇ ਹਿਊਮਨ ਰਾਈਟਸ ਵਾਚ ਦੀਆਂ ਰਿਪੋਰਟਾਂ ਅਨੁਸਾਰ, ਉਹ ਤਰਨ ਤਾਰਨ ਅਤੇ ਹੁਸ਼ਿਆਰਪੁਰ ਵਿੱਚ ਅਨੇਕਾਂ ਨੌਜਵਾਨਾਂ ਨੂੰ ਗਾਇਬ ਕਰਨ ਤੇ ਕਤਲ ਕਰਨ ਵਿੱਚ ਸ਼ਾਮਲ ਸੀ। ਸਭ ਤੋਂ ਵੱਡਾ ਕੇਸ, ਜਿਸ ਨੇ ਉਸ ਨੂੰ ਜੇਲ੍ਹ ਵਿੱਚ ਭੇਜਿਆ, ਉਹ 1993 ਦਾ ਤਰਨ ਤਾਰਨ ਝੂਠਾ ਪੁਲਿਸ ਮੁਕਾਬਲਾ ਹੈ। 30 ਜਨਵਰੀ 1993 ਨੂੰ ਗਲੀਲੀਪੁਰ ਪਿੰਡ ਤੋਂ ਗੁਰਦੇਵ ਸਿੰਘ ਉਰਫ਼ ਦੇਬਾ ਨੂੰ ਅਤੇ 5 ਫਰਵਰੀ ਨੂੰ ਬਹਿਮਨੀਵਾਲਾ ਵਿਚੋਂ ਸੁਖਵੰਤ ਸਿੰਘ ਨੂੰ ਪੁਲਿਸ ਨੇ ਅਗਵਾ ਕੀਤਾ। ਫਿਰ 6 ਫਰਵਰੀ ਨੂੰ ਥਾਣਾ ਪੱਟੀ ਦੇ ਭਾਗੂਪੁਰ ਖੇਤ ਵਿੱਚ ਇੱਕ ਝੂਠੇ ਮੁਕਾਬਲੇ ਵਿੱਚ ਉਹਨਾਂ ਨੂੰ ਮਾਰ ਦਿੱਤਾ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਦੋਵੇਂ ਨੇ ਪੁਲਿਸ ਉਪਰ ਗੋਲੀਆਂ ਚਲਾਈਆਂ ਸਨ, ਪਰ ਅਦਾਲਤ ਵਿੱਚ ਇਹ ਝੂਠ ਸਾਬਤ ਹੋਇਆ। ਸੁਪਰੀਮ ਕੋਰਟ ਦੇ ਹੁਕਮਾਂ ਤੇ 1995 ਵਿੱਚ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ ਅਤੇ 2000 ਵਿੱਚ 11 ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਮੋਹਾਲੀ ਦੀ ਸੀਬੀਆਈ ਕੋਰਟ ਨੇ 6 ਮਾਰਚ 2025 ਨੂੰ ਸੀਤਾ ਰਾਮ ਨੂੰ ਆਈਪੀਸੀ ਦੀ ਧਾਰਾ 302 (ਕਤਲ), 201

**(ਬਾਕੀ ਸਫ਼ਾ 26 'ਤੇ)**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ ਸਿੱਖਾਂ ਨੇ ਲੰਬਾ ਸੰਘਰਸ਼ ਲੜਿਆ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਦਿਵਸ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਸਰਵਣ ਕਰਵਾਇਆ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਦੇ ਸਥਾਪਨਾ ਦਿਵਸ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਕੌਮ ਦੀ ਇਸ ਮਾਣਮੱਤੀ ਸੰਸਥਾ ਦੀ ਸਥਾਪਨਾ ਲਈ ਸਿੱਖਾਂ ਨੇ ਲੰਬਾ ਸੰਘਰਸ਼ ਲੜਿਆ। ਅਨੇਕਾਂ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨਾਲ ਹੋਂਦ ਵਿੱਚ ਆਈ ਇਸ ਸੰਸਥਾ ਦਾ ਇਤਿਹਾਸ ਸ਼ਾਨਾਮੱਤਾ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਸਦੀ ਦੇ ਸਫ਼ਰ ਦੌਰਾਨ ਜਿੱਥੇ ਗੁਰਦੁਆਰਿਆਂ ਦੇ ਬਿਹਤਰ ਪ੍ਰਬੰਧਾਂ ਲਈ ਜ਼ਿੰਮੇਵਾਰੀ ਨਿਭਾਈ, ਉੱਥੇ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਸਿੱਖਿਆ ਅਤੇ ਮੈਡੀਕਲ ਸੇਵਾਵਾਂ 'ਚ ਵੀ ਜ਼ਿਕਰਯੋਗ ਕਾਰਜ ਕੀਤੇ। ਕੁਦਰਤੀ ਆਫ਼ਤਾਂ ਸਮੇਂ ਵੀ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਵੱਲੋਂ ਬਖਸ਼ੇ ਸਿਧਾਂਤ ਅਨੁਸਾਰ ਹਮੇਸ਼ਾ ਮੋਹਰੀ ਹੋ ਕੇ ਕਾਰਜ ਕਰਦੀ ਰਹੀ ਹੈ। ਉਨ੍ਹਾਂ ਸਮੂਹ ਸਿੱਖ ਪੰਥ ਨੂੰ ਆਪਣੀ ਇਸ ਮਹਾਨ ਸੰਸਥਾ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਪੁਰਖਿਆਂ ਦੀਆਂ ਕੁਰਬਾਨੀਆਂ ਨਾਲ ਹੋਂਦ ਵਿੱਚ ਆਈ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਹਮੇਸ਼ਾਂ ਹੀ ਸਮਾਜਿਕ ਕਾਰਜਾਂ ਲਈ ਮੋਹਰੀ ਭੂਮਿਕਾ ਨਿਭਾਈ ਹੈ। ਇਸ ਸਿੱਖ ਸੰਸਥਾ ਨੇ ਹਮੇਸ਼ਾ ਹੀ ਬਿਨਾ ਕਿਸੇ ਵਿਤਕਰੇ ਦੇ ਮਨੁੱਖਤਾ ਦੀ ਸੇਵਾ ਕੀਤੀ ਤੇ ਲਗਾਤਾਰ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਦੁਨੀਆ ਅੰਦਰ ਬਹੁਤ ਸਾਰੇ ਧਰਮ ਹਨ ਪਰ ਕਿਸੇ ਵੀ ਧਰਮ ਕੋਲ ਸ਼੍ਰੋਮਣੀ ਕਮੇਟੀ ਜਿਹੀ ਚੁਣੀ ਹੋਈ ਧਾਰਮਿਕ ਸੰਸਥਾ ਨਹੀਂ ਹੈ। ਪੰਥ ਦੀ ਇਸ ਨੁਮਾਇੰਦਾ ਧਾਰਮਿਕ ਸੰਸਥਾ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਯਤਨ ਕਰਦਿਆਂ ਸੰਸਥਾ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਵਸ ਦੀ ਸਮੂਹ ਸੰਗਤ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ, ਬਿਜੈ ਸਿੰਘ, ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਸੁਪਰਡੈਂਟ ਨਿਸ਼ਾਨ ਸਿੰਘ, ਵਧੀਕ ਮੈਨੇਜਰ ਸਤਨਾਮ ਸਿੰਘ ਝਬਾਲ ਤੇ ਸਮੂਹ ਸਟਾਫ ਹਾਜ਼ਰ ਸੀ।

## 'ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ 'ਚ ਸਹਿਯੋਗ ਕਰੇ ਸਰਕਾਰ'

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਸਥਾਪਤ ਕੀਤੀ ਭਾਈ ਜੈਤਾ ਜੀ ਦੀ ਯਾਦਗਾਰ ਵਿੱਚ ਲਗਾਈ ਤਸਵੀਰ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਯਾਦਗਾਰ 'ਚ ਲਗਾਈ ਤਸਵੀਰ ਵਿੱਚ ਗੁਰੂ ਗੋਬਿੰਦ ਸਿੰਘ ਵੱਲੋਂ ਭਾਈ ਜੈਤਾ ਨੂੰ ਅੰਮ੍ਰਿਤ ਛਕਾਉਂਦੇ ਸਮੇਂ ਪੈਰਾਂ ਵਿੱਚ ਜੋੜਾ (ਜੁੱਤਾ) ਦਿਖਾਉਣਾ ਸਿੱਖ ਸਿਧਾਂਤਾਂ, ਮਰਯਾਦਾ ਅਤੇ ਭਾਵਨਾਵਾਂ ਨਾਲ ਖਿਲਵਾੜ ਹੈ। ਸਿੱਖੀ ਅਨੁਸਾਰ ਅੰਮ੍ਰਿਤ ਸੰਚਾਰ ਪਵਿੱਤਰ ਪ੍ਰਕਿਰਿਆ ਹੈ। ਇਸ ਵਿੱਚ ਆਦਰ ਤੇ ਸਤਿਕਾਰ ਦਾ ਹੋਣਾ ਲਾਜ਼ਮੀ ਹੈ ਪਰ ਸਰਕਾਰ ਨੇ ਤਸਵੀਰ ਰਾਹੀਂ ਸਿਧਾਂਤਕ ਉਲੰਘਣਾ ਕੀਤੀ ਹੈ। ਸਰਕਾਰ ਦੀ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪਹਿਲਾਂ ਵੀ ਸਰਕਾਰ ਨੇ ਸ੍ਰੀਨਗਰ ਵਿੱਚ ਕੀਤੇ ਧਾਰਮਿਕ ਸਮਾਗਮ ਦੌਰਾਨ ਮਰਯਾਦਾ ਦੀ ਉਲੰਘਣਾ ਕੀਤੀ ਸੀ। ਦੁੱਖ ਦੀ ਗੱਲ ਹੈ ਕਿ ਸਰਕਾਰ ਧਾਰਮਿਕ ਤੇ ਇਤਿਹਾਸਕ ਮਾਮਲਿਆਂ ਦੀ ਸਮਝ ਨਾ ਰੱਖਣ ਵਾਲੇ ਅਧਿਕਾਰੀਆਂ ਤੋਂ ਕੰਮ ਲੈ ਰਹੀ ਹੈ। ਸ਼੍ਰੋਮਣੀ ਕਮੇਟੀ ਸ਼ੁਰੂ ਤੋਂ ਹੀ ਇਹ ਆਖ ਰਹੀ ਹੈ ਕਿ ਸਰਕਾਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਨਾਲ ਜੁੜੇ ਵਿਕਾਸ ਕਾਰਜਾਂ 'ਤੇ ਧਿਆਨ ਦੇਵੇ। ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਵਿੱਚ ਸਹਿਯੋਗ ਕਰੇ ਪਰ ਸਰਕਾਰ ਦਾ ਧਿਆਨ ਸਿਰਫ਼ ਸਿਆਸਤ 'ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਇਸ ਤਸਵੀਰ ਨੂੰ ਮੈਮੋਰੀਅਲ ਤੋਂ ਹਟਾਏ ਤੇ ਮੁਆਫ਼ੀ ਮੰਗੇ, ਅਜਿਹਾ ਨਾ ਕਰਨ 'ਤੇ ਸ਼੍ਰੋਮਣੀ ਕਮੇਟੀ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ।

## ਸ੍ਰੀਨਗਰ ਦੇ ਸਿੱਖਾਂ ਨੇ ਗੁਰੂ ਸਾਹਿਬ ਦੀ ਸਿੱਖੀ ਤੇ ਗੁਰਮਤਿ ਦੇ ਪਵਿੱਤਰ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸੰਭਾਲਿਆ : ਧਾਮੀ

ਸ੍ਰੀਨਗਰ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੰਮੂ ਕਸ਼ਮੀਰ ਦੀਆਂ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਬੁੰਗਾ ਸ੍ਰੀਨਗਰ ਵਿੱਚ ਗੁਰਮਤਿ ਸਮਾਗਮ ਕਰਵਾਏ ਗਏ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਤੇ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਪਰਵਿੰਦਰਪਾਲ ਸਿੰਘ ਹਾਜ਼ਰ ਸਨ। ਉਨ੍ਹਾਂ ਸੰਗਤ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਣ ਵਾਲੇ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਪ੍ਰੇਰਿਆ। ਸਮਾਗਮ ਦੌਰਾਨ ਗਿਆਨੀ ਪਰਵਿੰਦਰਪਾਲ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ ਤੇ ਹਜ਼ੂਰੀ ਰਾਗੀ ਭਾਈ ਹਰਭਿੰਦਰ ਸਿੰਘ ਅਤੇ ਭਾਈ



ਮਨਦੀਪ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਸ੍ਰੀ ਧਾਮੀ ਨੇ ਕਿਹਾ ਕਿ ਸ੍ਰੀਨਗਰ ਦੇ ਸਿੱਖਾਂ ਨੇ ਗੁਰੂ ਸਾਹਿਬ ਦੀ ਸਿੱਖੀ ਤੇ ਗੁਰਮਤਿ ਦੇ ਪਵਿੱਤਰ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਹੈ। ਉਨ੍ਹਾਂ ਸੰਗਤ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ 23 ਤੋਂ 29 ਨਵੰਬਰ ਤਕ ਹੋਣ ਵਾਲੇ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਦਾ ਸੱਦਾ ਦਿੱਤਾ। ਉਨ੍ਹਾਂ ਸਮਾਗਮਾਂ ਵਿੱਚ ਸਹਿਯੋਗ ਲਈ ਕਸ਼ਮੀਰ ਦੀ ਸਿੱਖ ਸੰਗਤ ਅਤੇ ਸ੍ਰੀਨਗਰ, ਬਡਗਾਮ ਜ਼ਿਲ੍ਹਾ ਪ੍ਰਬੰਧਕ ਕਮੇਟੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਸ੍ਰੀਨਗਰ ਦੇ ਚਿੱਟੀ ਸਿੰਘਪੁਰਾ 'ਚ ਖ਼ਾਲਸਾ ਸਕੂਲ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀਨਗਰ ਵਿੱਚ ਚਿੱਟੀ ਸਿੰਘਪੁਰਾ ਵਿੱਚ ਖ਼ਾਲਸਾ ਸਕੂਲ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ। ਚਿੱਟੀ ਸਿੰਘਪੁਰਾ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਉਹ ਇੱਥੇ ਸਥਾਪਿਤ ਖ਼ਾਲਸਾ ਸਕੂਲ ਨੂੰ ਮੁੜ ਚਲਾਉਣ ਲਈ ਯਤਨ ਕਰਨਗੇ। ਇਹ ਸਕੂਲ ਸੰਨ 2000 ਵਿੱਚ ਪਿੰਡ 'ਚ ਕਤਲ ਕੀਤੇ 35 ਸਿੱਖਾਂ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਨੂੰ ਮੁੜ ਸ਼ੁਰੂ ਕਰਨ ਲਈ ਕਮੇਟੀ ਬਣਾਈ ਜਾਵੇਗੀ ਜੋ ਇਸ ਲਈ ਯੋਜਨਾ ਬਣਾ ਕੇ ਦੇਵੇਗੀ। ਇਹ ਮਾਮਲਾ ਆਉਂਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਸ਼ ਤੇ ਦੁਨੀਆਂ ਅੰਦਰ ਸਿੱਖਾਂ ਦੀ ਸਾਰ ਲਈ



ਕਾਰਜਸ਼ੀਲ ਰਹਿੰਦੀ ਹੈ ਅਤੇ ਚਿੱਟੀ ਸਿੰਘਪੁਰਾ ਵਿੱਚ ਹੋਏ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦਾ ਦੁੱਖ ਵੰਡਾਉਣਾ ਤੇ ਸਕੂਲ ਸਥਾਪਿਤ ਕਰਨਾ ਕੌਮੀ ਭਾਵਨਾ ਦੀ ਤਰਜ਼ਮਾਨੀ ਹੈ। ਚਿੱਠੀ ਸਿੰਘਪੁਰਾ ਸ੍ਰੀਨਗਰ ਵਿੱਚ ਇਹ ਖਾਲਸਾ ਸਕੂਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਿਤ ਕੀਤਾ ਗਿਆ ਸੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਮੀਤ ਸਕੱਤਰ ਹਰਭਜਨ ਸਿੰਘ ਵਕਤਾ ਅਤੇ ਸਥਾਨਕ ਸਿੱਖ ਆਗੂ ਮੌਜੂਦ ਸਨ।

## ਤਖ਼ਤ ਹਜ਼ੂਰ ਸਾਹਿਬ ਵਿੱਚ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਮਾਗਮ 23 ਤੋਂ

ਨੰਦੇੜ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਦੇ ਸ਼ਹੀਦੀ ਪੁਰਬ ਅਤੇ ਗੁਰੂ ਗੋਬਿੰਦ ਸਿੰਘ ਨੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਮਾਗਮ ਤਖ਼ਤ ਹਜ਼ੂਰ ਸਾਹਿਬ ਵਿੱਚ 23 ਤੋਂ 25 ਨਵੰਬਰ ਨੂੰ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਸ਼ਾਸਕ ਡਾ. ਵਿਜੈ ਸਤਬੀਰ ਸਿੰਘ ਨੇ ਦੱਸਿਆ ਕਿ ਤਖ਼ਤ ਸਾਹਿਬ ਦੀ ਬਾਹਰਲੀ ਪਰਿਕਰਮਾ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਹੋਣਗੇ। ਇਸ ਵਿੱਚ ਰਾਗੀ ਜਥਿਆਂ ਤੋਂ ਇਲਾਵਾ ਪ੍ਰਚਾਰਕ ਸੰਗਤ ਨੂੰ ਗੁਰੂ ਇਤਿਹਾਸ ਸੁਣਾਉਣਗੇ। ਇਸ ਦੇ ਨਾਲ ਹੀ ਖ਼ਾਲਸਾ ਹਾਈ ਸਕੂਲ ਤੋਂ ਸ਼ਹੀਦੀ ਪੁਰਬ ਨੂੰ ਸਮਰਪਿਤ 'ਸਦਭਾਵਨਾ ਰੈਲੀ' ਕੀਤੀ ਜਾਵੇਗੀ। ਸਕੂਲ ਦੇ ਵਿਦਿਆਰਥੀ ਵੀ ਸ਼ਮੂਲੀਅਤ ਕਰਨਗੇ। ਇਹ ਰੈਲੀ ਖ਼ਾਲਸਾ ਹਾਈ ਸਕੂਲ ਤੋਂ ਸ਼ੁਰੂ ਹੋ ਕੇ ਤਖ਼ਤ ਸਾਹਿਬ 'ਤੇ ਆ ਕੇ ਸਮਾਪਤ ਹੋਵੇਗੀ। ਦਸਮੇਸ਼ ਹਸਪਤਾਲ ਵਿੱਚ ਵੱਖ-ਵੱਖ ਬਿਮਾਰੀਆਂ ਦੀ ਜਾਂਚ ਲਈ ਕੈਂਪ ਲਾਇਆ ਜਾਵੇਗਾ। ਗੁਰਦਿਆਂ ਦੀਆਂ ਬਿਮਾਰੀਆਂ ਤੋਂ ਪੀੜਤਾਂ ਦੇ ਡਾਇਲੇਸਿਸ ਕੀਤੇ ਜਾਣਗੇ। ਗੁਰੂ ਗ੍ਰੰਥ ਸਾਹਿਬ ਭਵਨ ਵਿੱਚ 'ਸਰਵ ਧਰਮ ਸੰਮੇਲਨ' ਸੈਮੀਨਾਰ ਕਰਵਾਇਆ ਜਾਵੇਗਾ। ਉਨ੍ਹਾਂ ਸੰਗਤ ਨੂੰ ਸ਼ਮੂਲੀਅਤ ਦੀ ਅਪੀਲ ਕੀਤੀ ਹੈ।

## ਸਿੱਖ ਪੰਥ ਦੇ ਸਾਰੇ ਸਮਾਗਮਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਜ਼ਰੂਰ ਕੀਤੀ ਜਾਵੇ : ਗੜਗੱਜ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁਲਾਏ ਜਾ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿੱਚ ਮਤਾ ਪਾਸ ਕਰੇ ਤੇ



ਇਸਤੋਂ ਇਲਾਵਾ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਸਿੱਖਾਂ ਦੀਆਂ ਹੋਰ ਮੰਗਾਂ ਬਾਰੇ ਵੀ ਆਵਾਜ਼ ਬੁਲੰਦ ਕਰੇ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਿੱਖ ਪੰਥ ਦੇ ਸਾਰੇ ਸਮਾਗਮਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸੈਸ਼ਨ ਸੱਦਣ ਦਾ ਤਾਂ ਹੀ ਫਾਇਦਾ ਹੈ ਜੇਕਰ ਸਿੱਖ ਪੰਥ ਨਾਲ ਜੁੜੇ ਸੰਜੀਦਾ ਮਸਲੇ ਇਥੇ ਵਿਚਾਰੇ ਜਾਣਗੇ। ਉਨ੍ਹਾਂ ਸਮੁੱਚੇ ਖਾਲਸਾ ਪੰਥ ਨੂੰ ਅਪੀਲ ਕੀਤੀ ਕਿ 23 ਨਵੰਬਰ ਤੋਂ ਲੈ ਕੇ 29 ਨਵੰਬਰ ਤੱਕ ਸਮੁੱਚਾ ਖਾਲਸਾ ਪੰਥ ਆਪਣੇ ਘਰਾਂ 'ਤੇ ਖਾਲਸਾਈ ਨਿਸ਼ਾਨ ਝੁਲਾਏ, ਉਨ੍ਹਾਂ ਆਖਿਆ ਕਿ ਇਹ ਝੂਲਦੇ ਖਾਲਸਾਈ ਨਿਸ਼ਾਨ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਨਮਨ ਹੋਵੇਗਾ। (**ਬਾਕੀ ਸਫ਼ਾ 27 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਥਕ ਏਕਤਾ

ਤਰਨ ਤਾਰਨ ਜ਼ਿਮਨੀ ਚੋਣ ਦੇ ਨਤੀਜੇ ਜਿਥੇ ਹੈਰਾਨੀਜਨਕ ਰਹੇ ਹਨ, ਉਥੇ ਇਹਨਾਂ ਨਤੀਜਿਆਂ ਤੋਂ ਇਹ ਗੱਲ ਵੀ ਉਭਰ ਕੇ ਆਈ ਹੈ ਕਿ 'ਪੰਥਕ ਏਕਤਾ' ਦੀ ਘਾਟ ਕਾਰਨ ਸ਼੍ਰੋਮਣੀ ਅਕਾਲੀ ਦਲ ਇਹ ਚੋਣ ਜਿੱਤਦਾ ਜਿੱਤਦਾ ਹਾਰ ਗਿਆ। ਇਸ ਚੋਣ ਵਿੱਚ ਅਕਾਲੀ ਦਲ ਬਾਦਲ ਦਾ ਉਮੀਦਵਾਰ ਦੂਜੇ ਨੰਬਰ 'ਤੇ ਆਇਆ ਹੈ, ਜਦੋਂਕਿ ਅਕਾਲੀ ਦਲ 'ਵਾਰਿਸ ਪੰਜਾਬ ਦੇ' ਅਤੇ ਹੋਰ ਪੰਥਕ ਪਾਰਟੀਆਂ ਦਾ ਸਾਂਝਾ ਉਮੀਦਵਾਰ ਤੀਜੇ ਨੰਬਰ 'ਤੇ ਆਇਆ ਹੈ। ਜੇ ਇਹ ਸਾਰੀਆਂ ਪੰਥਕ ਪਾਰਟੀਆਂ ਆਪਸ ਵਿੱਚ ਏਕਤਾ ਕਰਕੇ ਇੱਕ ਹੀ ਸਾਂਝਾ ਪੰਥਕ ਉਮੀਦਵਾਰ ਖੜ੍ਹਾ ਕਰਦੀਆਂ ਤਾਂ ਜਿੱਤ 'ਪੰਥ' ਦੀ ਝੋਲੀ ਪੈ ਸਕਦੀ ਸੀ ਪਰ ਸਾਡੇ ਪੰਥਕ ਆਗੂਆਂ ਨੇ ਮੌਕਾ ਨਾ ਸਾਂਭਿਆ ਅਤੇ ਆਪਸੀ ਫੁੱਟ ਇਸ ਪੰਥਕ ਸੀਟ 'ਤੇ ਪੱਕੀ ਜਿੱਤ ਨੂੰ ਹਾਰ ਵਿੱਚ ਬਦਲ ਗਈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਸਗੋਂ ਪਹਿਲਾਂ ਵੀ ਕਈ ਵਾਰ ਹੋ ਚੁੱਕਿਆ ਹੈ ਕਿ ਪੰਥਕ ਜਥੇਬੰਦੀਆਂ ਆਪਸੀ ਏਕੇ ਦੀ ਘਾਟ ਕਾਰਨ ਅਨੇਕਾਂ ਚੋਣਾਂ ਹਾਰ ਚੁੱਕੀਆਂ ਹਨ। ਇਸ ਦੇ ਬਾਵਜੂਦ ਸਾਡੇ ਪੰਥਕ ਆਗੂਆਂ ਨੇ ਕੋਈ ਸਬਕ ਨਹੀਂ ਸਿੱਖਿਆ ਅਤੇ ਸਾਰੇ ਪੰਥਕ ਆਗੂਆਂ ਦੇ ਵੱਖੋ ਵੱਖਰੇ ਚੁੱਲ੍ਹੇ ਅਜੇ ਵੀ ਮੌਜੂਦ ਹਨ।

ਕੁਝ ਸਮਾਂ ਪਹਿਲਾਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਭਾਵ ਵੱਖ -ਵੱਖ ਅਕਾਲੀ ਧੜਿਆਂ ਦੀ ਆਪਸੀ ਏਕਤਾ ਦੀ ਗੱਲ ਤੁਰੀ ਸੀ ਤਾਂ ਉਸ ਸਮੇਂ ਸਤਿਕਾਰਯੋਗ 'ਪੰਜ ਸਿੰਘ ਸਾਹਿਬਾਨ' ਨੇ ਸਪਸ਼ਟ ਕਿਹਾ ਸੀ ਕਿ ਸਾਰੇ ਅਕਾਲੀ ਆਗੂਆਂ ਤੇ ਧੜਿਆਂ ਨੂੰ ਆਪੋ ਆਪਣੇ ਚੁੱਲ੍ਹੇ ਸਮੇਟ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇਕੱਠੇ ਹੋਣਾ ਚਾਹੀਦਾ ਹੈ। ਉਸ ਸਮੇਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਨਿਮਾਣੇ ਸਿੱਖ ਵਾਂਗ ਸਾਰੇ ਗੁਨਾਹ ਆਪਣੀ ਝੋਲੀ ਪਵਾਉਂਦਿਆਂ 'ਪੰਜ ਸਿੰਘ ਸਾਹਿਬਾਨ' ਵੱਲੋਂ ਲਗਾਈ ਤਨਖਾਹ ਵੀ ਭੁਗਤ ਲਈ ਸੀ। ਉਸ ਤੋਂ ਬਾਅਦ ਸਿੱਖ ਪੰਥ ਵਿੱਚ ਘਟਨਾਕ੍ਰਮ ਅਜਿਹਾ ਵਾਪਰਿਆ ਕਿ ਪੰਥਕ ਏਕਤਾ ਹੋਣ ਦੀ ਥਾਂ ਇੱਕ ਹੋਰ ਨਵਾਂ ਅਕਾਲੀ ਦਲ ਹੋਂਦ ਵਿੱਚ ਆ ਗਿਆ। ਜਿਸ ਨੂੰ ਅਕਾਲੀ ਦਲ ਪੁਨਰ ਸੁਰਜੀਤ ਕਿਹਾ ਜਾਂਦਾ ਹੈ ਅਤੇ ਇਸ ਦੀ ਅਗਵਾਈ ਸਾਬਕਾ ਸਿੰਘ ਸਾਹਿਬਾਨ ਗਿਆਨੀ ਹਰਪ੍ਰੀਤ ਸਿੰਘ ਕਰ ਰਹੇ ਹਨ।

ਸਿੱਖ ਪੰਥ ਦਾ ਇਹ ਇਤਿਹਾਸ ਰਿਹਾ ਹੈ ਕਿ ਜਦੋਂ ਵੀ ਵੱਖ- ਵੱਖ ਅਕਾਲੀ ਧੜਿਆਂ ਵਿਚਾਲੇ ਪੰਥਕ ਏਕਤਾ ਦੀ ਗੱਲ ਤੁਰਦੀ ਹੈ ਤਾਂ ਸਾਰੇ ਧੜਿਆਂ ਨੂੰ ਭੰਗ ਕਰਕੇ ਇੱਕ ਹੀ ਪਾਰਟੀ ਬਣਨ ਦੀ ਥਾਂ ਇੱਕ ਹੋਰ ਅਕਾਲੀ ਦਲ ਹੋਂਦ ਵਿੱਚ ਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਅਜਿਹਾ ਕਈ ਵਾਰ ਹੋਇਆ ਹੈ। ਜਦੋਂ ਵੀ ਕੋਈ ਆਗੂ ਆਪਣੀ ਪਾਰਟੀ ਦੀ ਹਾਈਕਮਾਂਡ ਨਾਲ ਨਾਰਾਜ਼ ਹੁੰਦਾ ਹੈ ਤਾਂ ਉਹ ਤੁਰੰਤ ਆਪਣਾ ਨਵਾਂ ਅਕਾਲੀ ਦਲ ਖੜ੍ਹਾ ਕਰ ਲੈਂਦਾ ਹੈ। ਇਸ ਕਾਰਨ ਪੰਜਾਬ ਵਿੱਚ ਅਕਾਲੀ ਦਲਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ। ਆਮ ਲੋਕਾਂ ਨੂੰ ਸਮਝ ਨਹੀਂ ਲੱਗਦੀ ਕਿ ਅਸਲੀ ਅਕਾਲੀ ਦਲ ਕਿਹੜਾ ਹੈ ਪਰ ਅਕਾਲੀ ਦਲ ਬਾਦਲ ਕੋਲ ਚੋਣ ਨਿਸ਼ਾਨ 'ਤੱਕੜੀ' ਹੋਣ ਅਤੇ ਸ਼੍ਰੋਮਣੀ ਕਮੇਟੀ ਉੱਪਰ ਇਸ ਅਕਾਲੀ ਦਲ ਦਾ ਕਬਜ਼ਾ ਹੋਣ ਕਾਰਨ ਇਸ ਦਲ ਦਾ ਦਾਅਵਾ ਸਭ ਤੋਂ ਮਜ਼ਬੂਤ ਹੈ। ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਅਕਾਲੀ ਦਲ ਬਾਦਲ ਦੇ ਉਮੀਦਵਾਰ ਨੂੰ ਪਈਆਂ ਵੋਟਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਮੁੜ ਅਕਾਲੀ ਦਲ ਨੂੰ ਸਮਰਥਨ ਦੇਣ ਲੱਗ ਪਏ ਹਨ ਅਤੇ ਅਕਾਲੀ ਦਲ ਬਾਦਲ ਪਹਿਲਾਂ ਨਾਲੋਂ ਹੋਰ ਮਜ਼ਬੂਤ ਹੋ ਕੇ ਉਭਰਿਆ ਹੈ।

ਪੰਜਾਬ ਵਿੱਚ ਪੱਕੀਆਂ 'ਪੰਥਕ ਵੋਟਾਂ' ਦੀ ਗਿਣਤੀ ਬਹੁਤ ਹੈ, ਇਹ ਪੰਥਕ ਵੋਟਾਂ ਕਿਸੇ ਵੀ ਪਾਰਟੀ ਦੀ ਜਿੱਤ ਹਾਰ ਨੂੰ ਬਦਲ ਸਕਦੀਆਂ ਹਨ ਅਤੇ ਪੰਥਕ ਵੋਟਾਂ ਕਾਰਨ ਪੰਜਾਬ ਦੀ ਸਿਆਸਤ ਦੇ ਸਮੀਕਰਨ ਵੀ ਬਦਲ ਸਕਦੇ ਹਨ। ਪੰਜਾਬ ਵਿੱਚ ਅਜੇ ਵੀ ਵੱਡੀ ਗਿਣਤੀ ਵੋਟਰ ਅਜਿਹੇ ਹਨ ਜੋ ਕਿ ਖੇਤੀਬਾੜੀ ਜਾਂ ਸਰਕਾਰੀ ਨੌਕਰੀ ਕਰਦੇ ਹਨ ਜਾਂ ਪ੍ਰਾਈਵੇਟ ਕੰਮ ਧੰਦੇ ਕਰਦੇ ਹਨ ਅਤੇ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਨਹੀਂ ਜੁੜੇ ਹੋਏ ਪਰ ਉਹ ਵੋਟਾਂ ਹਮੇਸ਼ਾ 'ਪੰਥਕ ਉਮੀਦਵਾਰ' ਨੂੰ ਪਾਉਂਦੇ ਹਨ। ਇਹ 'ਪੰਥਕ ਵੋਟਾਂ' ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤਾਂ ਦਿਵਾਉਂਦੀਆਂ ਰਹੀਆਂ, ਜਿਸ ਕਾਰਨ ਅਨੇਕਾਂ ਸਾਲ ਅਕਾਲੀ ਦਲ ਸੱਤਾ ਦਾ ਸੁੱਖ ਭੋਗਦਾ ਰਿਹਾ। ਕੁਝ ਕਾਰਨਾਂ ਕਰਕੇ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀਆਂ ਇਹ ਪੱਕੀਆਂ 'ਪੰਥਕ ਵੋਟਾਂ' ਅਕਾਲੀ ਦਲ ਤੋਂ ਦੂਰ ਹੁੰਦੀਆਂ ਗਈਆਂ ਅਤੇ ਇਹਨਾਂ 'ਪੰਥਕ ਵੋਟਾਂ' ਦੇ ਸਹਾਰੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ। ਹੁਣ ਇੱਕ ਵਾਰ ਫੇਰ 'ਪੰਥਕ ਵੋਟਰਾਂ' ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੁੰਗਾਰਾ ਭਰਿਆ ਹੈ, ਪਰ ਇਹਨਾਂ 'ਪੰਥਕ ਵੋਟਾਂ' ਦਾ ਫਾਇਦਾ ਅਕਾਲੀ ਦਲ ਨੂੰ ਤਾਂ ਹੀ ਹੋ ਸਕਦਾ ਹੈ ਕਿ ਜੇ ਚੋਣਾਂ ਵਿੱਚ ਸਿਰਫ਼ ਇੱਕ ਹੀ ਪੰਥਕ ਉਮੀਦਵਾਰ ਖੜ੍ਹਾ ਹੋਵੇ। ਤਰਨ ਤਾਰਨ ਵਿੱਚ ਵੀ 'ਪੰਥਕ ਵੋਟਾਂ' ਵੱਲੋਂ ਆਪਣਾ ਫੈਸਲਾ ਪੰਥ ਦੇ ਹੱਕ ਵਿੱਚ ਦਿੱਤਾ ਗਿਆ ਪਰ ਦੋ ਪੰਥਕ ਉਮੀਦਵਾਰਾਂ ਕਾਰਨ ਇਹ 'ਪੰਥਕ ਵੋਟਾਂ' ਵੰਡੀਆਂ ਗਈਆਂ, ਜਿਸ ਕਾਰਨ ਦੋਵਾਂ ਪੰਥਕ ਉਮੀਦਵਾਰਾਂ ਵਿਚੋਂ ਕਿਸੇ ਨੂੰ ਵੀ ਜਿੱਤ ਨਸੀਬ ਨਾ ਹੋਈ। ਇਸ ਹਾਰ ਲਈ ਪੰਥਕ ਆਗੂ ਜ਼ਿੰਮੇਵਾਰ ਹਨ, 'ਪੰਥਕ ਵੋਟਰਾਂ' ਨੇ ਤਾਂ ਪੰਥਕ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾਅ ਦਿੱਤੀ ਹੈ। ਜੇ ਪੰਥਕ ਆਗੂ ਆਪਸ ਵਿੱਚ ਏਕਾ ਨਹੀਂ ਕਰ ਸਕੇ ਤਾਂ ਇਸ ਵਿੱਚ ਪੱਕੇ 'ਪੰਥਕ ਵੋਟਰ' ਕਰ ਵੀ ਕੀ ਸਕਦੇ ਹਨ।

ਪੰਥ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਹੈ ਅਤੇ ਚੜ੍ਹਦੀਕਲਾ ਵਿੱਚ ਹੀ ਰਹੇਗਾ। ਭਾਵੇਂ ਕਿ ਸਮੇਂ ਸਮੇਂ ਵੱਖ- ਵੱਖ ਹਾਕਮਾਂ ਨੇ ਪੰਥ ਨਾਲ ਟੱਕਰ ਲਈ ਹੈ, ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਹੈ। ਇਹੋ ਕਾਰਨ ਹੈ ਕਿ ਅਨੇਕਾਂ ਉਤਰਾਓ ਚੜ੍ਹਾਓ ਆਉਣ ਦੇ ਬਾਵਜੂਦ ਪੰਥ ਪੂਰੀ ਤਰ੍ਹਾਂ ਮਜ਼ਬੂਤ ਦਿਖਾਈ ਦੇ ਰਿਹਾ ਹੈ। ਇਸ ਸਮੇਂ ਵੱਡੀ ਲੋੜ ਤਾਂ 'ਪੰਥਕ ਏਕਤਾ' ਦੀ ਹੈ। ਜੇ ਸਾਲ 2027 ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਪੰਜਾਬ 'ਚ 'ਪੰਥਕ ਸਰਕਾਰ' ਬਣਾਉਣੀ ਹੈ ਤਾਂ ਵੱਖ -ਵੱਖ ਅਕਾਲੀ ਧੜਿਆਂ ਅਤੇ ਪੰਥਕ ਪਾਰਟੀਆਂ ਵਿਚਾਲੇ ਏਕਤਾ ਹੋਣੀ ਬਹੁਤ ਜ਼ਰੂਰੀ ਹੈ।

# ਬਿਹਾਰ ਚੋਣਾਂ ਦੇ ਇੰਡੀਆ ਗੱਠਜੋੜ ਲਈ ਸਬਕ

ਨਿਤਿਆ ਚੱਕਰਵਰਤੀ



ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਜਿੱਤ ਪ੍ਰਾਪਤ ਕੀਤੀ ਹੈ, ਜਿਸ ਨੇ 243 ਮੈਂਬਰੀ ਰਾਜ ਵਿਧਾਨ ਸਭਾ ਵਿੱਚ ਆਪਣੀ ਜਿੱਤ ਨਾਲ ਆਰ.ਜੇ.ਡੀ. ਅਤੇ ਹੋਰ ਇੰਡੀਆ ਗੱਠਜੋੜ ਨੂੰ ਹੈਰਾਨ ਕਰ ਦਿੱਤਾ ਹੈ। ਐਨ.ਡੀ.ਏ. ਨੇ 202 ਸੀਟਾਂ ਜਿੱਤੀਆਂ, ਜਦੋਂ ਕਿ ਮਹਾਂਗਠਜੋੜ ਨੇ 35 ਅਤੇ ਹੋਰਾਂ ਨੇ ਛੇ ਸੀਟਾਂ ਜਿੱਤੀਆਂ। ਇੱਕ ਸਮੇਂ ਜਦੋਂ ਤੇਜਸਵੀ ਯਾਦਵ ਨੂੰ ਮਹਾਂਗਠਜੋੜ ਦੇ ਸੰਭਾਵੀ ਮੁੱਖ ਮੰਤਰੀ ਵਜੋਂ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਇੰਡੀਆ ਗੱਠਜੋੜ ਵਿੱਚ ਬਹੁਤ ਉਤਸ਼ਾਹ ਸੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਐਸ.ਆਈ.ਆਰ. ਵਿਰੁੱਧ ਅੰਦੋਲਨ ਚੋਣ ਕਮਿਸ਼ਨ ਅਤੇ ਕੇਂਦਰ ਸਰਕਾਰ ਵਿਰੁੱਧ ਇੱਕ ਵੱਡੇ ਅੰਦੋਲਨ ਵਿੱਚ ਬਦਲ ਗਿਆ ਸੀ, ਮਹਾਂਗਠਜੋੜ ਦੀ ਰਣਨੀਤੀ ਅਤੇ ਚੋਣ ਮੁਹਿੰਮ ਵਿੱਚ ਕੀ ਗਲਤ ਹੋਇਆ ? ਇਸ ਦਾ ਮੁਲਾਂਕਣ ਇੰਡੀਆ ਗੱਠਜੋੜ ਦੇ ਨੇਤਾਵਾਂ ਅਤੇ ਉਨ੍ਹਾਂ ਦੇ ਥਿੰਕ ਟੈਂਕ ਦੁਆਰਾ ਧਿਆਨ ਨਾਲ ਕਰਨ ਦੀ ਜ਼ਰੂਰਤ ਹੋਏਗੀ। ਪਹਿਲਾਂ, ਇਸ 2025 ਦੀਆਂ ਚੋਣਾਂ ਨੇ ਮੁੱਖ ਮੰਤਰੀ ਦਾ ਪੁਨਰਵਾਸ ਕੀਤਾ ਹੈ। ਉਨ੍ਹਾਂ ਦੇ, ਜਿਵੇਂ ਕਿ ਕਿਹਾ ਜਾਂਦਾ ਹੈ, ਨੌਂ ਜਨਮ ਹਨ। ਭਾਜਪਾ ਨੇ ਇਕੱਲੇ ਸਭ ਤੋਂ ਵੱਧ 89 ਸੀਟਾਂ ਜਿੱਤੀਆਂ, ਜਦੋਂ ਕਿ ਜ.ਦ.ਯੂ. ਨੇ 85 ਸੀਟਾਂ ਜਿੱਤੀਆਂ। ਹਾਲਾਂ ਕਿ, ਨਿਤੀਸ਼ ਕੁਮਾਰ ਨੇ ਅਜੇ ਪੂਰੀਆਂ ਸ਼ਕਤੀਆਂ ਨਾਲ ਸਹੁੰ ਨਹੀਂ ਚੁੱਕੀ ਹੈ ਅਤੇ ਰਾਜ ਭਾਜਪਾ ਲੀਡਰਸ਼ਿਪ ਨੂੰ ਉਦੋਂ ਤਕ ਇੰਤਜ਼ਾਰ ਕਰਨਾ ਪਵੇਗਾ ਜਦੋਂ ਤਕ ਨਿਤੀਸ਼ ਕੁਮਾਰ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦੇ ਹਨ। ਦੂਜਾ, ਨਿਤੀਸ਼ ਕੁਮਾਰ ਦੇ ਕਾਰਨ ਔਰਤਾਂ ਦਾ ਸਮਰਥਨ ਨਿਸ਼ਚਤ ਤੌਰ 'ਤੇ ਐਨ.ਡੀ.ਏ. ਦੇ ਹੱਕ ਵਿੱਚ ਚਲਾ ਗਿਆ ਹੈ। ਚੋਣਾਂ ਤੋਂ ਕੁਝ ਦਿਨ ਪਹਿਲਾਂ ਔਰਤਾਂ ਲਈ ਵਾਧੂ ਫੰਡਾਂ ਦੇ ਐਲਾਨ ਦਾ ਵੱਡਾ ਪ੍ਰਭਾਵ ਪਿਆ। ਨਿਤੀਸ਼ ਕੁਮਾਰ ਸੱਤਾ ਵਿੱਚ ਸਨ, ਇਸ ਲਈ ਉਨ੍ਹਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਦਾ ਪਹਿਲਾ ਫਾਇਦਾ ਮਿਲ ਸਕਦਾ ਸੀ। ਆਰ.ਜੇ.ਡੀ. ਨੇਤਾ ਦੀ ਬਾਅਦ ਦੀ ਘੋਸ਼ਣਾ ਉਸ ਪ੍ਰਭਾਵ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਦਰਅਸਲ, ਚੋਣਾਂ ਵਿੱਚ ਔਰਤਾਂ ਦੀ ਭਾਗੀਦਾਰੀ ਅਤੇ ਵੋਟਿੰਗ ਅਧਿਕਾਰਾਂ ਦਾ ਹਮਲਾਵਰ ਦਾਅਵਾ ਵੱਖ-ਵੱਖ ਮਹਿਲਾ-ਕੇਂਦ੍ਰਿਤ ਯੋਜਨਾਵਾਂ ਦਾ ਨਤੀਜਾ ਹੈ, ਜਿਸ ਵਿੱਚ ਔਰਤਾਂ ਨੂੰ ਨਕਦ ਟ੍ਰਾਂਸਫਰ ਵੀ ਸ਼ਾਮਲ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੰਗਾਲ ਵਿੱਚ ਦਿਖਾਇਆ ਹੈ ਕਿ ਰਾਜਨੀਤਿਕ ਲਾਭ ਪ੍ਰਾਪਤ ਕਰਨ ਲਈ ਇਸ ਨੂੰ ਰਾਜ ਵਿੱਚ ਕਿੰਨਾ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਤੀਜਾ, ਐਸ.ਆਈ.ਆਰ. 'ਤੇ ਰਣਨੀਤੀ ਦਾ ਸਮੁੱਚੇ ਤੌਰ 'ਤੇ ਭਾਰਤ ਬਲਾਕ ਦੁਆਰਾ ਸਹੀ ਢੰਗ ਨਾਲ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਨੇ ਸਿਰਫ਼ 6 ਸੀਟਾਂ ਜਿੱਤੀਆਂ - ਇਹ ਬਿਹਾਰ ਵਿੱਚ ਕਾਂਗਰਸ ਦੀ ਸੰਗਠਨਾਤਮਕ ਤਾਕਤ ਨੂੰ ਦਰਸਾਉਂਦਾ ਹੈ, ਜਿਸ ਨੇ ਲਗਾਤਾਰ ਆਰ.ਜੇ.ਡੀ. ਨਾਲੋਂ ਵੱਧ ਸੀਟਾਂ ਲਈ ਗੱਲਬਾਤ ਕੀਤੀ। ਆਰ.ਜੇ.ਡੀ. ਮਹਾਂਗਠਜੋੜ ਦਾ ਆਗੂ ਸੀ ਅਤੇ ਇਸ ਲਈ ਐਨ.ਡੀ.ਏ. ਦੀ ਭਾਰੀ ਜਿੱਤ ਤੋਂ ਸਭ ਤੋਂ ਵੱਧ ਨੁਕਸਾਨ ਝੱਲਿਆ। ਹਾਲਾਂ ਕਿ, ਵੋਟਿੰਗ ਅੰਕੜੇ ਦਰਸਾਉਂਦੇ ਹਨ ਕਿ ਆਰ.ਜੇ.ਡੀ. ਨੂੰ ਭਾਜਪਾ ਨਾਲੋਂ ਵੱਧ ਵੋਟਾਂ ਮਿਲੀਆਂ। ਆਰ.ਜੇ.ਡੀ. ਕੋਲ ਸਮਰੱਥਾ ਹੈ ਅਤੇ ਇਹ ਉਹ ਪਾਰਟੀ ਹੈ ਜੋ 2025 ਦੇ ਚੋਣ ਪ੍ਰਚਾਰ ਵਿੱਚ ਆਪਣੀਆਂ ਕਮਜ਼ੋਰੀਆਂ ਦਾ ਮੁਲਾਂਕਣ ਕਰ ਸਕਦੀ ਹੈ ਅਤੇ ਵਾਪਸੀ ਕਰ ਸਕਦੀ ਹੈ। ਇਸੇ ਤਰ੍ਹਾਂ, ਸੀ.ਪੀ.ਆਈ.(ਐਮ.ਐਲ.), ਜਿਸ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ, ਨੂੰ ਇਹ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਕੀ ਇਸ ਦਾ 2020 ਦਾ ਅਧਾਰ ਕੁਝ ਹੱਦ ਤੱਕ ਘਟਿਆ ਹੈ। ਪਾਰਟੀ ਨੇ ਆਪਣੇ ਉਮੀਦਵਾਰਾਂ ਦੇ ਨਾਲ-ਨਾਲ ਹੋਰ ਮਹਾਂਗਠਜੋੜ ਉਮੀਦਵਾਰਾਂ ਲਈ ਸਖ਼ਤ ਮਿਹਨਤ ਕੀਤੀ। ਸੀ.ਪੀ.ਆਈ.(ਐਮ.ਐਲ.) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੂੰ 2025 ਦੀਆਂ ਚੋਣਾਂ ਵਿੱਚ ਆਪਣੀ ਪਾਰਟੀ ਅਤੇ ਮਹਾਂਗਠਜੋੜ ਦੇ ਮਾੜੇ ਪ੍ਰਦਰਸ਼ਨ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ। ਇਹ ਸਪੱਸ਼ਟ ਹੈ ਕਿ ਪ੍ਰਸ਼ਾਂਤ ਕਿਸ਼ੋਰ ਦੀ ਜਨ ਸੂਰਜ ਪਾਰਟੀ ਅਤੇ ਓਵੈਸੀ ਦੀ ਏ.ਆਈ.ਐਮ.ਆਈ.ਐਮ. ਨੇ ਮਹਾਂਗਠਜੋੜ ਦੀਆਂ ਵੋਟਾਂ, ਖਾਸ ਕਰਕੇ ਆਰ.ਜੇ.ਡੀ. ਦੀਆਂ ਵੋਟਾਂ ਵਿੱਚ ਕਟੌਤੀ ਕੀਤੀ। ਸੰਸਦੀ ਲੋਕਤੰਤਰ ਵਿੱਚ ਚੋਣਾਂ ਦੌਰਾਨ ਅਜਿਹੀਆਂ ਚੀਜ਼ਾਂ ਆਮ ਹੁੰਦੀਆਂ ਹਨ। ਪਰ ਮਹਾਂਗਠਜੋੜ ਨੂੰ ਅਸਲ ਝਟਕਾ ਚਿਰਾਗ ਪਾਸਵਾਨ ਦੀ ਪਾਰਟੀ, ਐਲ.ਜੇ.ਪੀ. (ਆਰ.ਐਲ.ਡੀ.) ਤੋਂ ਲੱਗਾ, ਜੋ ਆਪਣੀਆਂ ਦਲਿਤ ਵੋਟਾਂ ਐਨ.ਡੀ.ਏ. ਉਮੀਦਵਾਰਾਂ ਨੂੰ ਤਬਦੀਲ ਕਰਨ ਦੇ ਯੋਗ ਸੀ। 21 ਸੀਟਾਂ ਦੇ ਨਾਲ, ਚਿਰਾਗ ਪਾਸਵਾਨ ਰਾਜ ਅਤੇ ਕੇਂਦਰੀ ਰਾਜਨੀਤੀ ਦੋਵਾਂ ਵਿੱਚ ਸ਼ਕਤੀਸ਼ਾਲੀ ਬਣ ਗਿਆ ਹੈ। ਜਦੋਂ ਕਿ ਇੰਡੀਆ ਬਲਾਕ ਅਤੇ ਮਹਾਂਗਠਜੋੜ ਲੀਡਰਸ਼ਿਪ ਤੋਂ ਮਹਾਂਗਠਜੋੜ ਦੀ ਹਾਰ ਲਈ ਜ਼ਿੰਮੇਵਾਰ ਕਾਰਕਾਂ 'ਤੇ ਆਤਮ-ਮੰਥਨ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਭਾਜਪਾ ਲਈ, ਇਹ ਮਾਣ ਦਾ ਪਲ ਹੈ। ਹਾਲਾਂ ਕਿ ਕੇਂਦਰੀ ਆਗੂ ਬਿਹਾਰ ਵਿੱਚ ਇੱਕ ਨਿਸ਼ਚਿਤ ਐਨ.ਡੀ.ਏ. ਜਿੱਤ ਬਾਰੇ ਗੱਲ ਕਰ ਰਹੇ ਸਨ, ਉਹ ਨਿੱਜੀ ਤੌਰ 'ਤੇ ਚਿੰਤਤ ਸਨ। ਐਸ.ਆਈ.ਆਰ. ਵਿਰੁੱਧ ਅੰਦੋਲਨ ਨੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੋਵਾਂ ਨੂੰ ਪਰੇਸ਼ਾਨ ਕੀਤਾ ਸੀ ਪਰ ਉਹ ਸ਼ਾਨਦਾਰ ਰਣਨੀਤੀਕਾਰ ਹਨ। ਅਮਿਤ ਸ਼ਾਹ ਬਿਹਾਰ ਚੋਣਾਂ ਵਿੱਚ ਆਪਣੀ ਰਣਨੀਤੀ ਦੀ ਜਿੱਤ ਦਾ ਸਿਹਰਾ ਜ਼ਰੂਰ ਲੈਣਗੇ। ਹੁਣ ਉਨ੍ਹਾਂ ਦਾ ਅਗਲਾ ਧਿਆਨ ਕੇਰਲਾ, ਤਾਮਿਲਨਾਡੂ, ਪੱਛਮੀ ਬੰਗਾਲ, ਅਸਾਮ ਅਤੇ ਪੁਡੂਚੇਰੀ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਨ 'ਤੇ ਹੈ। ਉਨ੍ਹਾਂ ਨੂੰ ਬਿਹਾਰ ਚੋਣ ਹਾਰ ਤੋਂ ਢੁਕਵੇਂ ਸਬਕ ਸਿੱਖਣੇ ਚਾਹੀਦੇ ਹਨ ਅਤੇ ਅਪ੍ਰੈਲ/ਮਈ 2026 ਵਿੱਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਦੇ ਅਗਲੇ ਦੌਰ ਵਿੱਚ ਚੁਣੌਤੀ ਦਾ ਸਾਹਮਣਾ ਕਰਨ ਲਈ ਇੱਕਜੁੱਟ ਹੋ ਕੇ ਤਿਆਰੀ ਕਰਨੀ ਚਾਹੀਦੀ ਹੈ।

ਇੰਡੀਆ ਬਲਾਕ ਦੇ ਸਾਹਮਣੇ ਇੱਕ ਬਹੁਤ ਵੱਡਾ ਕੰਮ ਹੈ: ਬਿਹਾਰ ਚੋਣਾਂ ਦੀ ਹਾਰ ਤੋਂ ਢੁਕਵੇਂ ਸਬਕ ਲੈਣਾ ਅਤੇ ਅਪ੍ਰੈਲ/ਮਈ 2026 ਵਿੱਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਦੇ ਅਗਲੇ ਦੌਰ ਵਿੱਚ ਚੁਣੌਤੀ ਦਾ ਸਾਹਮਣਾ ਕਰਨ ਲਈ ਇੱਕਜੁੱਟ ਹੋਣ ਦੀ ਤਿਆਰੀ ਕਰਨਾ। ਸਿਰਫ਼ ਚਾਰ ਮਹੀਨੇ ਬਾਕੀ ਰਹਿੰਦਿਆਂ, ਇੰਡੀਆ ਬਲਾਕ ਦੇ ਹਲਕੇ ਆਪਣੇ-ਆਪਣੇ ਰਾਜਾਂ ਵਿੱਚ ਆਪਣਾ ਕੰਮ ਸ਼ੁਰੂ ਕਰ ਦੇਣਗੇ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਰੋਧੀ ਸਰਕਾਰਾਂ ਨੂੰ ਡੇਗਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਕੇਰਲ ਵਿੱਚ, ਮੁਕਾਬਲਾ ਸੀ.ਪੀ.ਆਈ.(ਐਮ) ਦੀ ਅਗਵਾਈ ਵਾਲੀ ਐਲ.ਡੀ.ਐਫ. ਅਤੇ ਕਾਂਗਰਸ ਦੀ ਅਗਵਾਈ ਵਾਲੀ ਯੂ.ਡੀ.ਐਫ. ਵਿਚਕਾਰ ਹੈ, ਜਿਸ ਵਿੱਚ ਭਾਜਪਾ ਦੇ ਵੱਧ ਤੋਂ ਵੱਧ ਦੋ ਜਾਂ ਤਿੰਨ ਸੀਟਾਂ ਜਿੱਤਣ ਦੀ ਸੰਭਾਵਨਾ ਹੈ। ਨਵੀਂ ਸਰਕਾਰ ਦੀ ਅਗਵਾਈ ਇੰਡੀਆ ਬਲਾਕ ਦੇ ਸਹਿਯੋਗੀਆਂ ਵਿੱਚੋਂ ਇੱਕ, ਸੀ.ਪੀ.ਆਈ.(ਐਮ) ਜਾਂ ਕਾਂਗਰਸ ਕਰੇਗੀ। ਇਸੇ ਤਰ੍ਹਾਂ, ਪੱਛਮੀ ਬੰਗਾਲ ਵਿੱਚ, ਮਮਤਾ ਬੈਨਰਜੀ ਵਿੱਚ, ਇੰਡੀਆ ਬਲਾਕ ਨੂੰ ਇੱਕ ਰਾਜਨੀਤਿਕ ਰਣਨੀਤੀਕਾਰ ਮਿਲਿਆ ਹੈ ਜੋ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਰਾਜ ਪੱਧਰ 'ਤੇ ਭਾਜਪਾ ਨੂੰ ਚੁਣੌਤੀ ਦੇ ਸਕਦਾ ਹੈ। ਸਾਰੇ ਸੰਕੇਤ ਦਰਸਾਉਂਦੇ ਹਨ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਕਿੰਨੀ ਵੀ ਕੋਸ਼ਿਸ਼ ਕਰਨ, ਭਾਜਪਾ ਸੰਗਠਨਾਤਮਕ ਤੌਰ 'ਤੇ ਵਧੀਆ ਪ੍ਰਦਰਸ਼ਨ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਇੰਡੀਆ ਬਲਾਕ ਲਈ, 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਤਾਮਿਲਨਾਡੂ ਵਿੱਚ ਹਾਲ ਹੀ ਵਿੱਚ ਹੋਏ ਵਿਕਾਸ ਨਿਸ਼ਚਿਤ ਤੌਰ 'ਤੇ ਚਿੰਤਾ ਦਾ ਵਿਸ਼ਾ ਹਨ। ਫਿਲਮ ਸਟਾਰ ਵਿਜੇ ਲਹਿਰਾਂ ਬਣਾ ਰਿਹਾ ਹੈ ਅਤੇ ਨੌਜਵਾਨਾਂ ਅਤੇ ਔਰਤਾਂ ਤੋਂ ਮਜ਼ਬੂਤ ਸਮਰਥਨ ਪ੍ਰਾਪਤ ਕਰ ਰਿਹਾ ਹੈ। ਉਸ ਦੀ ਰਾਜਨੀਤਿਕ ਪਾਰਟੀ ਨੇ ਅਜੇ ਤੱਕ ਗੱਠਜੋੜਾਂ ਸਬੰਧੀ ਕੋਈ ਸਟੈਂਡ ਨਹੀਂ ਲਿਆ ਹੈ। ਹਾਲਾਂ ਕਿ, ਜੇਕਰ ਵਿਜੇ ਏ.ਆਈ.ਏ.ਡੀ.ਐਮ.ਕੇ.-ਭਾਜਪਾ ਗੱਠਜੋੜ ਨਾਲ ਜੁੜਦਾ ਹੈ, ਤਾਂ ਇਹ ਸਟਾਲਿਨ ਦੀ ਅਗਵਾਈ ਵਾਲੀ ਡੀ.ਐਮ.ਕੇ. ਅਤੇ ਇੰਡੀਆ ਬਲਾਕ ਹਲਕੇ ਲਈ ਖ਼ਤਰਾ ਪੈਦਾ ਕਰ ਸਕਦਾ ਹੈ, ਜੋ ਇਕੱਠੇ ਵਿਧਾਨ ਸਭਾ ਚੋਣਾਂ ਲੜ ਰਹੇ ਹਨ। 2025 ਵਿੱਚ ਤਾਮਿਲਨਾਡੂ ਦੀ ਰਾਜਨੀਤਿਕ ਸਥਿਤੀ 2021 ਦੀਆਂ ਚੋਣਾਂ ਤੋਂ ਥੋੜ੍ਹੀ ਵੱਖਰੀ ਹੈ। ਡੀ.ਐਮ.ਕੇ. ਦੀ ਅਗਵਾਈ ਵਾਲੇ ਮੋਰਚੇ ਨੂੰ ਇਸ ਚੁਣੌਤੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਅਸਾਮ ਵਿੱਚ, ਭਾਜਪਾ ਸੱਤਾ ਬਰਕਰਾਰ ਰੱਖਣ ਦਾ ਭਰੋਸਾ ਰੱਖਦੀ ਹੈ। ਕੇਂਦਰੀ ਪਾਰਟੀ ਲੀਡਰਸ਼ਿਪ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਦੀ ਬੰਗਾਲੀ ਬੋਲਣ ਵਾਲੇ ਮੁਸਲਮਾਨਾਂ ਨੂੰ ਅਸਾਮੀ ਬੋਲਣ ਵਾਲੇ ਮੁਸਲਮਾਨਾਂ ਤੋਂ ਵੰਡਣ ਅਤੇ ਅਸਾਮੀ ਹਿੰਦੂਆਂ ਦਾ ਸਮਰਥਨ ਪ੍ਰਾਪਤ ਕਰਨ ਲਈ ਹਿੰਦੂਤਵ ਲੀਹਾਂ 'ਤੇ ਪ੍ਰਚਾਰ ਕਰਨ ਦੀ ਰਣਨੀਤੀ 'ਤੇ ਭਰੋਸਾ ਰੱਖਦੀ ਹੈ। ਅਸਾਮ ਵਿੱਚ, ਇੰਡੀਆ ਬਲਾਕ ਪਾਰਟੀਆਂ ਅੰਤ ਵਿੱਚ ਅਸਾਮ ਵਿੱਚ ਮੋਹਰੀ ਇੰਡੀਆ ਬਲਾਕ ਪਾਰਟੀ, ਕਾਂਗਰਸ ਪਾਰਟੀ ਦੀ ਅਗਵਾਈ ਹੇਠ 2026 ਦੀਆਂ ਚੋਣਾਂ ਲਈ ਇੱਕ ਕਿਸਮ ਦੀ ਏਕਤਾ 'ਤੇ ਪਹੁੰਚ ਗਈਆਂ ਹਨ। ਅਸਾਮ ਵਿੱਚ 35 ਪ੍ਰਤੀਸ਼ਤ ਘੱਟ ਗਿਣਤੀ ਆਬਾਦੀ ਹੈ, ਮੁੱਖ ਤੌਰ 'ਤੇ ਮੁਸਲਮਾਨ। ਏ.ਆਈ.ਯੂ.ਡੀ.ਐਫ. ਲੰਬੇ ਸਮੇਂ ਤੋਂ ਇੱਕ ਅਜਿਹੀ ਪਾਰਟੀ ਰਹੀ ਹੈ ਜੋ ਮੁੱਖ ਤੌਰ 'ਤੇ ਬੰਗਾਲੀ ਬੋਲਣ ਵਾਲੇ ਮੁਸਲਮਾਨਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ। ਕਾਂਗਰਸ ਨੂੰ ਇਸ ਪਾਰਟੀ ਨਾਲ ਚੋਣ ਗੱਠਜੋੜ ਬਣਾਉਣ ਵਿੱਚ ਮੁਸ਼ਕਲ ਆਈ ਹੈ। ਹਾਲਾਂ ਕਿ, ਜੇਕਰ ਏ.ਆਈ.ਯੂ.ਡੀ.ਐਫ. ਵੱਖਰੇ ਤੌਰ 'ਤੇ ਚੋਣ ਲੜਦੀ ਹੈ, ਤਾਂ ਇਹ ਕਈ ਹਲਕਿਆਂ ਵਿੱਚ ਭਾਜਪਾ ਦੀ ਮਦਦ ਕਰੇਗੀ। ਕਾਂਗਰਸ ਚਿਰਾਗ ਪਾਸਵਾਨ ਦੇ ਬਿਹਾਰ ਵਿੱਚ ਐਨ.ਡੀ.ਏ. ਨਾਲ ਰਣਨੀਤਕ ਗੱਠਜੋੜ ਅਤੇ ਇਸ ਨਾਲ ਐਨ.ਡੀ.ਏ. ਹੋਏ ਲਾਭਾਂ ਤੋਂ ਸਬਕ ਲੈ ਸਕਦੀ ਹੈ। ਵਿਰੋਧੀ ਮੋਰਚਾ ਭਾਜਪਾ ਵਿਰੋਧੀ ਵੋਟਾਂ ਦੀ ਵੰਡ ਤੋਂ ਬਚਣ ਲਈ ਇੱਕ ਚੋਣ ਗੱਠਜੋੜ ਬਣਾ ਸਕਦਾ ਹੈ, ਭਾਵੇਂ ਏ.ਆਈ.ਯੂ.ਡੀ.ਐਫ. ਵਿਰੋਧੀ ਮੋਰਚੇ ਵਿੱਚ ਸ਼ਾਮਲ ਨਾ ਹੋਵੇ। ਜੇਕਰ ਇੰਡੀਆ ਬਲਾਕ ਅਸਾਮ ਵਿੱਚ 2026 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਹਰਾਉਣਾ ਚਾਹੁੰਦਾ ਹੈ, ਤਾਂ ਇਸ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਭਾਜਪਾ ਵਿਰੋਧੀ ਵੋਟ ਵੰਡਿਆ ਨਾ ਜਾਵੇ। ਹਰ ਰਾਜ ਦੀਆਂ ਚੋਣਾਂ ਲਈ ਇੱਕ ਵਿਲੱਖਣ ਚੋਣ ਰਣਨੀਤੀ ਦੀ ਲੋੜ ਹੁੰਦੀ ਹੈ। ਕੇਰਲਾ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਲਈ ਚੋਣ ਦ੍ਰਿਸ਼ ਨਿਰਧਾਰਿਤ ਹੈ, ਪਰ ਇਹ ਅਸਾਮ ਵਿੱਚ ਅਸਥਿਰ ਰਹਿੰਦਾ ਹੈ। ਇਹ ਸਿਰਫ਼ ਇੱਕ ਕਦਮ ਅੱਗੇ ਹੈ। ਅਸਾਮ ਵਿੱਚ ਇੰਡੀਆ ਗੱਠਜੋੜ ਦੀ ਅੰਤਿਮ ਜਿੱਤ ਲਈ ਹੋਰ ਉਪਰਾਲੇ ਕਰਨ ਦੀ ਲੋੜ ਹੈ। ਦਿੱਲੀ ਤੋਂ ਬਾਅਦ, ਭਾਜਪਾ ਪਹਿਲਾਂ ਹੀ 2025 ਵਿੱਚ ਇੱਕ ਹੋਰ ਵਿਧਾਨ ਸਭਾ ਚੋਣ ਜਿੱਤ ਚੁੱਕੀ ਹੈ। ਪਰ 2026 ਦੀਆਂ ਲੜਾਈਆਂ ਲਈ, ਇੰਡੀਆ ਬਲਾਕ ਕੋਈ ਹਾਰ ਬਰਦਾਸ਼ਤ ਨਹੀਂ ਕਰ ਸਕਦਾ।

# ਅਜੋਕੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਤੇ ਭਵਿੱਖ ਦੀਆਂ ਚੁਣੌਤੀਆਂ



ਤਲਵਿੰਦਰ ਸਿੰਘ ਬੁਟਰ

ਹਰ ਸਾਲ ਨਵੰਬਰ ਮਹੀਨੇ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਚੋਣ ਇਜਲਾਸ ਕਰਵਾਇਆ ਜਾਂਦਾ ਹੈ, ਜਿਸ 'ਚ ਸ਼੍ਰੋਮਣੀ ਕਮੇਟੀ ਦੇ 185 ਮੈਂਬਰੀ ਹਾਊਸ ਵੱਲੋਂ ਪ੍ਰਧਾਨ ਸਮੇਤ 15 ਮੈਂਬਰੀ ਕਾਰਜਕਾਰਨੀ ਕਮੇਟੀ ਚੁਣੀ ਜਾਂਦੀ ਹੈ। ਸਿੱਖ ਗੁਰਦੁਆਰਾ ਐਕਟ-1925 ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹਰ 5 ਸਾਲ ਬਾਅਦ ਤੇ ਕਾਰਜਕਾਰਨੀ ਕਮੇਟੀ ਦੀ ਚੋਣ ਇੱਕ ਸਾਲ ਬਾਅਦ ਹੁੰਦੀ ਹੈ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਹੋਏ ਸਾਲਾਨਾ ਚੋਣ ਇਜਲਾਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਪੰਜਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ। ਹਾਲਾਂਕਿ ਸਭ ਤੋਂ ਲੰਬਾ ਸਮਾਂ (25 ਸਾਲਾ ਤੋਂ ਜ਼ਿਆਦਾ) ਸ਼੍ਰੋਮਣੀ ਕਮੇਟੀ ਪ੍ਰਧਾਨ ਰਹਿਣ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਨ।

ਬਿਨਾਂ ਸ਼ੱਕ ਆਪਣੇ ਵਿਰੋਧੀ ਉਮੀਦਵਾਰ ਮਾ. ਮਿੱਠੂ ਸਿੰਘ ਕਾਹਨੇਕੇ ਨੂੰ 99 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੰਥਕ ਸਿਆਸਤ ਦੇ ਮਜ਼ਬੂਤ ਹਸਤਾਖ਼ਰ ਬਣੇ ਹਨ ਪਰ ਉਨ੍ਹਾਂ ਅੱਗੇ ਭਵਿੱਖੀ ਚੁਣੌਤੀਆਂ ਵੀ ਘੱਟ ਨਹੀਂ ਹਨ। ਪਿਛਲੇ ਚਾਰ ਸਾਲਾਂ ਦਾ ਕਾਰਜਕਾਲ ਵੀ ਕੰਡਿਆਂ ਦੀ ਸੇਜ ਤੋਂ ਘੱਟ ਨਹੀਂ ਰਿਹਾ। ਪੰਥ ਨੂੰ ਦਰਪੇਸ਼ ਅਨੇਕਾਂ ਬਾਹਰੀ ਚੁਣੌਤੀਆਂ ਦੇ ਨਾਲ-ਨਾਲ ਉਨ੍ਹਾਂ ਨੂੰ ਪੰਥਕ ਧੜੇਬੰਦੀ ਤੇ ਅਕਾਲੀ ਰਾਜਨੀਤੀ ਦੇ ਸੰਕਟ ਦੌਰਾਨ ਸਿੱਖ ਸੰਸਥਾ ਦੇ ਵੱਕਾਰ, ਪੰਥਕ ਪਰੰਪਰਾਵਾਂ ਅਤੇ ਭਰੋਸੇ ਨੂੰ ਕਾਇਮ ਰੱਖਣ ਦੀ ਚੁਣੌਤੀ ਲਗਾਤਾਰ ਦਰਪੇਸ਼ ਰਹੀ। ਇਨ੍ਹਾਂ ਹਾਲਾਤਾਂ 'ਚੋਂ ਉਹ ਆਲੋਚਨਾ ਦੇ ਬਾਵਜੂਦ ਬੜੇ ਸਹਿਜ, ਤਹੱਮਲ ਅਤੇ ਸਿਆਸੀ ਸੂਝ-ਬੂਝ ਨਾਲ ਬਾਹਰ ਨਿਕਲੇ। ਇਤਫ਼ਾਕ ਹੈ ਕਿ 2021 'ਚ ਪਹਿਲੀ ਵਾਰ ਵੀ ਉਨ੍ਹਾਂ ਨੇ ਮਾ. ਮਿੱਠੂ ਸਿੰਘ ਕਾਹਨੇਕੇ ਨੂੰ ਹੀ ਵੱਡੇ ਫ਼ਰਕ ਨਾਲ ਹਰਾਇਆ ਸੀ, ਜਿਸ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਬਾਰੇ ਇਹ ਮਿੱਥ ਰਹੀ ਹੈ ਕਿ ਇਸ ਦੇ ਪ੍ਰਧਾਨ ਦਾ ਨਾਂਅ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਲਿਫ਼ਾਫ਼ੇ 'ਚੋਂ ਨਿਕਲਦਾ ਹੈ, ਐਡਵੋਕੇਟ ਧਾਮੀ ਲਗਾਤਾਰ ਪੰਜ ਵਾਰ ਵੋਟਾਂ ਦੁਆਰਾ ਚੁਣੇ ਗਏ ਹਨ ਤੇ 2023 ਤੋਂ ਉਨ੍ਹਾਂ ਦੀ ਉਮੀਦਵਾਰੀ ਦਾ ਨਾਂਅ ਵੀ ਚੋਣ ਇਜਲਾਸ ਵਾਲੇ ਦਿਨ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਰਿਹਾ ਹੈ। ਪੰਜਵੀਂ ਵਾਰ ਐਡਵੋਕੇਟ ਧਾਮੀ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਚੁਣਿਆ ਜਾਣਾ ਇਸ ਕਰਕੇ ਵੀ ਵਧੇਰੇ ਮਹੱਤਵਪੂਰਨ ਹੈ ਕਿ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਸੰਬੰਧਿਤ ਵਾਪਰੇ ਘਟਨਾਕ੍ਰਮ ਤੋਂ ਬਾਅਦ ਨਵੇਂ ਬਣੇ ਅਕਾਲੀ ਦਲ (ਪੁਨਰ ਸੁਰਜੀਤ) ਦੀ ਅਗਵਾਈ ਹੇਠ ਇਕ ਨਵੀਂ ਸਫ਼ਬੰਦੀ ਦੇ ਬਾਵਜੂਦ ਉਹ ਵੱਡਾ ਸਮਰਥਨ ਹਾਸਿਲ ਕਰਨ ਵਿੱਚ ਕਾਮਯਾਬ ਰਹੇ।

ਪਿਛਲੇ ਦੌਰ ਵਿੱਚ ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕੀ ਕਾਰਗੁਜ਼ਾਰੀ ਵਿੱਚ ਵੱਡੀਆਂ ਊਣਤਾਈਆਂ ਉਜਾਗਰ ਹੋਣ ਕਾਰਨ ਸਿੱਖਾਂ ਦੀ ਸਮਰੱਥ ਸੰਸਥਾ ਪ੍ਰਤੀ ਸੰਗਤ 'ਚ ਬਣੀ ਬੇਵਿਸ਼ਵਾਸੀ ਨੂੰ ਖ਼ਤਮ ਕਰਨ ਲਈ ਐਡਵੋਕੇਟ ਧਾਮੀ ਪਿਛਲੇ ਚਾਰ ਸਾਲਾਂ 'ਚ ਯਤਨਸ਼ੀਲ ਤਾਂ ਨਜ਼ਰ ਆਏ ਪਰ



ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ, ਕਾਰਜਸ਼ੈਲੀ ਤੇ ਧਰਮ ਪ੍ਰਚਾਰ ਨੂੰ ਸਿੱਟਾਮੁਖੀ ਬਣਾਉਣ ਲਈ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਅਜੇ ਹੋਰ ਵਿਆਪਕ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ। ਜਿੱਥੋਂ ਤੱਕ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ 'ਚ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਗੱਲ ਹੈ, ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹੁੰਦਿਆਂ ਸੰਸਥਾ ਦੇ ਸਾਧਨਾਂ ਦੀ ਵਰਤੋਂ ਤੋਂ ਸੰਕੋਚ ਕਰਕੇ ਚੰਗੀ ਪਿਰਤ ਪਾਈ ਹੈ। ਜਿੱਥੇ ਮਾ. ਤਾਰਾ ਸਿੰਘ ਵਰਗੇ ਸ਼੍ਰੋਮਣੀ ਕਮੇਟੀ ਪ੍ਰਧਾਨਾਂ ਨੂੰ ਚੇਤੇ ਕੀਤਾ ਜਾਂਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਪੈੱਨ ਤੱਕ ਨਹੀਂ ਵਰਤਦੇ ਸਨ ਤੇ ਰੇਲ 'ਤੇ ਬੈਠ ਕੇ ਅੰਮ੍ਰਿਤਸਰ ਪੁੱਜ ਜਾਂਦੇ ਸਨ ਤੇ ਰੇਲਵੇ ਸਟੇਸ਼ਨ ਤੋਂ ਆਪਣੇ ਖ਼ਰਚੇ 'ਤੇ ਟਾਂਗੇ ਰਾਹੀਂ ਤੇਜਾ ਸਿੰਘ ਸਮੁੰਦਰੀ ਹਾਲ ਪੁੱਜਦੇ ਸਨ, ਉੱਥੇ ਆਪਣੀ ਸਾਦਗੀ, ਪੰਥਪ੍ਰਸਤੀ ਤੇ ਸਹਿਜ ਕਰਕੇ ਮਸ਼ਹੂਰ ਐਡਵੋਕੇਟ ਧਾਮੀ ਬਾਰੇ ਇਹ ਚਰਚਿਤ ਹੋ ਗਿਆ ਕਿ ਉਹ ਆਉਣ-ਜਾਣ ਲਈ ਸੰਸਥਾ ਦੀ ਗੱਡੀ 'ਚ ਤੇਲ ਪੱਲਿਓਂ ਪਵਾਉਂਦੇ ਹਨ ਤੇ ਆਪਣੇ ਨਾਲ ਸੁਰੱਖਿਆ ਦਾ ਕਾਫ਼ਲਾ ਜਾਂ ਸੇਵਾਦਾਰਾਂ ਦਾ ਤਾਮ-ਝਾਮ ਨਹੀਂ ਰੱਖਦੇ। ਇਨ੍ਹਾਂ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਨੇ ਇੱਕ ਦਰਜਨ ਦੇ ਕਰੀਬ ਇਤਿਹਾਸਕ ਸ਼ਤਾਬਦੀਆਂ ਸਫ਼ਲਤਾਪੂਰਵਕ ਮਨਾਈਆਂ ਤੇ ਆਉਂਦੇ ਦਿਨਾਂ 'ਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਵਰ੍ਹਾ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਐਡਵੋਕੇਟ ਧਾਮੀ ਦੇ ਕਾਰਜਕਾਲ ਦੀਆਂ ਸਫ਼ਲਤਾਵਾਂ 'ਚ ਵੱਡਾ ਗਿਣਨਯੋਗ ਕਾਰਜ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਨੌਜਵਾਨਾਂ ਨੂੰ ਦੇਸ਼ ਦੀਆਂ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ ਖੋਲ੍ਹਿਆ ਗਿਆ 'ਨਿਸ਼ਚੈ ਸਿਵਲ ਸੇਵਾਵਾਂ ਸਿਖਲਾਈ ਕੇਂਦਰ' ਹੈ, ਜਿੱਥੇ ਸਿੱਖ ਮੁੰਡੇ-ਕੁੜੀਆਂ ਨੂੰ ਮੁਫ਼ਤ ਵਿੱਚ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾ ਰਹੀ ਹੈ।

ਇਸ ਸਭ ਦੇ ਬਾਵਜੂਦ ਬਾਕਾਇਦਾ ਇੱਕ ਪ੍ਰਭਾਵੀ ਸਿੱਖ ਪਾਰਲੀਮੈਂਟ ਵਜੋਂ ਕਾਰਜਸ਼ੀਲ ਹੋਣ ਲਈ ਸ਼੍ਰੋਮਣੀ ਕਮੇਟੀ ਨੂੰ ਨਵੇਂ ਪ੍ਰਸੰਗਾਂ 'ਚ ਆਪਣੀ ਭੂਮਿਕਾ ਨੂੰ ਵਧੇਰੇ ਉੱਤਰਦਾਈ ਤੇ ਸਾਰਥਕ ਬਣਾਉਣ ਦੇ ਬਹੁਮੁਖੀ ਉਪਰਾਲਿਆਂ ਤੇ ਸੁਧਾਰਾਂ ਦੀ ਲੋੜ ਹੈ। ਸਭ ਤੋਂ ਜ਼ਰੂਰੀ ਸ਼੍ਰੋਮਣੀ ਕਮੇਟੀ ਦੀਆਂ 5 ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਨੂੰ ਸਮੇਂ ਸਿਰ ਕਰਵਾਉਣਾ ਹੈ। ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਸ਼੍ਰੋਮਣੀ ਕਮੇਟੀ ਵਿੱਚ ਦਖ਼ਲਅੰਦਾਜ਼ੀ ਕਰਦਿਆਂ ਦੇਰ-ਦੇਰ ਤੱਕ ਚੋਣਾਂ ਨਹੀਂ ਕਰਵਾਉਂਦੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਇੱਕ ਸਾਲ ਦਾ ਕਾਰਜਕਾਲ ਵੀ ਏਨੀ ਵੱਡੀ ਤੇ ਜ਼ਿੰਮੇਵਾਰ ਸੰਸਥਾ ਨੂੰ ਬਿਹਤਰੀਨ ਤਰੀਕੇ ਨਾਲ ਚਲਾਉਣ ਲਈ ਨਾਕਾਫ਼ੀ ਹੈ। ਅਕਸਰ ਪ੍ਰਧਾਨਗੀ ਅਹੁਦੇ 'ਤੇ ਬੈਠਣ ਵਾਲੇ ਕਿਸੇ ਵੀ ਸ਼ਖ਼ਸ ਤੇ ਉਸ ਦੀ ਕਾਰਜਕਾਰਨੀ ਨੂੰ ਇਸ ਸੰਸਥਾ ਦੇ ਸਰੋਕਾਰਾਂ ਤੇ ਕਾਰਜਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦਿਆਂ 5 -6 ਮਹੀਨੇ ਲੰਘ ਜਾਂਦੇ ਹਨ ਅਤੇ ਬਾਕੀ ਰਹਿੰਦੇ 5-6 ਮਹੀਨਿਆਂ ਵਿੱਚ ਉਹ ਵਿਸ਼ੇਸ਼ ਪ੍ਰਾਪਤੀਆਂ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸੇਵਾ-ਸੰਭਾਲ ਦੇ ਪ੍ਰਬੰਧਾਂ ਵਿੱਚ ਵਧੇਰੇ ਸੁਧਾਰ ਤੇ ਧਰਮ ਪ੍ਰਚਾਰ ਲਈ ਸਿੱਟਾਮੁਖੀ ਨਤੀਜੇ ਹਾਸਿਲ ਨਹੀਂ ਕਰ ਸਕੀ। ਜੇਕਰ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਵਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਇਸ ਦੇ 5 ਸਾਲਾ ਹਾਊਸ ਮੁਤਾਬਕ ਢਾਈ ਸਾਲ ਦਾ ਕਰ ਦਿੱਤਾ ਜਾਵੇ, ਤਾਂ ਕਿਸੇ ਵੀ ਪ੍ਰਧਾਨ ਤੇ ਕਾਰਜਕਾਰਨੀ ਨੂੰ ਜ਼ਿਆਦਾ ਜ਼ਿੰਮੇਵਾਰੀ ਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਮੌਕਾ ਮਿਲ ਸਕਦਾ ਹੈ।

ਚੁਣੌਤੀਆਂ ਦੀ ਗੱਲ ਕਰੀਏ ਤਾਂ ਵਿਸ਼ਵ-ਵਿਆਪੀ ਸਿੱਖ ਕੌਮ ਸਾਹਮਣੇ ਇਸ ਵੇਲੇ ਬਹੁਤ ਸਾਰੀਆਂ ਬਾਹਰੀ ਤੇ ਅੰਦਰੂਨੀ ਚੁਣੌਤੀਆਂ ਹਨ। ਇੱਕ ਪਾਸੇ ਸਿੱਖ ਸਮਾਜ ਦੇ ਸਾਹਮਣੇ ਜਾਤ-ਪਾਤ, ਡੇਰਾਵਾਦ, ਧਰਮ ਪਰਿਵਰਤਨ, ਕਰਮ-ਕਾਂਡ, ਪਤਿਤਪੁਣਾ, ਨਸ਼ਾਖੋਰੀ ਆਦਿ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ, ਦੂਜੇ ਪਾਸੇ ਪੰਥਕ ਜਥੇਬੰਦੀਆਂ ਆਪਸੀ ਵਿਚਾਰਧਾਰਕ ਤੇ ਰਾਜਨੀਤਕ ਵਖਰੇਵਿਆਂ ਤੇ ਵਿਵਾਦਾਂ ਵਿਚ ਉਲਝੀਆਂ ਹੋਈਆਂ ਹਨ, ਜਿਸ ਕਾਰਨ ਸਮੁੱਚਾ ਪੰਥ ਵੱਖ-ਵੱਖ ਧੜਿਆਂ ਤੇ ਵਿਚਾਰਾਂ ਵਿੱਚ ਵੰਡਿਆ ਜਾ ਰਿਹਾ ਹੈ। ਮੌਜੂਦਾ ਸਮੇਂ ਸਿੱਖ ਪੰਥ ਨੂੰ ਦਰਪੇਸ਼ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਦੇ ਹੱਲ ਦੀ ਸਭ ਤੋਂ ਵੱਡੀ ਪਰਖ ਦਾ ਸਮਾਂ ਸਮਰੱਥ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਸਾਹਮਣੇ ਹੈ। ਸਿੱਖ ਪੰਥ 'ਚ ਖ਼ਾਨਾ-ਜੰਗੀ ਦਾ ਕਾਰਨ ਬਣ ਰਹੇ ਦਸਮ ਗ੍ਰੰਥ ਵਿਵਾਦ ਦਾ ਸਰਬ ਪ੍ਰਵਾਨਿਤ ਹੱਲ ਕਰਨਾ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਪ੍ਰਤੀ ਪੰਥ 'ਚ ਪੈਦਾ ਹੋਈ ਬੇਵਿਸ਼ਵਾਸੀ ਦੂਰ ਕਰਨਾ ਅਤੇ ਤਖ਼ਤ ਸਾਹਿਬਾਨ ਤੇ ਇਨ੍ਹਾਂ ਦੇ ਜਥੇਦਾਰਾਂ ਪ੍ਰਤੀ ਪੰਥਕ ਸਨਮਾਨ ਬਹਾਲ ਕਰਨਾ, ਜਥੇਦਾਰਾਂ ਦੀ ਨਿਯੁਕਤੀ, ਕਾਰਜਪ੍ਰਣਾਲੀ ਤੇ ਸੇਵਾਮੁਕਤੀ ਸੰਬੰਧੀ ਨਿਯਮਾਂਵਲੀ ਤਿਆਰ ਕਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰਬ ਪ੍ਰਵਾਨਿਤ ਟੀਕਾ (ਅਰਥ) ਤਿਆਰ ਕਰਨਾ, ਸਿੱਖ ਇਤਿਹਾਸ 'ਚ ਪਏ ਕਥਿਤ ਰਲੇਵੇਂ ਨੂੰ ਦੂਰ ਕਰਨ ਲਈ ਗੁਰਮਤਿ ਜੁਗਤ ਦੀ ਰੌਸ਼ਨੀ 'ਚ ਮੁੜ ਸੋਧ ਕੇ ਇੱਕ ਸਰਬ ਪ੍ਰਵਾਨਿਤ ਸਿੱਕੇਬੰਦ ਸਿੱਖ ਇਤਿਹਾਸ ਦਾ ਖਰੜਾ ਤਿਆਰ ਕਰਨਾ ਆਦਿ ਸ਼੍ਰੋਮਣੀ ਕਮੇਟੀ ਅੱਗੇ ਗੰਭੀਰ ਤੇ ਅਹਿਮ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਨੂੰ ਮੁਖ਼ਾਤਬ ਹੋਏ ਬਿਨਾਂ ਸ਼੍ਰੋਮਣੀ ਕਮੇਟੀ ਆਪਣੇ ਬੁਨਿਆਦੀ ਸਰੋਕਾਰਾਂ ਤੇ ਜ਼ਿੰਮੇਵਾਰੀਆਂ ਦੀ ਪੂਰਤੀ ਨਹੀਂ ਕਰ ਸਕਦੀ।

# ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ....



ਦਰਬਾਰਾ ਸਿੰਘ ਕਾਹਲੋਂ

ਭਾਰਤੀ ਉਪ ਮਹਾਦੀਪ ਵਿੱਚ ਪੰਜਾਬ ਨੂੰ ਪੰਜ ਦਰਿਆਵਾਂ, ਜਰਖ਼ੇਜ਼ ਮੈਦਾਨਾਂ, ਅਲੌਕਿਕ ਭੂਗੋਲਿਕ ਹੋਂਦ ਅਤੇ ਅਮੀਰ ਸੰਸਕ੍ਰਿਤੀ ਕਰਕੇ ਵੱਖਰਾ ਦੇਸ਼ ਸਮਝਿਆ ਜਾਂਦਾ ਸੀ। ਇਸ ਦੀ ਖ਼ੂਬਸੂਰਤੀ, ਪ੍ਰਭੂਸੱਤਾ ਸੰਪੰਨਤਾ, ਪੰਜਾਬੀ ਭਾਸ਼ਾ, ਨਿੱਘੇ ਸਮਾਜਿਕ ਅਤੇ ਸੱਭਿਆਚਾਰਕ ਰਸਮੋ-ਰਿਵਾਜਾਂ, ਉੱਚ ਮਾਨਵੀ ਕਦਰਾਂ-ਕੀਮਤਾਂ ਕਰਕੇ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ' ਪੁਕਾਰਿਆ ਜਾਂਦਾ ਸੀ। ਵਿਸ਼ਵ ਵਿਜੇਤਾ ਸਿਕੰਦਰ ਮਹਾਨ ਨੂੰ ਦਰਿਆ ਬਿਆਸ ਤੋਂ ਵਾਪਸੀ ਲਈ ਮਜਬੂਰ ਕਰਨਾ, ਮੁਗ਼ਲ ਕਾਲ ਦੇ ਸਿਖਰ ਸਮੇਂ ਬੰਦਾ ਸਿੰਘ ਬਹਾਦਰ ਦੀ ਰਾਹਨੁਮਾਈ ਹੇਠ ਤਾਕਤਵਰ ਨਿਰਦਈ ਸੂਬਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣਾ, ਪੰਜਾਬੀ ਸਿੱਖ ਮਹਾਨਾਇਕ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਇਕ ਮਜ਼ਬੂਤ ਰਾਜ ਦੀ ਸਥਾਪਨਾ ਕਰਨਾ ਪੰਜਾਬੀ ਭਾਈਚਾਰੇ ਦੀਆਂ ਮਹਾਨ ਇਤਿਹਾਸਕ ਪ੍ਰਾਪਤੀਆਂ ਹਨ ਜਿਨ੍ਹਾਂ ਵਿੱਚ ਹਿੰਦੂ, ਸਿੱਖ, ਮੁਸਲਿਮ ਅਤੇ ਦਲਿਤ ਭਾਈਚਾਰੇ ਸ਼ਾਮਲ ਸਨ।

ਪੰਜਾਬੀ ਵਿਦੇਸ਼ੀ ਹਮਲਾਵਰਾਂ ਅਤੇ ਮੁਗ਼ਲ ਸ਼ਾਸਕਾਂ ਦੀਆਂ ਜ਼ਿਆਦਤੀਆਂ ਦਾ ਕਰਾਰਾ ਜਵਾਬ ਦਿੰਦੇ ਰਹੇ ਹਨ ਪਰ ਅੰਗਰੇਜ਼ ਸਾਮਰਾਜ ਅਤੇ ਬਸਤੀਵਾਦ ਨੇ ਪੰਜਾਬੀਆਂ ਨੂੰ ਸਦੀਵੀ ਤੌਰ 'ਤੇ ਕਮਜ਼ੋਰ ਅਤੇ ਆਪਸੀ ਜੰਗ ਵਿਚ ਉਲਝਾਉਣ ਦੇ ਚੱਕਰਵਿਊ ਵਿੱਚ ਬੁਰੀ ਤਰ੍ਹਾਂ ਫਸਾ ਕੇ ਰੱਖ ਦਿੱਤਾ। ਪਹਿਲੀ ਵਿਸ਼ਵ ਜੰਗ 1914 ਤੋਂ 1919 ਦੌਰਾਨ ਹੋਈ ਜਿਸ ਵਿੱਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨਾਲ ਸਬੰਧਤ ਫ਼ੌਜੀਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਲੇਕਿਨ ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਨੇ ਇਸ ਦਾ ਤੋਹਫ਼ਾ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਦੇ ਸਾਕੇ ਦੇ ਰੂਪ 'ਚ ਦਿੱਤਾ ਜਿਸ ਵਿੱਚ ਹਜ਼ਾਰਾਂ ਨਿਹੱਥੇ ਪੰਜਾਬੀ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ। ਦੂਸਰੀ ਆਲਮੀ ਜੰਗ 1939 ਤੋਂ 1945 ਦਰਮਿਆਨ ਹੋਈ ਜਿਸ ਵਿੱਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖ ਫ਼ੌਜੀਆਂ ਨੇ ਬ੍ਰਿਟੇਨ ਨੂੰ ਹਿਟਲਰ ਦੀ ਬਰਬਾਦੀ ਤੋਂ ਬਚਾਇਆ। ਦੋਹਾਂ ਜੰਗਾਂ ਵਿਚ 83005 ਸਿੱਖ ਫ਼ੌਜੀ ਮਾਰੇ ਗਏ, 109045 ਜ਼ਖ਼ਮੀ ਹੋਏ। ਇਸ ਦਾ ਤੋਹਫ਼ਾ 15 ਅਗਸਤ 1947 ਨੂੰ ਦੇਸ਼ ਦੇ ਬਟਵਾਰੇ ਵਜੋਂ ਪੰਜਾਬ ਤੇ ਬੰਗਾਲ ਦੀ ਵੰਡ ਤੇ ਪਾਕਿਸਤਾਨ ਦੀ ਸਥਾਪਤੀ ਵਜੋਂ ਦਿੱਤਾ ਗਿਆ। ਦੇਸ਼ ਦੀ ਵੰਡ ਮੌਕੇ 10 ਲੱਖ ਤੋਂ ਵੱਧ ਪੰਜਾਬੀ ਫ਼ਿਰਕੂ ਕੱਟੜਵਾਦੀ ਹਿੰਸਾ ਦੇ ਸ਼ਿਕਾਰ ਹੋ ਗਏ ਤੇ ਢਾਈ ਕਰੋੜ ਘਰ-ਘਾਟ ਗੁਆ ਬੈਠੇ। ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਭਾਰਤ ਆਜ਼ਾਦ ਕਰਕੇ ਨਹੀਂ ਗਿਆ ਬਲਕਿ ਗੋਰੇ ਸ਼ਾਸਕਾਂ ਦੀ ਥਾਂ ਕਾਲੇ ਸ਼ਾਸਕ ਬਸਤੀਵਾਦੀਆਂ ਨੂੰ ਸੱਤਾ ਦਾ ਤਬਾਦਲਾ ਕਰ ਕੇ ਚਲਾ ਗਿਆ। ਭਾਰਤੀ ਸੰਵਿਧਾਨ ਰਾਜਾਂ ਨੂੰ ਕੇਂਦਰੀ ਸ਼ਾਸਨ ਦੀਆਂ ਬਸਤੀਆਂ ਬਣਨੋਂ ਨਹੀਂ ਰੋਕ ਸਕਿਆ। ਅੱਜ ਸਭ ਭਾਰਤੀ ਰਾਜ ਸੰਘਵਾਦ ਦੇ ਉਲਟ ਸੱਤਾ ਦੇ ਕੇਂਦਰੀਕਰਨ ਕਰ ਕੇ ਭਿਖਾਰੀ ਬਸਤੀਆਂ ਬਣ ਦਿੱਤੇ ਗਏ ਹਨ।



ਸੰਨ 1953 ਦੇ ਫ਼ਜ਼ਲ ਅਲੀ ਭਾਸ਼ਾ ਆਧਾਰਤ ਰਾਜਾਂ ਦੇ ਪੁਨਰਗਠਨ ਅਧੀਨ ਪੰਜਾਬ ਨੂੰ ਨਾਂਹ ਕਰ ਦਿੱਤੀ ਗਈ। ਪੰਜਾਬੀ ਸੂਬੇ ਦੇ ਮੋਰਚੇ ਤੋਂ ਬਾਅਦ ਪਹਿਲੀ ਨਵੰਬਰ, 1966 ਨੂੰ ਇਕ ਲੰਗੜਾ ਬਸਤੀਵਾਦੀ ਪੰਜਾਬ ਸਥਾਪਤ ਕੀਤਾ ਗਿਆ ਜਿਸ ਨੂੰ ਰਾਜਧਾਨੀ, ਪਾਣੀਆਂ, ਪੰਜਾਬੀ ਭਾਸ਼ੀ ਇਲਾਕਿਆਂ, ਹੈੱਡ ਵਰਕਸਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣ, ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧ ਤੋਂ ਮਹਿਰੂਮ ਰਖਿਆ।

ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਅਤੇ ਬੇਰੁਜ਼ਗਾਰੀ ਕਰਕੇ ਪਿੰਜੇ ਪੰਜਾਬ ਨੇ ਲੱਖਾਂ ਦੀ ਗਿਣਤੀ ਵਿਚ ਜ਼ਮੀਨਾਂ-ਜਾਇਦਾਦਾਂ ਵੇਚ ਕੇ ਨੌਜਵਾਨ ਬੱਚੇ-ਬੱਚੀਆਂ ਵਿਦੇਸ਼ ਭੇਜ ਦਿੱਤੇ। ਅੱਜ ਲਗਪਗ 50 ਲੱਖ ਤੋਂ ਵੱਧ ਭਾਰਤੀ ਪੰਜਾਬੀ ਏਸ਼ੀਅਨ, ਅਰਬ, ਅਫ਼ਰੀਕਨ, ਪੱਛਮੀ ਦੇਸ਼ਾਂ ਵਿਚ ਵਸੇ ਹੋਏ ਹਨ। ਭਾਰਤ ਦੇ ਹੋਰ ਸੂਬਿਆਂ ਵਿੱਚ ਡੇਢ ਕਰੋੜ ਤੋਂ ਵੱਧ ਪੰਜਾਬੀ ਵਸਦੇ ਹਨ। ਆਲਮੀ ਪੱਧਰ 'ਤੇ ਵੱਡੀ ਉਥਲ-ਪੁਥਲ ਅਤੇ ਆਰਥਿਕ ਮੰਦਹਾਲੀ ਕਰਕੇ ਪਰਵਾਸੀ ਬਾਸ਼ਿੰਦਿਆਂ 'ਤੇ ਹਰ ਦੇਸ਼ ਅੰਦਰ ਘੋਰ ਸੰਕਟਾਂ ਦੇ ਬੱਦਲ ਮੰਡਰਾ ਰਹੇ ਹਨ। ਘੱਟ ਗਿਣਤੀਆਂ ਧਰਮ, ਭਾਸ਼ਾ, ਪਹਿਰਾਵੇ, ਸੱਭਿਆਚਾਰ, ਰੁਜ਼ਗਾਰ ਨੂੰ ਲੈ ਹਰ ਦੇਸ਼ ਅਤੇ ਇਲਾਕੇ ਵਿਚ ਹਮੇਸ਼ਾ ਜ਼ਿਆਦਤੀਆਂ, ਬੇਇਨਸਾਫ਼ੀ ਅਤੇ ਹਿੰਸਕ ਦਮਨ ਦਾ ਸ਼ਿਕਾਰ ਰਹੀਆਂ ਹਨ। ਅੱਜ ਪੰਜਾਬੀ ਭਾਈਚਾਰਾ ਵੀ ਦੇਸ਼-ਵਿਦੇਸ਼ ਅੰਦਰ ਬੇਇਨਸਾਫ਼ੀ ਦਾ ਸ਼ਿਕਾਰ ਹੈ। ਅਮਰੀਕਾ ਵਿੱਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਹਾਲਾਤ ਬਹੁਤ ਹੀ ਪੇਚੀਦਾ ਬਣ ਗਏ ਹਨ। ਉਸ ਦੇ ਪਦਚਿੰਨ੍ਹਾਂ 'ਤੇ ਚੱਲਦੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਅਤੇ ਹੋਰ ਯੂਰਪੀ ਦੇਸ਼ਾਂ ਦੇ ਨਿਸ਼ਾਨੇ 'ਤੇ ਪੰਜਾਬੀ ਆ ਚੁੱਕੇ ਹਨ। ਵੱਡੇ ਪੱਧਰ 'ਤੇ ਛਾਣਬੀਣ ਰਾਹੀਂ ਉਨ੍ਹਾਂ ਨੂੰ ਜਬਰੀ ਡਿਪੋਰਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ।

ਕੈਨੇਡਾ, ਬ੍ਰਿਟੇਨ , ਆਸਟ੍ਰੇਲੀਆ ਅਤੇ ਅਮਰੀਕਾ ਅੰਦਰ ਭਾਰਤੀ ਕੱਟੜਪੰਥੀ ਅਤੇ ਪਾਕਿਸਤਾਨੀ ਬਦਨਾਮ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਦੇ ਏਜੰਟ ਪੰਜਾਬੀ ਸਿੱਖਾਂ ਅਤੇ ਹਿੰਦੂ ਭਾਈਚਾਰਿਆਂ ਵਿੱਚ ਖਾਲਿਸਤਾਨ ਨੂੰ ਖਾਹ-ਮਖਾਹ ਉਭਾਰ ਕੇ ਟਕਰਾਅ ਪੈਦਾ ਕਰਨ ਦੇ ਰੌਂਅ ਵਿਚ ਹਨ। ਲੇਖਕ ਨੂੰ ਇਹ ਪ੍ਰਤੱਖ ਸੁਣ ਕੇ ਉਦੋਂ ਹੈਰਾਨੀ ਹੋਈ ਜਦੋਂ ਇੱਕ ਪਾਕਿਸਤਾਨੀ ਕਹਿ ਰਿਹਾ ਸੀ ਕਿ ਜੇ ਮਾਸਟਰ ਤਾਰਾ ਸਿੰਘ ਸਿੱਖਾਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਨੋਂ ਉੱਕ ਗਿਆ ਤਾਂ ਹੁਣ ਕਿਹੜੀ ਦੇਰੀ ਹੋ ਗਈ ਹੈ। ਸਿੱਖ ਹੁਣ ਪਾਕਿਸਤਾਨ ਵਿੱਚ ਸ਼ਾਮਲ ਹੋ ਜਾਣ। ਇਵੇਂ ਅਜਿਹੇ ਆਈ.ਐੱਸ.ਆਈ. ਏਜੰਟ ਵਿਦੇਸ਼ਾਂ ਵਿੱਚ ਹੀ ਨਹੀਂ, ਪੰਜਾਬ ਵਿੱਚ ਵੀ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਯਤਨਸ਼ੀਲ ਹਨ। ਹਿੰਦੂ ਕੱਟੜਵਾਦੀ ਏਜੰਟ ਐਸੇ ਪ੍ਰਾਪੇਗੰਡੇ ਨੂੰ ਭੜਕਾਉਣ ਵਿੱਚ ਸਹਾਈ ਹੁੰਦੇ ਹਨ। ਦਲਿਤ ਭਾਈਚਾਰੇ ਨਾਲ ਅਮਰੀਕਾ, ਬ੍ਰਿਟੇਨ ਤੇ ਆਸਟ੍ਰੇਲੀਆ ਵਿੱਚ ਜਾਤੀਵਾਦੀ ਨਫ਼ਰਤ ਦੀ ਅੱਗ ਬਾਲੀ ਜਾਂਦੀ ਹੈ। ਪੰਜਾਬੀਆਂ ਦੇ ਦੇਸ਼-ਵਿਦੇਸ਼ ਵਿਚ ਹਿੱਤਾਂ ਦੀ ਰਾਖੀ, ਉਨ੍ਹਾਂ ਦੇ ਸਨਮਾਨ, ਧਾਰਮਿਕ, ਰਾਜਨੀਤਕ, ਸਮਾਜਿਕ ਅਧਿਕਾਰਾਂ ਅਤੇ ਸੱਭਿਆਚਾਰ ਦੀ ਸੁਰੱਖਿਆ, ਪੰਜਾਬੀਅਤ ਦੀ ਇਕਜੁੱਟਤਾ ਤੇ ਇਕਸੁਰਤਾ ਲਈ ਸਮੁੱਚੇ ਭਾਈਚਾਰੇ ਨੂੰ ਇੱਕ ਕੌਮਾਂਤਰੀ ਕੌਂਸਲ ਗਠਿਤ ਕਰਨੀ ਚਾਹੀਦੀ ਹੈ। ਕੈਨੇਡਾ ਵਿਚ 20 ਕੁ ਪੰਜਾਬੀ ਸਾਂਸਦ, ਕਈ ਸੂਬਿਆਂ ਵਿੱਚ ਵਿਧਾਨਕਾਰ ਹਨ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਮਲੇਸ਼ੀਆ, ਸਿੰਗਾਪੁਰ, ਦੱਖਣੀ ਅਫ਼ਰੀਕਾ, ਕੀਨੀਆ ਤੇ ਇਟਲੀ ਵਿਚ ਸਾਂਸਦ, ਕੌਂਸਲਰ, ਮੇਅਰ ਪਦਾਂ 'ਤੇ ਹਨ। ਸ਼ਾਸਨ ਪ੍ਰਬੰਧ, ਪੁਲਿਸ ਅਤੇ ਫ਼ੌਜ ਵਿੱਚ ਅੱਛੇ ਪਦਾਂ 'ਤੇ ਹਨ। ਵੱਡੇ ਕਾਰੋਬਾਰੀ, ਟ੍ਰਾਂਸਪੋਰਟਰ, ਕਿਸਾਨ, ਸਨਅਤਕਾਰ, ਡਿਪਲੋਮੈਟ ਤੇ ਵਕੀਲ ਆਦਿ ਹਨ। ਭਾਰਤੀ ਪੰਜਾਬ ਅਤੇ ਦੂਸਰੇ ਸੂਬਿਆਂ ਦੇ ਉੱਘੇ ਪੰਜਾਬੀ ਮਿਲ ਕੇ ਗਲੋਬਲ ਪੰਜਾਬੀ ਪਾਰਲੀਮੈਂਟ ਦਾ ਗਠਨ ਕਰਨ ਆਪਣੀ ਗਿਣਤੀ ਆਧਾਰਤ ਪ੍ਰਤੀਨਿਧਤਾ ਦੇ ਆਧਾਰ 'ਤੇ। ਇਸ ਵੱਲੋਂ ਚੁਣੀ ਕੌਮਾਂਤਰੀ ਪੰਜਾਬੀ ਕੌਂਸਲ ਪੰਜਾਬੀ ਭਾਈਚਾਰੇ ਦੇ ਮਸਲੇ ਹੱਲ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਰਾਬਤਾ ਕਰੇ। ਪੰਜਾਬੀ ਭਾਸ਼ਾ, ਸੱਭਿਆਚਾਰ, ਰੀਤੀ-ਰਿਵਾਜ, ਤਿਉਹਾਰ, ਸਿੱਖਿਆ, ਸਿਹਤ, ਸਾਂਝੀਵਾਲਤਾ ਪ੍ਰਤੀ ਧਿਆਨ ਕੇਂਦਰਿਤ ਕਰਨ।

(ਬਾਕੀ ਸਫ਼ਾ 27 'ਤੇ)

# ਵਿਸ਼ਵ ’ਚ ਮੁੜ ਸ਼ੁਰੂ ਹੋਈ ਪ੍ਰਮਾਣੂ ਹਥਿਆਰਾਂ ਦੀ ਦੌੜ

**ਸ਼ਿਵਕਾਂਤ ਸ਼ਰਮਾ**



ਭਾਰਤ ’ਚ ਤਾਂ ਐਟਮ ਬੰਬ ਤੇ ਹਾਈਡ੍ਰੋਜਨ ਬੰਬ ਚਲਾਉਣ ਦੀਆਂ ਗੱਲਾਂ ਹੀ ਹੁੰਦੀਆਂ ਹਨ, ਪਰ ਅਸਲੀ ਬੰਬ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਖਣੀ ਕੋਰੀਆ ’ਚ ਚੀਨੀ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਨਾਲ ਮੁਲਾਕਾਤ ਤੋਂ ਪਹਿਲਾਂ ਹੀ ਚਲਾ ਦਿੱਤਾ ਹੈ। ਉਨ੍ਹਾਂ ਨੇ ਆਪਣੇ ਇੰਟਰਨੈਟ ਮੀਡੀਆ ਅਕਾਊਂਟ ’ਤੇ ਲਿਖਿਆ, ‘ਕਿਉਂਕਿ ਕਈ ਦੂਜੇ ਦੇਸ਼ ਪ੍ਰਮਾਣੂ ਪ੍ਰੀਖਣ ਕਰ ਰਹੇ ਹਨ, ਇਸ ਲਈ ਉਨ੍ਹਾਂ ਨੇ ਆਪਣੇ ਜੰਗੀ ਵਿਭਾਗ ਨੂੰ ਵੀ ਤਤਕਾਲ ਦੂਜੇ ਦੇਸ਼ਾਂ ਦੇ ਪੱਧਰ ਦੇ ਪ੍ਰਮਾਣੂ ਪ੍ਰੀਖਣ ਸ਼ੁਰੂ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ।’

ਪ੍ਰੀਖਣ ਕਰਨ ਵਾਲੇ ਦੇਸ਼ਾਂ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਨੇ ਸੀ.ਬੀ.ਐੱਸ. ਨਿਊਜ਼ ਨੂੰ ਦਿੱਤੀ ਇੰਟਰਵਿਊ ’ਚ ਰੂਸ, ਚੀਨ ਤੇ ਉੱਤਰ ਕੋਰੀਆ ਦੇ ਨਾਲ ਪਾਕਿਸਤਾਨ ਦਾ ਨਾਂਅ ਵੀ ਲਿਆ। ਨਵੰਬਰ 1996 ’ਚ ਪਾਸ ਹੋਈ ਪਰਮਾਣੂ ਪ੍ਰੀਖਣ ਪਾਬੰਦੀ ਸੰਧੀ ਭਾਵ ਸੀਟੀਬੀਟੀ ਦੇ ਤਹਿਤ ਨਾਗਰਿਕ ਜਾਂ ਫ਼ੌਜੀ ਕਿਸੇ ਵੀ ਟੀਚੇ ਨਾਲ ਪਰਮਾਣੂ ਪ੍ਰੀਖਣ ਕਰਨ ’ਤੇ ਪਾਬੰਦੀ ਹੈ। ਹਾਲਾਂਕਿ ਇਸ ਸੰਧੀ ਦਾ ਅਮਰੀਕਾ ਨੇ ਅਜੇ ਤੱਕ ਸਮਰਥਨ ਨਹੀਂ ਕੀਤਾ ਹੈ, ਪਰ ਉਹੀ ਇਸ ਦਾ ਸਭ ਤੋਂ ਮੁੱਖ ਸਪਾਂਸਰ-ਪੈਰੋਕਾਰ ਰਿਹਾ ਹੈ। ਇਸ ਲਈ ਟਰੰਪ ਦੇ ਐਲਾਨ ਨਾਲ ਪ੍ਰਮਾਣੂ ਪ੍ਰੀਖਣ ਇੰਸਪੈਕਟਰਾਂ, ਹਥਿਆਰਬੰਦੀ ਮਾਹਰਾਂ ਤੇ ਦੂਜੀਆਂ ਪਰਮਾਣੂ ਤਾਕਤਾਂ ’ਚ ਹੈਰਾਨੀ ਤੇ ਪਰੇਸ਼ਾਨੀ ਦੀ ਲਹਿਰ ਦੌੜਣਾ ਸੁਭਾਵਿਕ ਸੀ।

ਟਰੰਪ ਨੇ ਜਿਨ੍ਹਾਂ ਚਾਰ ਦੇਸ਼ਾਂ ’ਤੇ ਲੁਕ ਕੇ ਪ੍ਰੀਖਣ ਕਰਨ ਦੇ ਦੋਸ਼ ਲਾਏ ਉਨ੍ਹਾਂ ’ਚ ਉੱਤਰ ਕੋਰੀਆ ਨੇ ਤਾਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ, ਪਰ ਚੀਨ ਤੇ ਰੂਸ ਨੇ ਟਰੰਪ ਦੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਪਰਮਾਣੂ ਪ੍ਰੀਖਣ ਪਾਬੰਦੀ ਦੀ ਪਾਲਣਾ ਕਰਨ ਦੇ ਦਾਅਵੇ ਕੀਤੇ। ਹੋਰ ਤਾਂ ਹੋਰ ਪਾਕਿਸਤਾਨ ਨੇ ਵੀ ਖੰਡਨ ਕਰਨ ’ਚ ਢਿੱਲ ਨਹੀਂ ਦਿਖਾਈ। ਪਾਕਿਸਤਾਨ ਫ਼ੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ਼ ਚੌਧਰੀ ਨੇ ਕਿਹਾ, ‘ਪਾਕਿਸਤਾਨ 1998 ਤੋਂ ਬਾਅਦ ਤੋਂ ਪ੍ਰੀਖਣਾਂ ’ਤੇ ਲਾਈ ਮਰਜ਼ੀ ਮੁਤਾਬਕ ਰੋਕ ਦੀ ਪਾਲਣਾ ਕਰ ਰਿਹਾ ਹੈ। ਪਾਕਿਸਤਾਨ ਨੇ ਨਾ ਤਾਂ ਪ੍ਰਮਾਣੂ ਪ੍ਰੀਖਣ ਕਰਨ ’ਚ ਪਹਿਲ ਕੀਤੀ ਸੀ ਤੇ ਨਾ ਉਹ ਉਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨ ’ਚ ਪਹਿਲ ਕਰੇਗਾ।

ਪਾਕਿਸਤਾਨ ਦੇ ਪ੍ਰਮਾਣੂ ਅਪਸਾਰ ਦੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਪ੍ਰਮਾਣੂ ਬੰਬ ਬਣਾਉਣ ਤੇ ਉਸ ਦੀ ਤਕਨੀਕ ਇਰਾਨ, ਲੀਬੀਆ ਤੇ ਉੱਤਰੀ ਕੋਰੀਆ ਵਰਗੇ ਦੇਸ਼ਾਂ ਨੂੰ ਵੇਚਣ ਦੇ ਵਿਵਾਦਤ ਇਤਿਹਾਸ ਨੂੰ ਦੇਖਦੇ ਹੋਏ ਉਸ ਦੀ ਇਸ ਗੱਲ ’ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਉਹ ਪ੍ਰੀਖਣਾਂ ’ਤੇ ਲੱਗੀ ਪਾਬੰਦੀ ਦੀ ਮਰਜ਼ੀ ਨਾਲ ਪਾਲਣਾ ਕਰ ਰਿਹਾ ਹੈ।

ਪਰਮਾਣੂ ਹਥਿਆਰਾਂ ਦੀ ਵਰਤੋਂ ’ਚ ਪਹਿਲ ਨਾ ਕਰਨ ਦੀ ਭਾਰਤ ਦੀ ਨੀਤੀ ਦੇ ਉਲਟ ਪਹਿਲਾਂ ਵਰਤੋਂ ਕਰਨ ਦੀ ਨੀਤੀ ’ਤੇ ਚੱਲਣਾ ਤੇ ਤਰ੍ਹਾਂ-ਤਰ੍ਹਾਂ ਦੇ ਪਰਮਾਣੂ ਬੰਬਾਂ ਦੀ ਵਰਤੋਂ ਦੀ ਧਮਕੀ ਦਿੰਦੇ ਰਹਿਣਾ ਵੀ ਪਾਕਿਸਤਾਨ ਦੀ ਨੀਅਤ ’ਤੇ ਸ਼ੱਕ ਪੈਦਾ ਕਰਦਾ ਹੈ।

ਫਿਰ ਵੀ, ਪਰਮਾਣੂ ਪ੍ਰੀਖਣਾਂ ’ਤੇ ਨਜ਼ਰ ਰੱਖਣ ਲਈ ਬਣੇ ਸੀ.ਟੀ.ਬੀ.ਟੀ. ਸੰਗਠਨ ਦੀ ਅੰਤਰਰਾਸ਼ਟਰੀ ਨਿਰੀਖਣ ਪ੍ਰਣਾਲੀ ਆਈ.ਐੱਮ.ਐੱਸ. ਨੇ ਅਜੇ ਤੱਕ ਅਜਿਹੀ ਕੋਈ ਰਿਪੋਰਟ ਨਹੀਂ ਦਿੱਤੀ ਹੈ ਕਿ ਪਾਕਿਸਤਾਨ ਨੇ ਪਰਮਾਣੂ ਪ੍ਰੀਖਣ ਕੀਤਾ ਹੈ। ਰੂਸ ਨੇ ਆਖ਼ਰੀ ਪਰਮਾਣੂ ਪ੍ਰੀਖਣ ਸੋਵੀਅਤ ਸੰਘ ਦੇ ਪਤਨ ਤੋਂ ਇਕ ਸਾਲ ਪਹਿਲਾਂ 1991 ’ਚ ਕੀਤਾ ਸੀ ਤੇ ਚੀਨ ਨੇ 1996 ’ਚ। ਉਸ ਤੋਂ ਬਾਅਦ ਇਸ ਸਦੀ ’ਚ ਉੱਤਰੀ ਕੋਰੀਆ ਨੂੰ ਛੱਡ ਕੇ ਕਿਸੇ ਦੇਸ਼ ਨੇ ਕੋਈ ਪਰਮਾਣੂ ਪ੍ਰੀਖਣ ਨਹੀਂ ਕੀਤਾ ਹੈ।

ਟਰੰਪ ਦਾ ਐਲਾਨ ਕਈ ਸਵਾਲ ਖੜ੍ਹੇ ਕਰਦਾ ਹੈ। ਮਿਸਾਲ ਦੇ ਤੌਰ ’ਤੇ ਕੀ ਰੂਸ, ਚੀਨ ਤੇ ਪਾਕਿਸਤਾਨ ਅਸਲ ’ਚ ਅਜਿਹੇ ਪਰਮਾਣੂ ਪ੍ਰੀਖਣ ਕਰ ਰਹੇ ਹਨ, ਜਿਨ੍ਹਾਂ ਦਾ ਪਤਾ ਆਈ.ਐੱਮ.ਐੱਸ. ਨੂੰ ਵੀ ਨਹੀਂ ਹੈ ? ਜੇ ਅਜਿਹਾ ਹੈ ਤਾਂ ਫਿਰ ਉਸ ਦੀ ਉਪਯੋਗਿਤਾ ਕੀ ਹੈ ? ਅਮਰੀਕਾ ਦੇ ਪਰਮਾਣੂ ਪ੍ਰੀਖਣ ਸ਼ੁਰੂ ਕਰਨ ਨਾਲ ਵਿਸ਼ਵ ’ਚ ਪਰਮਾਣੂ ਹਥਿਆਰਾਂ ਦੀ ਜੋ ਦੌੜ ਸ਼ੁਰੂ ਹੋਵੇਗੀ ਉਸ ਨੂੰ ਕਿਵੇਂ ਰੋਕਿਆ ਜਾ ਸਕੇਗਾ ? ਇਸ ਦਾ ਸਪੱਸ਼ਟੀਕਰਨ ਦੇਣ ਦਾ ਕੰਮ ਟਰੰਪ ਨੇ ਅਮਰੀਕਾ ਦੇ ਊਰਜਾ ਮੰਤਰੀ ਕ੍ਰਿਸ ਰਾਈਟ ਨੂੰ ਸੌਂਪਿਆ। ਉਨ੍ਹਾਂ ਨੇ ਕਿਹਾ, ‘ਰਾਸ਼ਟਰਪਤੀ ਟਰੰਪ ਨੇ ਜਿਨ੍ਹਾਂ ਪਰਮਾਣੂ ਪ੍ਰੀਖਣਾਂ ਨੂੰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਉਹ ਸਬ-ਕ੍ਰਿਟੀਕਲ ਜਾਂ ਠੰਡੇ ਪਰਮਾਣੂ ਪ੍ਰੀਖਣ ਹਨ ਜਿਨ੍ਹਾਂ ਨਾਲ ਰੇਡੀਓਐਕਟੀਵਿਟੀ ਨਹੀਂ ਫੈਲਦੀ।’

ਰਾਈਟ ਦਾ ਟੀਚਾ ਦੁਨੀਆ ਦੀ ਚਿੰਤਾ ਦੂਰ ਕਰਨ ਤੋਂ ਵੱਧ ਅਮਰੀਕੀ ਰਾਜ ਨੇਵਾਡਾ ਦੇ ਨਿਵਾਸੀਆਂ ਦੀ ਚਿੰਤਾ ਦੂਰ ਕਰਨਾ ਸੀ, ਜੋ ਅਮਰੀਕਾ ਦੇ ਪਰਮਾਣੂ ਪ੍ਰੀਖਣ ਵਾਲੀ ਥਾਂ ਦੇ ਕੋਲ ਰਹਿੰਦੇ ਹਨ। ਇੱਥੇ 1992 ਤੋਂ ਬਾਅਦ ਤੋਂ ਕੋਈ ਪ੍ਰਮਾਣੂ ਪ੍ਰੀਖਣ ਨਹੀਂ ਹੋਇਆ ਹੈ ਤੇ ਹੁਣ ਲੋਕ ਪ੍ਰੀਖਣਾਂ ਦਾ ਸਖ਼ਤ ਵਿਰੋਧ ਕਰਦੇ ਹਨ। ਹਾਲਾਂਕਿ ਟਰੰਪ ਨੇ ਆਪ ਇਸ ਦਾ ਸਪੱਸ਼ਟੀਕਰਨ ਨਹੀਂ ਦਿੱਤਾ ਹੈ ਕਿ ਉਹ ਧਮਾਕੇ ਵਾਲੇ ਪ੍ਰੀਖਣ ਦੀ ਨਹੀਂ, ਬਲਕਿ ਸਬ-ਕ੍ਰਿਟੀਕਲ ਭਾਵ ਠੰਢੇ ਪ੍ਰਯੋਗਾਤਮਕ ਪ੍ਰੀਖਣ ਦੀ ਗੱਲ ਕਰ ਰਹੇ ਸਨ। ਗੱਲ ਤੋਂ ਪਲਟ ਜਾਣਾ ਤੇ ਮੰਤਰੀਆਂ ਦੀ ਗੱਲ ਕੱਟ ਦੇਣਾ ਉਨ੍ਹਾਂ ਲਈ ਆਮ ਗੱਲ ਹੈ। ਇਸ ਲਈ ਉਹ ਕੀ ਕਹਿਣਾ ਚਾਹੁੰਦੇ ਸਨ ਤੇ ਕਿਉਂ, ਇਹ ਉਹੀ ਦੱਸ ਸਕਦੇ ਹਨ। ਫਿਰ ਵੀ, ਜੇ ਕ੍ਰਿਸ ਰਾਈਟ ਦੀ ਗੱਲ ਸਹੀ ਮੰਨ ਲਈ ਜਾਵੇ ਤਦ ਵੀ ਇਹ ਸਮਝ ਨਹੀਂ ਆਉਂਦੀ ਕਿ ਇਸ ਲਈ ਜਨਤਕ ਐਲਾਨ ਕਰਨ ਦੀ ਕੀ ਲੋੜ ਸੀ ਤੇ ਉਹ ਵੀ ਚੀਨੀ ਰਾਸ਼ਟਰਪਤੀ ਦੇ ਨਾਲ ਹੋਣ ਵਾਲੀ ਮੁਲਾਕਾਤ ਤੋਂ ਠੀਕ ਪਹਿਲਾਂ।

ਕੰਪਿਊਟਰਾਂ ’ਤੇ ਅਤੇ ਲੈਬਾਰਟਰੀਆਂ ’ਚ ਵਰਚੁਅਲ ਠੰਢੇ ਪ੍ਰੀਖਣਾਂ ਦਾ ਅਮਰੀਕਾ ਦੇ ਕੋਲ ਸਭ ਤੋਂ ਪੁਰਾਣਾ ਤਜਰਬਾ ਤੇ ਤਕਨੀਕੀ ਮੁਹਾਰਤ ਹੈ। ਅੱਜਕੱਲ੍ਹ ਉਸੇ ਦੇ ਸਹਾਰੇ ਪਰਮਾਣੂ ਹਥਿਆਰਾਂ ਦਾ ਵਿਕਾਸ ਤੇ ਨਵੀਨੀਕਰਨ ਕੀਤਾ ਜਾਂਦਾ ਹੈ। ਅਮਰੀਕਾ, ਰੂਸ ਤੇ ਚੀਨ ਦੇ ਕੋਲ ਕੁੱਲ ਮਿਲਾ ਕੇ 12 ਹਜ਼ਾਰ ਦੇ ਲਗਪਗ ਪਰਮਾਣੂ ਬੰਬ ਹਨ ਜਿਨ੍ਹਾਂ ਨਾਲ ਦੁਨੀਆ ਨੂੰ ਕਈ ਵਾਰ ਤਬਾਹ ਕੀਤਾ ਜਾ ਸਕਦਾ ਹੈ। ਇਸ ਲਈ ਹੁਣ ਦੌੜ ਪ੍ਰਮਾਣੂ ਬੰਬ ਬਣਾਉਣ ਦੀ ਨਹੀਂ, ਬਲਕਿ ਉਨ੍ਹਾਂ ਨੂੰ ਦੁਸ਼ਮਣ ਦੇ ਰੱਖਿਆ ਕਵਚ ਨੂੰ ਤੋੜ ਕੇ ਟੀਚੇ ਤੱਕ ਪਹੁੰਚਾਉਣ ਵਾਲੀਆਂ ਮਿਜ਼ਾਈਲਾਂ ਦੇ ਵਿਕਾਸ ਦੀ ਹੈ, ਜਿਸ ’ਚ ਰੂਸ ਤੇ ਚੀਨ ਦੋਵੇਂ ਲੱਗੇ ਹਨ।

ਕੁਝ ਰਣਨੀਤੀਕਾਰਾਂ ਦਾ ਮੰਨਣਾ ਹੈ ਕਿ ਪ੍ਰੀਖਣ ਸ਼ੁਰੂ ਕਰਨ ਦਾ ਐਲਾਨ ਧਮਕੀ ਦੇ ਕੇ ਸੌਦਾ ਕਰਨ ਦੀ ਟਰੰਪ ਦੀ ਰਣਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ। ਦੱਖਣੀ ਕੋਰੀਆ ’ਚ ਚੀਨੀ ਰਾਸ਼ਟਰਪਤੀ ਨਾਲ ਹੋਈ ਮੁਲਾਕਾਤ ਤੋਂ ਕੁਝ ਹੀ ਦਿਨ ਪਹਿਲਾਂ ਰੂਸ ਨੇ ਪੋਸਾਈਡਨ ਪਰਮਾਣੂ ਤਾਰਪੀਡੋ ਤੇ ਬੁਰੇਵੇਸਤਨਿਕ ਪਰਮਾਣੂ ਕਰੂਜ਼ ਮਿਜ਼ਾਈਲ ਦੇ ਪ੍ਰੀਖਣ ਕੀਤੇ ਸਨ ਤੇ ਦਾਅਵਾ ਕੀਤਾ ਸੀ ਕਿ ਇਹ ਦੋਵੇਂ ਅਮਰੀਕਾ ਦੇ ਰੱਖਿਆ ਕਵਚ ਨੂੰ ਤੋੜ ਕੇ ਪਰਮਾਣੂ ਬੰਬਾਂ ਨਾਲ ਟੀਚੇ ’ਤੇ ਵਾਰ ਕਰ ਸਕਦੇ ਹਨ।

ਇਸ ਲਈ ਸ਼ਾਇਦ ਟਰੰਪ ਪਰਮਾਣੂ ਪ੍ਰੀਖਣ ਸ਼ੁਰੂ ਕਰਨ ਦਾ ਨਾਟਕੀ ਐਲਾਨ ਕਰ ਕੇ ਰੂਸ ਤੇ ਚੀਨ ਦੋਵਾਂ ਨੂੰ ਹਥਿਆਰਬੰਦੀ ਸਬੰਧੀ ਗੱਲਬਾਤ ਦੀ ਮੇਜ਼ ’ਤੇ ਲਿਆਉਣਾ ਚਾਹੁੰਦੇ ਹਨ, ਤਾਂ ਜੋ ਆਪਣੀਆਂ ਸ਼ਰਤਾਂ ’ਤੇ ਕੋਈ ਸੌਦਾ ਕਰ ਸਕਣ। ਹਾਲਾਂਕਿ ਬੇਅਸਰ ਹੁੰਦੀ ਵਿਸ਼ਵ ਪੱਧਰੀ ਵਿਵਸਥਾ, ਧੜਿਆਂ ’ਚ ਵੰਡੀ ਦੁਨੀਆ ਤੇ ਵਧਦੀ ਅਸੁਰੱਖਿਆ ਦੇ ਮਾਹੌਲ ’ਚ ਅਜਿਹੇ ਐਲਾਨਾਂ ਨਾਲ ਤਿੰਨ ਦਹਾਕੇ ਪੁਰਾਣੀ ਪਰਮਾਣੂ ਅਪਸਾਰ ਦੀ ਵਿਵਸਥਾ ਟੁੱਟ ਕੇ ਪਰਮਾਣੂ ਹਥਿਆਰਾਂ ਦੀ ਦੌੜ ਵੀ ਸ਼ੁਰੂ ਹੋ ਸਕਦੀ ਹੈ। ਇਹ ਦੌੜ ਜਿੱਥੇ ਭਾਰਤ ਵਰਗੀਆਂ ਉੱਭਰਦੀਆਂ ਤਾਕਤਾਂ ਲਈ ਸਿਰਦਰਦੀ ਬਣੇਗੀ, ਉਥੇ ਟਰੰਪ ਦੇ ਸ਼ਾਂਤੀ ਪੁਰਸਕਾਰ ਦੇ ਸੁਪਨੇ ਨੂੰ ਵੀ ਤੋੜ ਸਕਦੀ ਹੈ, ਕਿਉਂਕਿ ਨੋਬਲ ਕਮੇਟੀ ਨੂੰ ਪ੍ਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਕਰਵਾਉਣ ਵਾਲੇ ਨੂੰ ਇਨਾਮ ਦੇਣ ਤੋਂ ਪਹਿਲਾਂ ਚਾਰ ਵਾਰ ਸੋਚਣਾ ਪਵੇਗਾ।

**(ਲੇਖਕ ਬੀਬੀਸੀ ਹਿੰਦੀ ਦਾ ਸਾਬਕਾ ਸੰਪਾਦਕ ਹੈ)**

# ਨਿਊਯਾਰਕ ਲਈ ਨੁਕਸਾਨਦੇਹ ਹੋਵੇਗਾ ਟਰੰਪ ਤੇ ਮਮਦਾਨੀ ਵਿਚਾਲੇ ਟਕਰਾਓ

**ਡਾ. ਮਨੀਸ਼ ਦਾਭਾੜੇ**



ਜ਼ੋਹਰਾਨ ਮਮਦਾਨੀ ਦੀ ਨਿਊਯਾਰਕ ’ਚ ਮੇਅਰ ਅਹੁਦੇ ’ਤੇ ਜਿੱਤ ਨੂੰ ਅਮਰੀਕੀ ਪ੍ਰਗਤੀਸ਼ੀਲ ਸਿਆਸਤ ਦੀ ਇਕ ਵੱਡੀ ਉਪਲੱਬਧੀ ਦੇ ਰੂਪ ’ਚ ਪੇਸ਼ ਕੀਤਾ ਜਾ ਰਿਹਾ ਹੈ ਤੇ ਇਸੇ ਕਾਰਨ ਪੂਰੀ ਦੁਨੀਆ ’ਚ ਉਨ੍ਹਾਂ ਦੀ ਚਰਚਾ ਹੈ, ਪਰ ਇਸ ਜਿੱਤ ਦੇ ਨਾਲ-ਨਾਲ ਰਾਸ਼ਟਰਪਤੀ ਟਰੰਪ ਦੇ ਨਾਲ ਉਨ੍ਹਾਂ ਦਾ ਜੋ ਸਿਆਸੀ ਟਕਰਾਅ ਉੱਭਰ ਰਿਹਾ ਹੈ, ਉਹ ਸਿਰਫ਼ ਸ਼ਹਿਰ ਦੇ ਸ਼ਾਸਨ ਲਈ ਨਹੀਂ, ਬਲਕਿ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ ’ਤੇ ਵੀ ਡੂੰਘੀ ਹਲਚਲ ਦਾ ਸੰਕੇਤ ਦਿੰਦਾ ਹੈ। ਮਮਦਾਨੀ ਨੇ ਚੋਣ ਜਿੱਤਦੇ ਹੀ ਰਾਸ਼ਟਰਪਤੀ ਟਰੰਪ ਨੂੰ ਲਲਕਾਰਦੇ ਹੋਏ ਖ਼ੁਦ ਨੂੰ ਉਨ੍ਹਾਂ ਦੇ ‘ਸਭ ਤੋਂ ਵੱਡੇ ਬੁਰੇ ਸੁਪਨੇ’ ਦੇ ਰੂਪ ’ਚ ਪੇਸ਼ ਕੀਤਾ ਹੈ। ਇਸ ਨਾਲ ਉਹ ਨੌਜਵਾਨਾਂ ’ਚ ਹੋਰ ਹਰਮਨਪਿਆਰੇ ਹੋ ਸਕਦੇ ਹਨ, ਪਰ ਸੰਘੀ ਸੱਤਾ ਨਾਲ ਟਕਰਾਅ ਦੀ ਇਹ ਰਣਨੀਤੀ ਆਖ਼ਰ ਨਿਊਯਾਰਕ ਲਈ ਆਤਮਘਾਤੀ ਸਿੱਧ ਹੋ ਸਕਦੀ ਹੈ। ਮਮਦਾਨੀ ਦੇ ਐਲਾਨਨਾਮੇ ’ਚ ਨੀਤੀਗਤ ਹੌਸਲਾ ਜ਼ਰੂਰ ਹੈ। ਉਨ੍ਹਾਂ ਨੇ ਮੁਫ਼ਤ ਪਬਲਿਕ ਟਰਾਂਸਪੋਰਟ, ਕਿਰਾਇਆ ਕੰਟਰੋਲ, ਟਰਾਂਸਜੈਂਡਰ ਅਧਿਕਾਰਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ ਹੈ, ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਸੰਘੀ ਸਰਕਾਰ ਤੋਂ ਸਾਧਨਾਂ ਦੀ ਜ਼ਰੂਰਤ ਪਵੇਗੀ। ਟਰੰਪ ਪਹਿਲਾਂ ਹੀ ਜਨਤਕ ਰੂਪ ਨਾਲ ਮਮਦਾਨੀ ਨੂੰ ‘ਕਮਿਊਨਿਸਟ’ ਕਹਿ ਚੁੱਕੇ ਹਨ ਤੇ ਨਿਊਯਾਰਕ ਸ਼ਹਿਰ ਨੂੰ ਮਿਲਣ ਵਾਲੇ ਸੰਘੀ ਫੰਡ ਨੂੰ ਘੱਟ ਕਰਨ ਦੀ ਧਮਕੀ ਦੇ ਚੁੱਕੇ ਹਨ। ਇਹ ਸਿਰਫ਼ ਬਿਆਨਬਾਜ਼ੀ ਨਹੀਂ ਹੈ। ਟਰੰਪ ਦਾ ਪ੍ਰਸ਼ਾਸਨ ਪਹਿਲਾਂ ਵੀ ਡੈਮੋਕ੍ਰੇਟਿਕ ਸੂਬਿਆਂ ਤੇ ਸ਼ਹਿਰਾਂ ਪ੍ਰਤੀ ਦੰਡਾਤਮਕ ਰੁਖ਼ ਅਪਣਾਉਂਦਾ ਰਿਹਾ ਹੈ। ਇਸ ਕਾਰਨ ਇਕ ਅਜਿਹੇ ਰਾਸ਼ਟਰਪਤੀ ਨਾਲ ਸਿੱਧੇ ਟਕਰਾਅ ਦੀ ਨੀਤੀ ਨੂੰ ਅਪਨਾਉਣਾ, ਜੋ ਸਿਆਸੀ ਬਦਲਾਖੋਰੀ ਤੋਂ ਸੰਕੋਚ ਨਹੀਂ ਕਰਦਾ, ਕੀ ਵਿਹਾਰਕ ਹੈ ?

ਨਿਊਯਾਰਕ ਦੀ ਬਜਟ ਵਿਵਸਥਾ ਸੰਘੀ ਗ੍ਰਾਂਟ ’ਤੇ ਨਿਰਭਰ ਹੈ-ਸਿੱਖਿਆ, ਰਿਹਾਇਸ਼, ਸਮਾਜਿਕ ਸੇਵਾਵਾਂ ਦੇ ਕਈ ਵਿਭਾਗਾਂ ਨੂੰ ਆਪਣੇ ਕੁੱਲ ਬਜਟ ਦਾ ਵੱਡਾ ਹਿੱਸਾ ਵਾਸ਼ਿੰਗਟਨ ਤੋਂ ਪ੍ਰਾਪਤ ਹੁੰਦਾ ਹੈ। ਜੇ ਸੰਘੀ ਸਰਕਾਰ ਸਹਿਯੋਗੀ ਨਾ ਰਹੀ ਤਾਂ ਸਥਾਨਕ ਸਰਕਾਰ ਦੀਆਂ ਯੋਜਨਾਵਾਂ ਦਾ ਧਰਾਤਲ ’ਤੇ ਉਤਰਨਾ ਨਾਮੁਮਕਿਨ ਹੋ ਸਕਦਾ ਹੈ। ਇਸੇ ਸੰਦਰਭ ’ਚ, ਅੰਤਰਰਾਸ਼ਟਰੀ ਤਜਰਬਾ ਵੀ ਚਿਤਾਵਨੀ ਵਾਂਗ ਹੈ। ਬਾਰਸੀਲੋਨਾ ਦੀ ਸਾਬਕਾ ਮੇਅਰ ਅਦਾ ਕੋਲਾਊ ਨੇ ਜਦ ‘ਨਾਗਰਿਕ ਮੰਚ’ ਤੇ ਸਮਾਜਿਕ ਅੰਦੋਲਨ ਦੇ ਦਮ ’ਤੇ ਸੱਤਾ ਸੰਭਾਲੀ ਸੀ, ਤਦ ਉਨ੍ਹਾਂ ਨੇ ਪੂੰਜੀਵਾਦ ਖ਼ਿਲਾਫ਼ ਇੱਕ ਨਵੇਂ ਨਗਰ ਪ੍ਰਸ਼ਾਸਨ ਦੀ ਕਲਪਨਾ ਕੀਤੀ ਸੀ, ਪਰ ਰਾਸ਼ਟਰੀ ਸਰਕਾਰ ਦੇ ਵਿੱਤੀ ਅੜਿੱਕਿਆਂ ਤੇ ਯੂਰਪੀ ਸੰਘ ਦੀਆਂ ਸਖ਼ਤ ਨੀਤੀਆਂ ਦੇ ਅੱਗੇ ਉਨ੍ਹਾਂ ਦੇ ਜ਼ਿਆਦਾਤਰ ਵਾਅਦੇ ਅਧੂਰੇ ਰਹਿ ਗਏ। ਆਖ਼ਰ ਉਨ੍ਹਾਂ ਨੂੰ ਜਨਤਾ ਨੇ ਹਟਾ ਦਿੱਤਾ। ਲੰਡਨ ਦੇ ਮੇਅਰ ਸਾਦਿਕ ਖ਼ਾਨ ਨੇ ਵੀ ਕੰਜ਼ਰਵੇਟਿਵ ਸਰਕਾਰਾਂ ਨਾਲ ਲਗਾਤਾਰ ਟਕਰਾਅ ਦੀ ਨੀਤੀ ਅਪਣਾਈ, ਖਾਸ ਕਰ ਕੇ ਪਬਲਿਕ ਟਰਾਂਸਪੋਰਟ ਤੇ ਕਿਰਾਇਆ ਕੰਟਰੋਲ ਵਰਗੇ ਮੁੱਦਿਆਂ ’ਤੇ, ਪਰ ਉਹ ਵੀ ਕੇਂਦਰ ਸਰਕਾਰ ਦੀਆਂ ਕਾਨੂੰਨੀ ਹੱਦਾਂ ਤੋਂ ਬਾਹਰ ਕੁਝ ਕਰ ਨਹੀਂ ਸਕੇ। ਨਤੀਜੇ ਵਜੋਂ ਉਨ੍ਹਾਂ ਦੀਆਂ ਕਈ ਨੀਤੀਆਂ ਜਾਂ ਤਾਂ ਰੁਕੀਆਂ ਰਹੀਆਂ ਜਾਂ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੀਆਂ। ਸਪੱਸ਼ਟ ਹੈ ਕਿ ਨਗਰ ਸਿਆਸਤ ’ਚ ਵਿਚਾਰਕ ਊਰਜਾ ਕਾਫ਼ੀ ਨਹੀਂ ਹੁੰਦੀ, ਪ੍ਰਸ਼ਾਸਨਿਕ ਅਧਿਕਾਰ ਤੇ ਸਾਧਨ ਉਸ ਦੀਆਂ ਜ਼ਰੂਰੀ ਸ਼ਰਤਾਂ ਹਨ।

ਟਰੰਪ ਦੇ ਨਜ਼ਰੀਏ ਨਾਲ ਦੇਖੀਏ ਤਾਂ ਮਮਦਾਨੀ ਦਾ ਉਭਾਰ ਉਨ੍ਹਾਂ ਨੂੰ ਇੱਕ ਨਵਾਂ ਪ੍ਰਤੀਕ ਦਿੰਦਾ ਹੈ, ਜਿਸ ਰਾਹੀਂ ਉਹ ਡੈਮੋਕ੍ਰੇਟਿਕ ਪਾਰਟੀ ਨੂੰ ਕੱਟੜਵਾਦੀ ਦੇ ਰੂਪ ’ਚ ਪੇਸ਼ ਕਰ ਸਕਦੇ ਹਨ। ਮਮਦਾਨੀ ਦੇ ਸਮਾਜਵਾਦੀ ਰੁਖ਼, ਖੁੱਲ੍ਹੇ ਟਰਾਂਸਜੈਂਡਰ ਸਮਰਥਨ ਤੇ ਜਨ-ਕਲਿਆਣਕਾਰੀ ਐਲਾਨਾਂ ਨੂੰ ਲੈ ਕੇ ਟਰੰਪ ਉਨ੍ਹਾਂ ਨੂੰ ‘ਸ਼ਹਿਰੀ ਖੱਬੇ ਪੱਖੀ’ ਦੇ ਰੂਪ ’ਚ ਪੇਸ਼ ਕਰ ਰਹੇ ਹਨ। ਇਸ ਨਾਲ ਉਹ ਆਪਣੇ ਰੂੜ੍ਹੀਵਾਦੀ ਗ੍ਰਾਮੀਣ ਤੇ ਸਬ-ਅਰਬਨ ਆਧਾਰ ਨੂੰ ਮੁੜ ਸੰਗਠਤ ਕਰ ਸਕਦੇ ਹਨ। ਜੇ ਮਮਦਾਨੀ ਇਸ ਜਾਲ ’ਚ ਫਸਦੇ ਹਨ ਤੇ ਟਰੰਪ ਨਾਲ ਨਿਰੰਤਰ ਭਿੜਦੇ ਰਹਿੰਦੇ ਹਨ ਤਾਂ ਇਸ ਨਾਲ ਟਰੰਪ ਨੂੰ ਹੀ ਲਾਭ ਹੋਵੇਗਾ। ਇਤਿਹਾਸ ਗਵਾਹ ਹੈ ਕਿ ਜਦ ਵੀ ਟਰੰਪ ਨੂੰ ਕੋਈ ਮਜ਼ਬੂਤ ਵਿਚਾਰਕ ਵਿਰੋਧੀ ਮਿਲਿਆ ਹੈ, ਉਨ੍ਹਾਂ ਨੇ ਉਸ ਨੂੰ ਰਾਸ਼ਟਰੀ ਚਰਚਾ ’ਚ ਪ੍ਰਤੀਕਾਤਮਕ ‘ਦੁਸ਼ਮਣ’ ਬਣਾ ਕੇ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ। ਟਰੰਪ ਤੇ ਉਨ੍ਹਾਂ ਦੇ ਬੁਲਾਰੇ ਖੁੱਲ੍ਹੇ ਤੌਰ ’ਤੇ ਨਿਊਯਾਰਕ ਨੂੰ ਇੱਕ ‘ਨਾਕਾਮ ਸ਼ਹਿਰ’ ਕਹਿਣ ਲੱਗੇ ਹਨ। ਮਮਦਾਨੀ ਦੇ ਭੜਕਾਊ ਭਾਸ਼ਣ ਤੇ ਟਰੰਪ ਵਿਰੋਧੀ ਪ੍ਰਤੀਕਾਂ ਦੀ ਵਰਤੋਂ ਇਸ ਧਰੁਵੀਕਰਨ ਨੂੰ ਹੋਰ ਵੀ ਤੇਜ਼ ਕਰੇਗੀ। ਮਮਦਾਨੀ ਨੂੰ ਚਾਹੀਦਾ ਹੈ ਕਿ ਉਹ ਟਰੰਪ ਦੀ ਨਿੰਦਾ ਤੋਂ ਵੱਧ ਆਪਣੇ ਬਦਲਵੇਂ ਨਜ਼ਰੀਏ ’ਤੇ ਧਿਆਨ ਕੇਂਦਰਿਤ ਕਰਨ। ਜੇ ਉਹ ਟਰੰਪ ਦੇ ਹਰ ਬਿਆਨ ’ਤੇ ਪ੍ਰਤੀਕਿਰਿਆ ਦੇਣਗੇ ਤਾਂ ਉਨ੍ਹਾਂ ਦਾ ਪ੍ਰਸ਼ਾਸਨਿਕ ਏਜੰਡਾ ਗੁਆਚ ਜਾਵੇਗਾ। ਉਨ੍ਹਾਂ ਨੂੰ ਇਹ ਦਿਖਾਉਣਾ ਪਵੇਗਾ ਕਿ ਉਹ ਸਿਰਫ਼ ਵਿਰੋਧੀ ਨਹੀਂ, ਬਲਕਿ ਸਮਰੱਥ ਪ੍ਰਸ਼ਾਸਕ ਵੀ ਹਨ। ਉਨ੍ਹਾਂ ਨੇ ਜੋਸ਼ ਤੇ ਵਿਚਾਰਧਾਰਾ ਦੇ ਤਾਲਮੇਲ ਨਾਲ ਇਕ ਨਵਾਂ ਮਤਦਾਤਾ ਵਰਗ ਉਭਾਰਿਆ ਹੈ, ਪਰ ਇਹੀ ਵਰਗ ਹੁਣ ਉਨ੍ਹਾਂ ਤੋਂ ਅਜਿਹੀਆਂ ਯੋਜਨਾਵਾਂ ਚਾਹੁੰਦਾ ਹੈ, ਜੋ ਅਸਲ ’ਚ ਲਾਗੂ ਕੀਤੀਆਂ ਜਾ ਸਕਣ।

ਨਿਊਯਾਰਕ ਦੀ ਨਗਰ ਪ੍ਰਸ਼ਾਸਨਿਕ ਮਸ਼ੀਨਰੀ ਨੂੰ ਸੰਭਾਲਣਾ ਇੱਕ ਵੱਡੀ ਚੁਣੌਤੀ ਹੈ। ਉਥੇ ਦੀ ਨੌਕਰਸ਼ਾਹੀ, ਸੰਘੀ ਗ੍ਰਾਂਟਾਂ ਦੀ ਪੇਚੀਦਗੀ ਤੇ ਨਿਆਇਕ ਪ੍ਰਕਿਰਿਆਵਾਂ ਇਕ ਆਦਰਸ਼ਵਾਦੀ ਆਗੂ ਦੀਆਂ ਕਲਪਨਾਵਾਂ ਨੂੰ ਕਸੌਟੀ ’ਤੇ ਪਰਖਣਗੀਆਂ। ਬਿਨਾਂ ਵਾਸ਼ਿੰਗਟਨ ਦੇ ਸਹਿਯੋਗ ਨਾਲ ਵੱਡੇ ਬੁਨਿਆਦੀ ਸੁਧਾਰ ਕਰਨਾ ਲਗਪਗ ਨਾਮੁਮਕਿਨ ਹੈ। ਸਿਆਸਤ ’ਚ ਪ੍ਰਤੀਕਾਂ ਦਾ ਬਹੁਤ ਮਹੱਤਵ ਹੁੰਦਾ ਹੈ, ਪਰ ਸ਼ਹਿਰਾਂ ਨੂੰ ਨਾਅਰੇ ਨਹੀਂ ਚਲਾਉਂਦੇ,ਉਨ੍ਹਾਂ ਨੂੰ ਚਲਾਉਂਦੀਆਂ ਹਨ ਵਿਵਹਾਰਕ ਨੀਤੀਆਂ, ਵਿੱਤੀ ਅਨੁਸ਼ਾਸਨ ਤੇ ਕੇਂਦਰ-ਰਾਜ ਤਾਲਮੇਲ ਦੀ ਸਮਝ। ਜੇ ਮਮਦਾਨੀ ਪ੍ਰਸ਼ਾਸਨਿਕ ਵਿਹਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹਨ ਤੇ ਸਿਰਫ਼ ਟਰੰਪ-ਵਿਰੋਧੀ ਪ੍ਰਤੀਕ ਬਣੇ ਰਹਿੰਦੇ ਹਨ ਤਾਂ ਇਹ ਨਾ ਸਿਰਫ਼ ਉਨ੍ਹਾਂ ਦੀ ਨਾਕਾਮੀ ਹੋਵੇਗੀ, ਬਲਕਿ ਇਹ ਪੂਰੇ ਡੈਮੋਕ੍ਰੇਟਿਕ ਅੰਦੋਲਨ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਮਮਦਾਨੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਣਨੀਤੀ ਨੂੰ ਟਕਰਾਅ ਦੀ ਥਾਂ ਹੱਲ ਦੀ ਦਿਸ਼ਾ ’ਚ ਮੋੜਨ। ਉਨ੍ਹਾਂ ਨੂੰ ਸ਼ਹਿਰੀ ਪ੍ਰਸ਼ਾਸਨ ਦੇ ਤੌਰ-ਤਰੀਕਿਆਂ ਨੂੰ ਗਹਿਰਾਈ ਨਾਲ ਸਮਝਣਾ ਪਵੇਗਾ। ਨਹੀਂ ਤਾਂ ਉਹ ਨਾ ਤਾਂ ਟਰੰਪ ਨੂੰ ਟੱਕਰ ਦੇ ਸਕਣਗੇ, ਨਾ ਹੀ ਨਿਊਯਾਰਕ ਨੂੰ ਉਹ ਤਬਦੀਲੀ ਦੇ ਸਕਣਗੇ, ਜਿਸ ਦਾ ਉਨ੍ਹਾਂ ਨੇ ਵਾਅਦਾ ਕੀਤਾ ਹੈ।

**(ਲੇਖਕ ਜੇ.ਐੱਨ.ਯੂ. ’ਚ ਐਸੋਸੀਏਟ ਪ੍ਰੋਫੈਸਰ ਹੈ)**



ਤਰਲੋਚਨ ਸਿੰਘ ਭੱਟੀ
(ਲੇਖਕ ਸਾਬਕਾ ਪੀ.ਸੀ.ਐੱਸ. ਅਧਿਕਾਰੀ ਹੈ)

# ਕਿੰਨਾ ਕੁ ਜਾਇਜ਼ ਹੈ ਬੁਲਡੋਜ਼ਰ ਨਿਆਂ ?

ਭਾਰਤ ਦੇ ਸੰਵਿਧਾਨ ਨੇ ਆਪਣੇ ਮੁੱਖਬੰਦ ਰਾਹੀਂ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਦੀ ਗਾਰੰਟੀ ਦਿੱਤੀ ਹੈ। ਸੰਵਿਧਾਨ ਦੇ ਘਾੜਿਆਂ ਨੇ ਹਰ ਨਾਗਰਿਕ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਉਣ ਦਾ ਵਚਨ ਦਿੱਤਾ ਹੈ। ਇਸੇ ਗਾਰੰਟੀ ਨੂੰ ਅੱਗੇ ਵਧਾਉਂਦੇ ਹੋਏ ਸਰਕਾਰਾਂ ਵੱਲੋਂ ਅੱਜ-ਕੱਲ੍ਹ ਲੋਕਾਂ ਨੂੰ ਅਜਿਹਾ ਨਿਆਂ ਦਿੱਤਾ ਜਾ ਰਿਹਾ ਹੈ ਜਿਸ ਨੂੰ 'ਬਲਡੋਜ਼ਰ ਜਸਟਿਸ' ਕਿਹਾ ਜਾਂਦਾ ਹੈ।

ਹਾਊਸਿੰਗ ਐਂਡ ਲੈਂਡ ਰਾਈਟਸ ਨੈੱਟਵਰਕ ਵੱਲੋਂ ਜਾਰੀ 'ਭਾਰਤ ਵਿਚ ਜ਼ਬਰਦਸਤੀ ਬੇਦਖ਼ਲੀ 2022 ਅਤੇ 2023' ਸਿਰਲੇਖ ਵਾਲੀ ਰਿਪੋਰਟ ਅਨੁਸਾਰ ਭਾਰਤ ਦੀਆਂ ਵੱਖ-ਵੱਖ ਸੂਬਾ ਸਰਕਾਰਾਂ ਦੁਆਰਾ 1,53,000 ਤੋਂ ਵੱਧ ਘਰ ਢਾਹ ਦਿੱਤੇ ਗਏ ਹਨ ਜਿਸ ਨਾਲ ਲਗਪਗ 7,38,000 ਲੋਕ ਬੇਘਰ ਹੋ ਗਏ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜ਼ਬਰਦਸਤੀ ਬੇਦਖ਼ਲੀ ਦੇ ਲਗਪਗ ਸਾਰੇ ਦਸਤਾਵੇਜ਼ੀ ਮਾਮਲਿਆਂ ਵਿਚ ਰਾਜ ਦੇ ਅਧਿਕਾਰੀਆਂ ਨੇ ਉੱਚਿਤ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ।

ਮਨੁੱਖੀ ਅਧਿਕਾਰ ਸਮੂਹ, 'ਐਮਨੇਸਟੀ ਇੰਟਰਨੈਸ਼ਨਲ' ਦੀ ਇਕ ਰਿਪੋਰਟ ਵਿਚ ਅਪ੍ਰੈਲ ਅਤੇ ਜੂਨ 2022 ਦਰਮਿਆਨ ਫ਼ਿਰਕੂ ਹਿੰਸਾ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਘਟਨਾਚੱਕਰਾਂ ਤੋਂ ਬਾਅਦ ਅਸਾਮ, ਦਿੱਲੀ, ਗੁਜਰਾਤ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਰਾਜਾਂ ਵਿੱਚ 128 ਜਾਇਦਾਦਾਂ ਨੂੰ ਦੰਡਕਾਰੀ ਢਾਉਣ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਵਿੱਚ ਪਾਇਆ ਗਿਆ ਕਿ ਨਿਸ਼ਾਨਾ ਬਣਾ ਕੇ ਢਾਹੁਣ ਦੀਆਂ ਕਾਰਵਾਈਆਂ ਸੀਨੀਅਰ ਰਾਜਨੀਤਕ ਨੇਤਾਵਾਂ ਅਤੇ ਸਰਕਾਰੀ ਅਧਿਕਾਰੀਆਂ ਦੁਆਰਾ ਉਕਸਾਈਆਂ ਗਈਆਂ ਸਨ ਤੇ ਘੱਟੋ-ਘੱਟ 617 ਲੋਕ ਪ੍ਰਭਾਵਿਤ ਹੋਏ। ਰਿਪੋਰਟ ਅਨੁਸਾਰ ਲਗਪਗ ਦੋ ਸਾਲਾਂ ਬਾਅਦ ਪੰਜ ਰਾਜਾਂ ਵਿੱਚ ਇਕ ਵਿਸ਼ੇਸ਼ ਫ਼ਿਰਕੇ ਨਾਲ ਸਬੰਧਤ ਪਰਿਵਾਰ ਅਤੇ ਕਾਰੋਬਾਰੀ ਮਾਲਕ ਆਪਣੇ ਘਰ, ਕਾਰੋਬਾਰ ਅਤੇ ਧਾਰਮਿਕ ਅਸਥਾਨਾਂ ਨੂੰ ਗੁਆਉਣ ਲਈ ਮੁਆਵਜ਼ੇ ਦੀ ਉਡੀਕ ਕਰ ਰਹੇ ਹਨ।

ਦੁਨੀਆ ਭਰ ਵਿੱਚ ਉਸਾਰੀ ਵਾਲੀਆਂ ਥਾਵਾਂ 'ਤੇ ਬੁਲਡੋਜ਼ਰ ਹਰ ਥਾਂ ਮੌਜੂਦ ਹਨ ਪਰ ਭਾਰਤ ਵਿੱਚ ਇਹ ਕੁਝ ਹੋਰ ਵੀ ਹਨ। ਬੁਲਡੋਜ਼ਰ ਇੱਕ ਪ੍ਰਤੀਕ ਬਣ ਗਏ ਹਨ-ਬਦਲਾ ਲੈਣ ਵਾਲੇ ਨਿਆਂ ਦੇ, ਇਕ ਵੰਡ-ਪਾਊ ਅਤੇ ਹਿੰਸਕ ਬਰਾਂਡ ਦੇ। ਬੁਲਡੋਜ਼ਰ ਧਾਰਮਿਕ ਅਤੇ ਰਾਜਨੀਤਕ ਲੀਹਾਂ ਨੇ ਜੋ ਭਾਰਤ ਦੇ ਮੌਜੂਦਾ ਅਸੰਤੁਲਨ ਨੂੰ ਦਰਸਾਉਂਦੀਆਂ ਹਨ ਕਿ ਕਿਵੇਂ ਕਾਰਜਪਾਲਿਕਾ ਆਪਣੇ ਲੋਕਾਂ ਨੂੰ ਨਿਆਂ ਦਿੰਦੀ ਹੈ। ਬੁਲਡੋਜ਼ਰ ਜਸਟਿਸ ਜਾਂ ਬੁਲਡੋਜ਼ਰ ਇਨਸਾਫ਼ ਨੂੰ ਸਭ ਤੋਂ ਪਹਿਲਾਂ 2017 ਵਿੱਚ ਉੱਤਰ ਪ੍ਰਦੇਸ਼ ਵਿੱਚ ਪ੍ਰਮੁੱਖਤਾ ਮਿਲੀ।

ਬਿਨਾਂ ਸ਼ੱਕ ਕਾਲੀਆਂ ਕਮਾਈਆਂ ਕਰਨ ਵਾਲੇ ਅਣਗਿਣਤ ਲੋਕ ਸ਼ੱਕ ਦੇ ਘੇਰੇ ਵਿਚ ਆਏ ਸਨ। ਇਨ੍ਹਾਂ 'ਚ ਤਸਕਰ ਅਤੇ ਗੈਂਗਸਟਰ ਵੀ ਸ਼ਾਮਲ ਸਨ। 'ਬੁਲਡੋਜ਼ਰ ਜਸਟਿਸ' ਉੱਤੇ ਉਦੋਂ ਸਵਾਲ ਉੱਠਣੇ ਸ਼ੁਰੂ ਹੋਏ ਜਦੋਂ ਸਰਕਾਰ ਵੱਲੋਂ ਜ਼ਿਆਦਾਤਰ ਇਕ ਫ਼ਿਰਕੇ ਦੇ ਲੋਕ, ਜਿਨ੍ਹਾਂ 'ਤੇ ਅਪਰਾਧਕ ਗਤੀਵਿਧੀਆਂ ਜਾਂ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ, ਉਨ੍ਹਾਂ ਵਿਰੁੱਧ ਜਾਇਦਾਦਾਂ ਨੂੰ ਢਾਹੁਣ ਲਈ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ।



ਉੱਤਰ ਪ੍ਰਦੇਸ਼ ਵਿੱਚ ਰਾਜਨੀਤਕ ਸੰਦੇਸ਼ਾਂ ਵਿੱਚ ਇਸ ਦੀ ਵਰਤੋਂ ਤੋਂ ਬਾਅਦ ਮੱਧ ਪ੍ਰਦੇਸ਼ ਵਿਚ ਬੁਲਡੋਜ਼ਰ ਦੀ ਵਰਤੋਂ ਅਪਰਾਧੀਆਂ ਵਿਰੁੱਧ ਸਖ਼ਤ ਰੁਖ਼ ਦਿਖਾਉਣ ਦੇ ਉਦੇਸ਼ ਨਾਲ ਰਾਜਨੀਤਕ ਸੰਦੇਸ਼ ਦੇਣ ਲਈ ਕੀਤੀ ਗਈ। ਕੁਝ ਮੀਡਿਆਂ ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਕੁਝ ਭਾਈਚਾਰੇ ਬੁਲਡੋਜ਼ਰ ਦੀ ਵਰਤੋਂ ਨੂੰ ਪੱਖਪਾਤੀ ਸਮਝਦੇ ਹਨ। ਖ਼ਾਸ ਤੌਰ 'ਤੇ ਇੱਕ ਵਿਸ਼ੇਸ਼ ਫ਼ਿਰਕੇ ਦੀ ਆਬਾਦੀ ਵਾਲੀਆਂ ਜਾਇਦਾਦਾਂ ਅਤੇ ਬਸਤੀਆਂ ਨੂੰ ਅਨੁਪਾਤਕ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ। ਆਲੋਚਕ ਇਹ ਵੀ ਦਲੀਲ ਦਿੰਦੇ ਹਨ ਕਿ ਕਾਨੂੰਨ ਦੇ ਰਾਜ ਨੂੰ ਛੱਡਣਾ ਅਤੇ ਬੁਲਡੋਜ਼ਰ ਨਿਆਂ ਨੂੰ ਅਪਣਾਉਣਾ ਇੱਕ ਤਾਨਾਸ਼ਾਹੀ ਸਮਾਜ ਵੱਲੋਂ ਸ਼ੁਰੂਆਤੀ ਕਦਮ ਹੈ। ਅਜਿਹੇ ਸਮਾਜ ਵਿੱਚ ਵਿਅਕਤੀਆਂ ਦੀ ਸੁਰੱਖਿਆ, ਜੀਵਨ ਅਤੇ ਆਜ਼ਾਦੀ ਰਾਜ ਦੇ ਅਧਿਕਾਰੀਆਂ ਦੇ ਮਨਮਾਨੇ ਫ਼ੈਸਲਿਆਂ 'ਤੇ ਨਿਰਭਰ ਕਰੇਗੀ। ਸਾਲ 2019 ਤੋਂ 2023 ਤੱਕ 5,15,752 ਮਕਾਨ ਢਾਹੇ ਗਏ ਅਤੇ 7,38,438 ਲੋਕ ਬੇਘਰੇ ਹੋਏ।

ਸਤੰਬਰ 2024 ਵਿੱਚ ਸੁਪਰੀਮ ਕੋਰਟ ਨੇ ਸਰਕਾਰਾਂ ਨੂੰ ਘਰਾਂ ਨੂੰ ਬੁਲਡੋਜ਼ਰ ਨਾਲ ਢਾਹੁਣ ਤੋਂ ਰੋਕਣ ਦਾ ਹੁਕਮ ਦਿੱਤਾ। ਵੱਖ-ਵੱਖ ਗ਼ੈਰ-ਸਰਕਾਰੀ ਸੰਗਠਨਾਂ ਦੁਆਰਾ ਬੁਲਡੋਜ਼ਰ ਨਿਆਂ ਦਾ ਵਿਰੋਧ ਕਰਦੇ ਹੋਏ ਸਮੇਂ-ਸਮੇਂ 'ਤੇ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ।

ਸੁਪਰੀਮ ਕੋਰਟ ਦੁਆਰਾ ਇਨ੍ਹਾਂ ਸਾਰੀਆਂ ਪਟੀਸ਼ਨਾਂ ਨੂੰ ਇਕੱਠੀਆਂ ਸੁਣਿਆ ਗਿਆ। ਨਵੰਬਰ 2024 ਵਿੱਚ ਸੁਪਰੀਮ ਕੋਰਟ ਦੁਆਰਾ ਨਿਰਦੇਸ਼ ਜਾਰੀ ਕੀਤੇ ਗਏ ਸਨ ਜਿਨ੍ਹਾਂ ਅਨੁਸਾਰ ਦੋਸ਼ੀ ਜਾਂ ਦੋਸ਼ੀ ਲੋਕਾਂ ਲਈ ਸਜ਼ਾ ਦੇ ਸਾਧਨ ਵਜੋਂ ਬੁਲਡੋਜ਼ਰ ਨਿਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ 2024 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜੇਕਰ ਮਕਾਨ ਜਾਂ ਹੋਰ ਢਾਂਚੇ ਢਾਹੁਣ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਇਸ ਹੁਕਮ ਵਿਰੁੱਧ ਅਪੀਲ ਕਰਨ ਦਾ ਸਮਾਂ ਦੇਣਾ ਪਵੇਗਾ, ਕਾਰਨ ਦੱਸੋ ਨੋਟਿਸ ਤੋਂ ਬਿਨਾਂ ਕੋਈ ਵੀ ਢਾਂਚਾ ਢਾਹੁਣ ਦੀ ਆਗਿਆ ਨਹੀਂ ਹੈ। ਪ੍ਰਭਾਵਿਤ ਧਿਰ ਨੂੰ ਨਿੱਜੀ ਤੌਰ 'ਤੇ ਸੁਣਨਾ ਲਾਜ਼ਮੀ ਹੋਵੇਗਾ। ਅਣ-ਅਧਿਕਾਰਤ ਢਾਂਚੇ ਦੀ ਉਸਾਰੀ ਦਾ ਅਪਰਾਧ ਮਿਸ਼ਰਿਤ ਹੈ। ਢਾਹੁਣ ਦੀ ਕਾਰਵਾਈ ਦੀ ਵੀਡੀਓਗ੍ਰਾਫੀ ਕੀਤੀ ਜਾਣੀ ਲਾਜ਼ਮੀ ਹੈ, ਵੀਡੀਓ ਰਿਕਾਰਡਿੰਗ ਨੂੰ ਸੁਰੱਖਿਅਤ ਰੱਖਣਾ ਵੀ ਜ਼ਰੂਰੀ ਹੈ।

ਸੁਪਰੀਮ ਕੋਰਟ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਜ਼ਿੰਮੇਵਾਰ ਅਧਿਕਾਰੀ ਅਦਾਲਤ ਦੀ ਹੁਕਮ-ਅਦੂਲੀ ਤਹਿਤ ਮੁਕੱਦਮਾ ਚਲਾਉਣ ਲਈ ਜ਼ਿੰਮੇਵਾਰ ਹੋਣਗੇ। ਅਜਿਹੇ ਅਧਿਕਾਰੀਆਂ ਨੂੰ ਆਪਣੀ ਕੀਮਤ 'ਤੇ ਢਾਹੀ ਗਈ ਜਾਇਦਾਦ ਨੂੰ ਵਾਪਸ ਕਰਨ ਅਤੇ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਜਨਤਕ ਥਾਵਾਂ ਤੇ ਜਿੱਥੇ ਕੋਈ ਅਣ-ਅਧਿਕਾਰਤ ਢਾਂਚਾ ਹੈ ਅਤੇ ਉਨ੍ਹਾਂ ਮਾਮਲਿਆਂ 'ਤੇ ਇਹ ਦਿਸ਼ਾ-ਨਿਰਦੇਸ਼ ਲਾਗੂ ਨਹੀਂ ਹੋਣਗੇ ਜਿੱਥੇ ਕਿਸੇ ਅਦਾਲਤ ਦੁਆਰਾ ਢਾਹੁਣ ਦੇ ਹੁਕਮ ਦਿੱਤੇ ਗਏ ਹਨ। ਸਰਕਾਰਾਂ ਵੱਲੋਂ ਕਿਹਾ ਜਾਂਦਾ ਹੈ ਕਿ ਸਾਡੇ ਕੋਲ ਇੱਕ ਵਿਸ਼ੇਸ਼ ਮਸ਼ੀਨ (ਬੁਲਡੋਜ਼ਰ) ਹੈ ਜਿਸ ਦੀ ਵਰਤੋਂ ਅਸੀਂ ਐਕਸਪ੍ਰੈੱਸ ਵੇਅ ਅਤੇ ਹਾਈਵੇਅ ਬਣਾਉਣ ਲਈ ਕਰ ਰਹੇ ਹਾਂ।

ਇਸ ਦੇ ਨਾਲ ਹੀ ਅਸੀਂ ਇਸ ਦੀ ਵਰਤੋਂ ਮਾਫ਼ੀਆ ਅਤੇ ਅਪਰਾਧੀਆਂ ਨੂੰ ਕੁਚਲਣ ਲਈ ਵੀ ਕਰ ਸਕਦੇ ਹਾਂ ਜੋ ਲੋਕਾਂ ਦਾ ਸ਼ੋਸ਼ਣ ਕਰ ਕੇ ਆਪਣੀਆਂ ਜਾਇਦਾਦਾਂ ਬਣਾਉਂਦੇ ਹਨ ਪਰ ਅਦਾਲਤਾਂ ਦਾ ਪੱਖ ਹੈ ਕਿ ਕਾਰਜਪਾਲਿਕਾ ਜੱਜ ਬਣ ਕੇ ਜਾਇਦਾਦਾਂ ਨੂੰ ਮਨਮਰਜ਼ੀ ਨਾਲ ਢਾਹ ਨਹੀਂ ਸਕਦੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਜਾ ਰਹੀ ਮੁਹਿੰਮ ਵਿਚ ਵੀ ਭਾਰਤ ਦੀਆਂ ਹੋਰ ਰਾਜ ਸਰਕਾਰਾਂ ਵਾਂਗ 'ਬੁਲਡੋਜ਼ਰ ਜਸਟਿਸ' ਦੇਣਾ ਸ਼ੁਰੂ ਕੀਤਾ ਗਿਆ ਹੈ ਜਿਸ ਅਧੀਨ ਨਸ਼ਾ ਤਸਕਰਾਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਉਸਾਰੇ ਘਰਾਂ ਅਤੇ ਹੋਰ ਇਮਾਰਤਾਂ ਨੂੰ ਢਾਹੁਣ ਲਈ ਬੁਲਡੋਜ਼ਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਬੁਲਡੋਜ਼ਰ ਜਸਟਿਸ ਵਿਰੁੱਧ ਲੋਕਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਬੁਲਡੋਜ਼ਰ ਰਾਜਨੀਤੀ ਦੀ ਲੋੜ ਨਹੀਂ ਸਗੋਂ ਅਜਿਹੀ ਰਾਜਨੀਤੀ ਦੀ ਲੋੜ ਹੈ ਜੋ ਸੰਵਿਧਾਨ, ਕਾਨੂੰਨ, ਕਾਨੂੰਨ ਦੇ ਰਾਜ ਅਤੇ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਕਰ ਸਕੇ।

ਬੁਲਡੋਜ਼ਰ ਜਸਟਿਸ ਜਾਂ ਬੁਲਡੋਜ਼ਰਾਂ ਨਾਲ ਘਰਾਂ ਨੂੰ ਢਾਹੁਣਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਇਕ ਗੰਭੀਰ ਰੂਪ ਹੈ। ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ, ਬਾਲ ਕ੍ਰਿਸ਼ਨਨ ਨੇ 27 ਸਤੰਬਰ 2024 ਨੂੰ ਸੁਪਰੀਮ ਕੋਰਟ ਵਿੱਚ ਅਰਜ਼ੀ ਦੇ ਕੇ ਬੇਨਤੀ ਕੀਤੀ ਸੀ ਕਿ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਦ੍ਰਿਸ਼ਟੀਕੋਣ ਤੋਂ ਪੂਰੇ ਭਾਰਤ ਦੇ ਦਿਸ਼ਾ-ਨਿਰਦੇਸ਼ਾਂ ਨੂੰ ਬਣਾ ਕੇ ਲਾਗੂ ਕਰਨਾ ਜ਼ਰੂਰੀ ਹੈ। ਲਿਹਾਜ਼ਾ ਕਿਹਾ ਜਾ ਸਕਦਾ ਹੈ ਕਿ ਬੁਲਡੋਜ਼ਰ ਨਿਆਂ ਦੇਣ ਦਾ ਭਾਵ ਹੈ ਕਾਨੂੰਨ ਦੇ ਰਾਜ ਨੂੰ ਤਿਆਗਣਾ ਜੋ ਇਕ ਤਾਨਾਸ਼ਾਹੀ ਸਮਾਜ ਵੱਲ ਪਹਿਲਾ ਕਦਮ ਹੈ ਜਿੱਥੇ ਇਕ ਵਿਅਕਤੀ ਦੀ ਸੁਰੱਖਿਆ, ਜੀਵਨ ਅਤੇ ਆਜ਼ਾਦੀ ਨੂੰ ਯਕੀਨੀ ਬਣਾਉਣਾ ਰਾਜ ਦੇ ਅਧਿਕਾਰੀਆਂ ਦੀ ਮਰਜ਼ੀ ਅਤੇ ਮਨਮਾਨੀ ਉੱਤੇ ਨਿਰਭਰ ਹੋਵੇਗਾ। 'ਬੁਲਡੋਜ਼ਰ ਜਸਟਿਸ' ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਰਾਜਸੀ ਪਾਰਟੀਆਂ ਅਤੇ ਸਰਕਾਰਾਂ ਲਈ ਲੋਕਾਂ ਨੂੰ ਬਿਨਾਂ ਦੇਰੀ ਇਨਸਾਫ਼ ਦੇਣ ਦੇ ਨਾਂ 'ਤੇ ਵਿਰੋਧੀਆਂ ਅਤੇ ਘੱਟ-ਗਿਣਤੀਆਂ ਨੂੰ ਡਰਾਉਣ-ਧਮਕਾਉਣ ਦੀ ਰਣਨੀਤੀ ਅਤੇ ਪ੍ਰਚਾਰ ਦਾ ਸਾਧਨ ਬਣ ਗਿਆ ਹੈ ਅਤੇ ਇਹ 'ਬੁਲਡੋਜ਼ਰ ਕਲਚਰ' ਬਣਦਾ ਜਾ ਰਿਹਾ ਹੈ ਜੋ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ।



ਮੋਹਨ ਸ਼ਰਮਾ

# ਸਰਕਾਰੀ ਤੰਤਰ ਵਿੱਚ ਦਲਾਲਾਂ ਦੀ ਘੁਸਪੈਠ

ਪ੍ਰਸਿੱਧ ਸ਼ਾਇਰ ਪ੍ਰੋਫ਼ੈਸਰ ਮੋਹਨ ਸਿੰਘ ਨੇ ਦੇਸ਼ ਵਿੱਚ ਗਰੀਬੀ ਅਮੀਰੀ ਦੇ ਪਾੜੇ ਦਾ ਜ਼ਿਕਰ ਇਨ੍ਹਾਂ ਕਾਵਿ-ਮਈ ਬੋਲਾਂ ਰਾਹੀਂ ਕੀਤਾ ਹੈ:

ਦੋ ਟੋਟਿਆਂ ਦੇ ਵਿੱਚ ਭੋਏਂ ਵੰਡੀ,
ਇੱਕ ਲੋਕਾਂ ਦੀ, ਇੱਕ ਜੋਕਾਂ ਦੀ।

ਇਨ੍ਹਾਂ ਸਤਰਾਂ ਵਿੱਚ ਸਿੱਧੇ ਤੌਰ 'ਤੇ ਗਰੀਬਾਂ, ਮਜ਼ਦੂਰਾਂ, ਲੋੜਵੰਦਾਂ ਅਤੇ ਕਿਰਤੀਆਂ ਦੇ ਹੱਕਾਂ 'ਤੇ ਡਾਕਾ ਮਾਰ ਕੇ ਸਰਮਾਏਦਾਰ ਕਹਾਉਣ ਵਾਲਿਆਂ ਨੂੰ 'ਜੋਕਾਂ' ਕਿਹਾ ਗਿਆ ਹੈ। ਭਾਵੇਂ ਉਨ੍ਹਾਂ ਨੇ ਇਹ ਕਾਵਿ-ਮਈ ਸ਼ਬਦ 1961 ਵਿੱਚ ਲਿਖੇ ਸਨ, ਪਰ ਇਹ ਲਹੂ ਪੀਣੀਆਂ ਜੋਕਾਂ ਦਾ ਘੇਰਾ ਪਹਿਲਾਂ ਨਾਲੋਂ ਵੀ ਵਿਸ਼ਾਲ ਹੋ ਗਿਆ ਹੈ। ਅਸਲੀ ਹੱਕਦਾਰਾਂ ਨੂੰ ਪਿੱਛੇ ਧੱਕ ਕੇ ਨਿਕੰਮੇ, ਲਾਪਰਵਾਹ, ਲਾਲਚੀ ਅਤੇ ਦੁਸ਼ਟ ਲੋਕਾਂ ਨੇ ਪੈਸੇ ਦੇ ਜ਼ੋਰ ਨਾਲ ਸਰਕਾਰੀ ਅਤੇ ਗੈਰ ਸਰਕਾਰੀ ਖ਼ੇਤਰਾਂ ਵਿੱਚ ਅਹਿਮ ਅਹੁਦੇ ਪ੍ਰਾਪਤ ਕੀਤੇ ਹੋਏ ਹਨ। ਅਹਿਮ ਅਹੁਦੇ, ਨਜਾਇਜ਼ ਕੰਮ ਅਤੇ ਕਈ ਵਾਰ ਇਨਸਾਫ਼ ਦੇ ਤਰਾਜੂ ਨੂੰ ਵੀ ਬੇਇਨਸਾਫ਼ੀ ਵਾਲੇ ਪਾਸੇ ਉਲਰਨ ਵਿੱਚ ਸਰਮਾਏਦਾਰਾਂ, ਸਰਕਾਰੀ ਤੰਤਰ ਵਿੱਚ ਬੈਠੇ ਉੱਚ ਅਧਿਕਾਰੀਆਂ ਅਤੇ ਸਿਆਸੀ ਲੋਕਾਂ ਦੇ ਦੱਲਿਆਂ ਨੇ ਅਹਿਮ ਭੂਮਿਕਾ ਨਿਭਾ ਕੇ ਜਿੱਥੇ ਸਮਾਜ ਨੂੰ ਖੋਖਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਉੱਥੇ ਹੀ ਵਿੱਦਿਅਕ, ਖੇਡਾਂ, ਕਲਾ ਅਤੇ ਹੋਰ ਖੇਤਰਾਂ ਵਿੱਚ ਮੱਲਾਂ ਮਾਰਨ ਵਾਲਿਆਂ ਦੀਆਂ ਪ੍ਰਾਪਤੀਆਂ ਨੂੰ ਖੂੰਜੇ ਲਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਭਲਾ ਜਦੋਂ ਇਨ੍ਹਾਂ ਦੱਲਿਆ ਰਾਹੀਂ ਮੋਟੀ ਰਕਮ ਖਰਚ ਕੇ ਅਯੋਗ ਉਮੀਦਵਾਰ ਚੰਗੀਆਂ ਪੋਸਟਾਂ ਪ੍ਰਾਪਤ ਕਰਦੇ ਹਨ, ਫ਼ਿਰ ਉਹਨਾਂ ਦੀ ਭਵਿੱਖ ਵਿੱਚ ਕਾਰਗੁਜ਼ਾਰੀ ਕਿਹੋ ਜਿਹੀ ਹੋਵੇਗੀ ? ਉਹ ਆਪਣੇ ਰਿਸ਼ਵਤ ਵਿੱਚ ਦਿੱਤੇ ਪੈਸੇ ਤੋਂ ਕਿਤੇ ਜ਼ਿਆਦਾ ਪੈਸਾ ਇਕੱਠਾ ਕਰਨ ਦੀ ਦੌੜ ਵਿੱਚ ਲੱਗੇ ਰਹਿਣਗੇ। ਦੂਜੇ ਪਾਸੇ ਜਿਹੜੇ ਅਸਲੀ ਹੱਕਦਾਰ ਆਪਣੇ ਹੱਕ ਤੋਂ ਵਾਂਝੇ ਰਹਿ ਗਏ, ਉਹ ਘੋਰ ਨਿਰਾਸ਼ਤਾ ਦਾ ਸ਼ਿਕਾਰ ਹੁੰਦਿਆਂ ਹਿੰਸਕ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਕੇ ਜਾਂ ਤਾਂ ਬਾਗੀ ਸੁਰ ਧਾਰਨ ਕਰਨਗੇ ਜਾਂ ਫ਼ਿਰ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਿਵਿਆਂ ਵੱਲ ਰੁਖ ਕਰਨਗੇ। ਅਜਿਹੇ ਘਿਨਾਉਣੇ ਵਰਤਾਰੇ ਵਿੱਚ ਸਮਾਜ, ਪ੍ਰਾਂਤ ਅਤੇ ਦੇਸ਼ ਦੀ ਖੁਸ਼ਹਾਲੀ ਉੱਤੇ ਪ੍ਰਸ਼ਨ ਚਿੰਨ੍ਹ ਲੱਗਣਾ ਹੀ ਹੈ।



ਸਾਲ 2015 ਤੋਂ 2017 ਦੇ ਅੱਧ ਤੱਕ ਜਿੰਨੀਆਂ ਵੀ ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀਆਂ ਦੇ ਇਸ਼ਤਿਹਾਰ ਨਿਕਲੇ, ਉਹਨਾਂ ਇਸ਼ਤਿਹਾਰਾਂ ਉੱਤੇ ਉੱਤਰ ਪ੍ਰਦੇਸ਼ ਨਾਲ ਸੰਬੰਧਿਤ ਲਖਨਊ ਦੇ ਸੰਜੇ ਕਪੂਰ ਸ੍ਰੀ ਵਾਸਤਵ ਉਰਫ਼ ਗੁਰੂ ਦੀ ਤਿਰਛੀ ਨਜ਼ਰ ਪਈ ਅਤੇ ਉਸਨੇ ਮਾਇਆ ਦਾ ਅਜਿਹਾ ਜਾਲ ਕੁਝ ਅਧਿਕਾਰੀਆਂ, ਕਰਮਚਾਰੀਆਂ ਵੱਲ ਸੁੱਟਿਆ ਕਿ ਉਹ ਉਸ ਜਾਲ ਵਿੱਚ ਫ਼ਸ ਗਏ। ਉਮੀਦਵਾਰਾਂ ਦੀ ਯੋਗਤਾ ਪਰਖਣ ਲਈ ਲਿਖਤੀ ਇਮਤਿਹਾਨ ਦੇ ਜਿੱਥੋਂ ਪ੍ਰਸ਼ਨ ਪੱਤਰ ਛਪਦੇ ਸਨ, ਉਹਨਾਂ ਦਾ ਥਹੁ ਟਿਕਾਣਾ ਇਸ ਚਲਾਕ ਦੱਲੇ ਨੇ ਪ੍ਰਾਪਤ ਕਰਕੇ ਫ਼ਿਰ ਪ੍ਰਿੰਟਿੰਗ ਪ੍ਰੈੱਸ ਵਾਲਿਆਂ ਨਾਲ ਵੀ ਪੈਸੇ ਦੇ ਜ਼ੋਰ ਨਾਲ ਗੰਢ ਤੁਪ ਕਰਨ ਉਪਰੰਤ ਪ੍ਰੀਖਿਆ ਤੋਂ ਪਹਿਲਾਂ ਹੀ ਪ੍ਰਸ਼ਨ ਪੱਤਰ ਪ੍ਰਾਪਤ ਕਰ ਲਿਆ। ਇਸ ਦੱਲੇ ਨੇ ਅਗਾਂਹ ਹੋਰ ਦੱਲਿਆਂ ਰਾਹੀਂ ਉਮੀਦਵਾਰਾਂ ਨਾਲ ਸੰਪਰਕ ਕਰਕੇ 10 ਲੱਖ ਤੋਂ 50 ਲੱਖ ਤਕ ਪ੍ਰਤੀ ਉਮੀਦਵਾਰ ਪ੍ਰਾਪਤ ਕਰਕੇ ਉਹਨਾਂ ਨੂੰ ਲਖਨਊ ਬੁਲਾ ਕੇ 'ਇੱਕ ਦਿਨ ਦੀ ਟ੍ਰੇਨਿੰਗ' ਦੇਣ ਉਪਰੰਤ ਅਗਲੇ ਦਿਨ ਪੰਜਾਬ ਦੇ ਵੱਖ-ਵੱਖ ਥਾਂਵਾਂ 'ਤੇ ਬਣੇ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦੇਣ ਲਈ ਭੇਜ ਦਿੱਤਾ। ਇੰਝ ਦੱਲਿਆਂ ਨੇ ਜਿੱਥੇ ਕਰੋੜਾਂ ਰੁਪਏ ਇਕੱਠੇ ਕੀਤੇ, ਉੱਥੇ ਹੀ ਪ੍ਰਬੰਧਕੀ ਖੇਤਰ ਵਿੱਚ ਸੰਨ੍ਹ ਲਾ ਕੇ ਅਯੋਗ ਉਮੀਦਵਾਰਾਂ ਨੂੰ ਨੌਕਰੀਆਂ ਦਿਵਾਉਣ ਵਿੱਚ ਵੀ ਸਫ਼ਲ ਹੋਏ। ਮਈ 2017 ਵਿੱਚ ਜਦੋਂ ਇਸ ਦੱਲੇ ਨੂੰ ਫ਼ੜਿਆ ਗਿਆ ਤਦ ਹੀ ਵਿਜਲੈਂਸ ਵਿਭਾਗ ਨੂੰ ਉਸਦੇ ਬੁਣੇ ਗਏ ਇਸ ਜਾਲ ਸਬੰਧੀ ਪਤਾ ਲੱਗਿਆ। ਉਨ੍ਹਾਂ ਦਿਨਾਂ ਵਿੱਚ ਹੀ ਹਰਿਆਣੇ ਦੇ ਰਹਿਣ ਵਾਲੇ ਮੁਸ਼ਤਾਕ ਅਹਿਮਦ ਨਾਂ ਦੇ ਦੱਲੇ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰੀ ਦੇ ਸਮੇਂ ਜਦੋਂ ਉਸਦਾ ਮੋਬਾਇਲ ਚਾਲੂ ਕੀਤਾ ਗਿਆ ਤਾਂ ਜਿਹੜੇ ਉਮੀਦਵਾਰਾਂ ਨਾਲ ਉਸਨੇ ਸੌਦਾ ਤੈਅ ਕੀਤਾ ਹੋਇਆ ਸੀ, ਉਨ੍ਹਾਂ ਦੇ ਧੜਾਂ ਧੜ ਫ਼ੋਨ ਆਉਣੇ ਸ਼ੁਰੂ ਹੋ ਗਏ ਸਨ। ਉਹ ਮੁਸ਼ਤਾਕ ਅਹਿਮਦ ਤੋਂ ਪ੍ਰੀਖਿਆ ਵਿੱਚ ਬੈਠਣ ਤੋਂ ਪਹਿਲਾਂ ਪ੍ਰਸ਼ਨ ਪੱਤਰ ਸਬੰਧੀ ਪੁੱਛ ਰਹੇ ਸਨ।

ਇੰਝ ਹੀ ਸਾਲ 2002 ਵਿੱਚ ਦੱਲਿਆਂ ਨੇ ਪੰਜਾਬ ਸਰਵਿਸ ਕਮਿਸ਼ਨ ਵਿੱਚ ਵੀ ਘੁਸਪੈਠ ਕਰਕੇ ਉਸ ਸਮੇਂ ਦੇ ਚੇਅਰਮੈਨ ਰਵੀ ਸਿੱਧੂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉੱਚੇ ਅਹੁਦਿਆਂ ਦੀ ਨਿਲਾਮੀ ਲਾ ਦਿੱਤੀ ਸੀ। ਇਹ ਭਾਂਡਾ ਉਦੋਂ ਭੰਨ ਹੋਇਆ ਜਦੋਂ ਰਵੀ ਸਿੱਧੂ ਨੂੰ ਪੰਜਾਬ ਵਿਜੀਲੈਂਸ ਵਿਭਾਗ ਨੇ ਕਾਬੂ ਕੀਤਾ ਅਤੇ ਉਸਦੇ ਲਾਕਰਾਂ ਵਿੱਚੋਂ ਅੱਠ ਕਰੋੜ ਦੀ ਰਾਸ਼ੀ ਬਰਾਮਦ ਹੋਈ ਸੀ। ਦੱਲਿਆ ਰਾਹੀਂ ਪੈਸੇ ਦੇ ਜ਼ੋਰ ਨਾਲ ਅਹਿਮ ਨਿਯੁਕਤੀਆਂ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਨੇ ਨੌਕਰੀਆਂ ਤੋਂ ਵਾਂਝੇ ਵੀ ਕਰ ਦਿੱਤਾ ਸੀ।

ਜੂਨ 2025 ਵਿੱਚ ਪੰਜਾਬ ਦੀ ਇੱਕ ਸਬ ਡਵੀਜ਼ਨ ਨਾਲ ਸੰਬੰਧਿਤ ਐੱਸ.ਡੀ.ਐੱਮ. ਦੇ ਸਟੈਨੋ ਦੀ ਅਲਮਾਰੀ ਵਿੱਚੋਂ ਵਿਜੀਲੈਂਸ ਵਿਭਾਗ ਨੇ 24.06 ਲੱਖ ਦੀ ਰਾਸ਼ੀ ਬਰਾਮਦ ਕੀਤੀ ਸੀ। ਬਹੁਤ ਸਾਰੇ ਅਜਿਹੇ ਕੇਸ ਸਾਹਮਣੇ ਆ ਰਹੇ ਹਨ ਜਿੱਥੇ ਕਈ ਅਧਿਕਾਰੀਆਂ ਦੇ ਪੀ.ਏ. ਜਾਂ ਸਟੈਨੋ ਦੱਲੇ ਦਾ ਕੰਮ ਕਰਕੇ ਅਫ਼ਸਰਾਂ ਨੂੰ ਰਿਸ਼ਵਤਾਂ ਪਹੁੰਚਾਉਂਦੇ ਹਨ। ਦਰਅਸਲ ਜੇ ਪੰਜਾਬ ਬਹੁ-ਪੱਖੀ ਅਤੇ ਬਹੁ-ਪਰਤੀ ਸਮੱਸਿਆਵਾਂ ਵਿੱਚ ਘਿਰ ਕੇ ਰੰਗਲਾ ਪੰਜਾਬ ਦੀ ਥਾਂ 'ਵਿਚਾਰਾ ਪੰਜਾਬ' ਬਣ ਗਿਆ ਹੈ ਤਾਂ ਮੁੱਖ ਕਾਰਨਾਂ ਵਿੱਚੋਂ ਇੱਕ ਭ੍ਰਿਸ਼ਟ ਰਾਜ ਤੰਤਰ ਦਾ ਹੋਣਾ ਹੈ। ਦਰਅਸਲ ਬਹੁਤ ਸਾਰੇ ਰਾਜਨੀਤਕ ਆਗੂ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵਿੱਚ ਬੈਠੀਆਂ ਕਾਲੀਆਂ ਭੇਡਾਂ ਨੇ ਜਿੱਥੇ ਲੋਕਤੰਤਰ ਦੀ ਸੰਘੀ ਨੱਪੀ ਹੋਈ ਹੈ, ਉੱਥੇ ਹੀ ਹੱਕਦਾਰ ਲੋਕਾਂ ਦਾ ਖ਼ੂਨ ਚੂਸ ਕੇ ਉਹਨਾਂ ਦੀਆਂ ਦੁਰਅਸੀਸਾਂ ਦੇ ਭਾਗੀ ਵੀ ਬਣੇ ਹਨ। ਅਜਿਹੀਆਂ ਦੁਰ ਅਸੀਸਾਂ ਦਾ ਝੰਬਿਆ ਹੋਇਆ ਅਧਿਕਾਰੀ ਜਾਂ ਰਾਜਨੀਤਕ ਆਗੂ ਬਹੁਤ ਵਾਰ ਨਾਇਕ ਤੋਂ ਖਲਨਾਇਕ ਬਣ ਕੇ ਨਰਕ ਭਰੀ ਜ਼ਿੰਦਗੀ ਬਤੀਤ ਕਰਦਾ ਹੈ।

16 ਅਕਤੂਬਰ 2025 ਨੂੰ ਕ੍ਰਿਸ਼ਾਨੂੰ ਸ਼ਾਰਦਾ ਨਾਂ ਦਾ ਦੱਲਾ ਸੀ.ਬੀ.ਆਈ. ਦੇ ਸ਼ਿਕੰਜੇ ਵਿੱਚ ਆਇਆ ਹੈ, ਜਿਸਦੇ ਘਰੋਂ ਤਲਾਸ਼ੀ ਲੈਣ ਤੇ 21 ਲੱਖ ਨਕਦ, ਡੇਢ ਕਿਲੋ ਚਾਂਦੀ ਅਤੇ ਉਸਦੀ ਪਤਨੀ ਦੇ ਬੈਂਕ ਖਾਤੇ ਵਿੱਚ 1.20 ਕਰੋੜ ਰੁਪਏ ਜਮ੍ਹਾਂ ਹੋਣ ਦਾ ਪਤਾ ਲੱਗਿਆ ਹੈ। ਗੋਬਿੰਦਗੜ੍ਹ ਮੰਡੀ ਦੇ ਸਕਰੈਪ ਡੀਲਰ ਆਕਾਸ਼ ਬੱਤਾ ਤੋਂ ਰੋਪੜ ਰੇਂਜ ਦੇ ਡੀ.ਆਈ.ਜੀ. ਲਈ ਦੱਲੇ ਵਜੋਂ 8 ਲੱਖ ਦੀ ਰਿਸ਼ਵਤ ਮੰਗਣ ਸਮੇਂ ਪੰਜ ਲੱਖ ਦੀ ਰਾਸ਼ੀ ਆਕਾਸ਼ ਬੱਤਾ ਵੱਲੋਂ ਦਿੰਦਿਆਂ ਡੀ ਆਈ ਜੀ ਹਰਚਰਨ ਭੁੱਲਰ ਅਤੇ ਦੱਲਾ ਕ੍ਰਿਸ਼ਾਨੂੰ ਸ਼ਾਰਦਾ ਸੀ.ਬੀ.ਆਈ. ਨੇ ਰੰਗੇ ਹੱਥੀਂ ਫ਼ੜ ਲਏ ਹਨ। ਕ੍ਰਿਸ਼ਾਨੂੰ ਸ਼ਾਰਦਾ ਤੋਂ ਪੁੱਛਗਿੱਛ ਉਪਰੰਤ ਜੋ ਕੁਝ ਸਾਹਮਣੇ ਆਇਆ ਹੈ, ਉਹ ਸਾਨੂੰ ਸਭ ਨੂੰ ਸੁੰਨ ਕਰਨ ਵਾਲਾ ਹੈ।

(ਬਾਕੀ ਸਫ਼ਾ 27 'ਤੇ)

# ਜਿੰਦ ਮਾਹੀ! ਚੱਲ ਚੱਲੀਏ ਸ਼ਹਿਰ ਮੋਹਾਲੀ...

## ਮੋਹਾਲੀ ਦੇਸ਼-ਵਿਦੇਸ਼ 'ਚ ਵਸਦੇ ਪੰਜਾਬੀਆਂ ਦੀ ਪਹਿਲੀ ਪਸੰਦ






## ਹੋਰਨਾਂ ਸ਼ਹਿਰਾਂ ਦੇ ਮੁਕਾਬਲੇ ਮੋਹਾਲੀ 'ਚ ਕਾਫ਼ੀ ਵਧੇਰੇ ਹਨ ਜ਼ਮੀਨ-ਜਾਇਦਾਦ ਦੀਆਂ ਕੀਮਤਾਂ

**ਚੰਡੀਗੜ੍ਹ ਜੇ ਪੰਜਾਬ ਦੀ ਰਾਜਧਾਨੀ ਹੈ ਤਾਂ ਮੋਹਾਲੀ ਸ਼ਹਿਰ ਪੰਜਾਬ ਦੀ ਅਣਐਲਾਨੀ ਰਾਜਧਾਨੀ ਹੈ। ਇਸ ਨੂੰ ਪੰਜਾਬ ਦੀ 'ਮਿੰਨੀ ਰਾਜਧਾਨੀ' ਵੀ ਕਿਹਾ ਜਾਂਦਾ ਹੈ। ਪੰਜਾਬ ਸਰਕਾਰ ਦੇ ਵੱਡੀ ਗਿਣਤੀ ਸਰਕਾਰੀ ਦਫ਼ਤਰ ਚੰਡੀਗੜ੍ਹ ਤੋਂ ਮੋਹਾਲੀ ਤਬਦੀਲ ਹੋ ਚੁੱਕੇ ਹਨ। ਮੋਹਾਲੀ ਸ਼ਹਿਰ ਦੀ ਬਣਤਰ ਚੰਡੀਗੜ੍ਹ ਨਾਲ ਕਾਫ਼ੀ ਮਿਲਦੀ ਜੁਲਦੀ ਹੈ, ਜਿਸ ਕਾਰਨ ਅਕਸਰ ਦੂਜੇ ਸ਼ਹਿਰਾਂ ਦੇ ਲੋਕਾਂ ਨੂੰ ਚੰਡੀਗੜ੍ਹ ਅਤੇ ਮੋਹਾਲੀ ਸ਼ਹਿਰ ਦੇ ਕਈ ਇਲਾਕਿਆਂ ਦਾ ਭੁਲੇਖਾ ਪੈ ਜਾਂਦਾ ਹੈ। ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਕਾਰਨ ਮੋਹਾਲੀ ਪੂਰੀ ਦੁਨੀਆ 'ਚ ਪ੍ਰਸਿੱਧ ਹੈ।**



ਚੰਡੀਗੜ੍ਹ ਦੀ ਤਰਜ਼ 'ਤੇ ਵਸਾਏ ਗਏ ਸ਼ਹਿਰ ਐਸ.ਏ.ਐਸ.ਨਗਰ ਮੋਹਾਲੀ ਨੂੰ ਇਹ ਮਾਣ ਹਾਸਿਲ ਹੈ ਕਿ ਇਹ ਸ਼ਹਿਰ ਦੇਸ਼-ਵਿਦੇਸ਼ 'ਚ ਵਸਦੇ ਪੰਜਾਬੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਸ ਸ਼ਹਿਰ ਵਿੱਚ ਪੰਜਾਬ ਦੇ ਹੋਰਨਾਂ ਸ਼ਹਿਰਾਂ ਨਾਲੋਂ ਪਲਾਟਾਂ, ਦੁਕਾਨਾਂ, ਸ਼ੋਅਰੂਮਾਂ, ਮਕਾਨਾਂ, ਫਲੈਟਾਂ ਅਤੇ ਕੋਠੀਆਂ ਦੀਆਂ ਕੀਮਤਾਂ ਵਧੇਰੇ ਹੋਣ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀ ਮੋਹਾਲੀ ਸ਼ਹਿਰ ਵਿੱਚ ਅਤੇ ਇਸ ਦੇ ਨੇੜੇ ਤੇੜੇ ਦੇ ਇਲਾਕੇ ਵਿੱਚ ਰਿਹਾਇਸ਼ ਰੱਖਣ ਨੂੰ ਤਰਜੀਹ ਦੇ ਰਹੇ ਹਨ।

ਇਹੀ ਕਾਰਨ ਹੈ ਕਿ ਇਹ ਸ਼ਹਿਰ ਦੂਰ-ਦੂਰ ਤੱਕ ਫੈਲ ਗਿਆ ਹੈ ਅਤੇ ਸੋਹਾਣਾ, ਕੁੰਭੜਾ, ਮਟੌਰ ਵਰਗੇ ਕਈ ਪਿੰਡਾਂ ਨੂੰ ਆਪਣੇ ਕਲਾਵੇ ਵਿੱਚ ਲੈ ਚੁੱਕਿਆ ਹੈ। ਐਨ. ਆਰ. ਆਈ. ਪੰਜਾਬੀਆਂ ਅਤੇ ਭਾਰਤ ਦੇ ਹੋਰਨਾਂ ਸੂਬਿਆਂ ਦੇ ਵਿੱਚ ਰਹਿੰਦੇ ਪੰਜਾਬੀਆਂ ਲਈ ਵੀ ਮੋਹਾਲੀ ਸ਼ਹਿਰ ਪਹਿਲੀ ਪਸੰਦ ਹੈ, ਉਹ ਵੀ ਮੋਹਾਲੀ ਵਿੱਚ ਮਕਾਨ ਬਣਾਉਣ ਦੀ ਇੱਛਾ ਰੱਖਦੇ ਹਨ।

ਮੋਹਾਲੀ ਦੇ ਫੇਜ਼ 8 ਵਿੱਚ ਗੁਰਦੂਆਰਾ ਅੰਬ ਸਾਹਿਬ ਵੀ ਸਥਿਤ ਹੈ। ਇਸ ਤੋਂ ਇਲਾਵਾ ਮੋਹਾਲੀ ਵਿੱਚ ਹੋਰ ਵੀ ਅਨੇਕਾਂ ਪ੍ਰਸਿੱਧ ਧਾਰਮਿਕ ਸਥਾਨ ਹਨ। ਜਿਨ੍ਹਾਂ ਦੇ ਦਰਸ਼ਨ ਕਰਨ ਲਈ ਦੂਰ ਦੂਰ ਤੋਂ ਸ਼ਰਧਾਲੂ ਹਰ ਦਿਨ ਆਉਂਦੇ ਰਹਿੰਦੇ ਹਨ। ਮੋਹਾਲੀ ਦੇ ਹਰ ਇਲਾਕੇ ਵਿੱਚ ਬਣੇ ਖੂਬਸੂਰਤ ਪਾਰਕ, ਪਾਰਕਾਂ ਵਿੱਚ ਲੱਗੇ ਵੱਖ -ਵੱਖ ਕਿਸਮਾਂ ਦੇ ਦਰਖ਼ਤ ਅਤੇ ਫੁੱਲ ਪੌਦੇ, ਪਾਰਕਾਂ ਵਿੱਚ ਲੱਗੇ ਫੁਹਾਰੇ, ਓਪਨ ਜਿਮ, ਸੈਰ ਕਰਨ ਲਈ ਬਣੇ ਟਰੈਕ, ਰੰਗ ਬਿਰੰਗੀਆਂ ਲਾਈਟਾਂ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਇਸ ਸ਼ਹਿਰ ਦੀਆਂ ਸੁੰਦਰ ਬਿਲਡਿੰਗਾਂ ਦੀ ਖੂਬਸੂਰਤੀ ਸਭ ਨੂੰ ਖਿੱਚ ਪਾਉਂਦੀ ਹੈ। ਨਗਰ ਨਿਗਮ ਮੋਹਾਲੀ, ਪੁੱਡਾ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵਾਕ ਅਤੇ ਹੋਰ ਅਦਾਰਿਆਂ ਤੇ ਕੰਪਨੀਆਂ ਦੀਆਂ ਆਲੀਸ਼ਾਨ ਬਿਲਡਿੰਗਾਂ ਵੇਖਣ ਵਾਲੇ ਦਾ ਮਨ ਮੋਹ ਲੈਂਦੀਆਂ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਖੂਬਸੂਰਤ ਬਿਲਡਿੰਗਾਂ ਮੋਹਾਲੀ ਸ਼ਹਿਰ ਵਿੱਚ ਹਨ। ਮੋਹਾਲੀ ਦੀਆਂ ਵੱਖ- ਵੱਖ ਮਾਰਕੀਟਾਂ ਵਿੱਚ ਦਿਨ ਰਾਤ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਉਥੇ ਹਰ ਦਿਨ ਖਾਸ ਕਰਕੇ ਸ਼ਾਮ ਦੇ ਸਮੇਂ ਮੇਲੇ ਵਰਗਾ ਮਾਹੌਲ ਹੁੰਦਾ ਹੈ। ਮੋਹਾਲੀ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਵਿਚਾਲੇ ਅਤੇ ਕਿਨਾਰਿਆਂ 'ਤੇ ਲੱਗੇ ਵੱਖ-ਵੱਖ ਕਿਸਮਾਂ ਦੇ ਦਰਖ਼ਤ ਜਿਥੇ ਸ਼ਹਿਰ ਵਾਸੀਆਂ ਨੂੰ ਤਾਜ਼ੀ ਹਵਾ ਦਿੰਦੇ ਹਨ, ਉਥੇ ਉਹ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਕਰਦੇ ਹਨ। ਮੋਹਾਲੀ ਸ਼ਹਿਰ ਵਿੱਚ ਦਰਖ਼ਤਾਂ ਦੀ ਬਹੁਤਾਤ ਕਾਰਨ ਅਕਸਰ ਸ਼ਹਿਰ ਵਾਸੀਆਂ ਨੂੰ ਤਾਜ਼ੀ ਹਵਾ ਮਿਲਦੀ ਹੈ। ਵੱਖ-ਵੱਖ ਕਿਸਮਾਂ ਦੇ ਦਰਖਤਾਂ ਨੂੰ ਵੱਖ ਵੱਖ ਕਿਸਮ ਦੇ ਫੁੱਲ ਅਤੇ ਪੱਤੇ ਲੱਗਦੇ ਹਨ, ਜੋ ਕਿ ਸ਼ਹਿਰ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ। ਵੱਖ- ਵੱਖ ਕਿਸਮਾਂ ਦੇ ਦਰਖਤਾਂ 'ਤੇ ਵੱਖ ਵੱਖ ਮੌਸਮਾਂ ਵਿੱਚ ਬਹਾਰ ਆਉਂਦੀ ਹੈ। ਵੱਖ- ਵੱਖ ਕਿਸਮ ਦੇ ਮੌਸਮ ਦੌਰਾਨ ਬਹਾਰ ਆਉਣ 'ਤੇ ਇਹ ਰੁੱਖ ਬਹੁਤ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ।

ਮੋਹਾਲੀ ਸ਼ਹਿਰ ਦੇ ਫੇਜ਼ 11 ਦੇ ਨੇੜੇ ਜਦੋਂ ਐਰੋ ਸਿਟੀ ਵਸਾਈ ਗਈ ਸੀ ਤਾਂ ਐਨ. ਆਰ. ਆਈ. ਪੰਜਾਬੀਆਂ ਸਮੇਤ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਥੇ ਪਲਾਟ ਲਏ ਸਨ ਤੇ ਕੋਠੀਆਂ ਬਣਾਈਆਂ ਸਨ। ਇਸ ਤੋਂ ਇਲਾਵਾ ਫੇਜ਼ 11 ਅਤੇ ਹੋਰ ਇਲਾਕਿਆਂ ਵਿੱਚ ਕੁਆਟਰਾਂ ਵਿੱਚ ਰਹਿਣ ਵਾਲੇ ਵੱਡੀ ਗਿਣਤੀ ਲੋਕਾਂ ਨੇ ਆਪਣੇ ਫਲੈਟ ਵੇਚ ਕੇ ਐਰੋ ਸਿਟੀ ਵਿੱਚ ਕੋਠੀਆਂ ਬਣਾ ਲਈਆਂ ਸਨ ਪਰ ਐਰੋ ਸਿਟੀ ਦੇ ਅਜੇ ਤੱਕ ਪੂਰੀ ਤਰ੍ਹਾਂ ਵਿਕਸਤ ਨਾ ਹੋਣ ਕਾਰਨ, ਟ੍ਰੈਫ਼ਿਕ ਸਮੱਸਿਆ ਹੋਣ ਅਤੇ ਸ਼ਹਿਰ ਦੇ ਅੰਦਰੂਨੀ ਇਲਾਕਿਆਂ ਵਰਗੀਆਂ ਸਹੂਲਤਾਂ ਨਾ ਮਿਲਣ ਕਾਰਨ ਅਨੇਕਾਂ ਲੋਕ ਐਰੋ ਸਿਟੀ ਵਿਚੋਂ ਕੋਠੀਆਂ ਵੇਚ ਕੇ ਮੁੜ ਕੁਆਟਰਾਂ ਵਿੱਚ ਰਹਿਣ ਲੱਗ ਪਏ ਹਨ।



ਮੋਹਾਲੀ ਸ਼ਹਿਰ ਵਿੱਚ ਭਾਵੇਂ ਅਜੇ ਵੀ ਫੇਜ਼ਾਂ ਅਤੇ ਸੈਕਟਰਾਂ ਦਾ ਭੰਬਲਭੂਸਾ ਰਹਿੰਦਾ ਹੈ, ਪਰ ਲੋਕ ਫਿਰ ਵੀ ਇਸ ਸ਼ਹਿਰ ਨੂੰ ਪਸੰਦ ਕਰਦੇ ਹਨ। ਆਮ ਲੋਕਾਂ ਵੱਲੋਂ ਫੇਜ਼ 1 ਤੋਂ ਲੈ ਕੇ ਫੇਜ਼ 11 ਤੱਕ ਦੇ ਇਲਾਕੇ ਨੂੰ ਫੇਜ਼ ਹੀ ਕਿਹਾ ਜਾਂਦਾ ਹੈ ਜਦੋਂ ਕਿ ਹੋਰਨਾਂ ਇਲਾਕਿਆਂ ਨੂੰ ਸੈਕਟਰ ਕਿਹਾ ਜਾਂਦਾ ਹੈ।

ਸ਼ਹਿਰ ਵਿੱਚ ਭੀੜ ਭੜੱਕਾ ਵੀ ਲਗਾਤਾਰ ਵਧ ਰਿਹਾ ਹੈ ਅਤੇ ਵਾਹਨਾਂ ਦੀ ਗਿਣਤੀ ਵੀ ਵੱਧ ਰਹੀ ਹੈ, ਜਿਸ ਕਾਰਨ ਅਕਸਰ ਕਈ ਇਲਾਕਿਆਂ ਵਿੱਚ ਆਵਾਜਾਈ ਦੀ ਸਮੱਸਿਆ ਵੀ ਪੈਦਾ ਹੋ ਜਾਂਦੀ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਚੰਡੀਗੜ੍ਹ ਦੇ ਪੰਜਾਬ ਦੀ ਰਾਜਧਾਨੀ ਹੋਣ ਦੇ ਬਾਵਜੂਦ ਪੰਜਾਬ, ਦੇਸ਼ ਤੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਮੁਹਾਲੀ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਸਰਕਾਰ ਦੇ ਵੀ ਕਈ ਮੁੱਖ ਦਫ਼ਤਰ ਹੁਣ ਚੰਡੀਗੜ੍ਹ ਤੋਂ ਮੁਹਾਲੀ ਵਿੱਚ ਤਬਦੀਲ ਹੋ ਗਏ ਹਨ। ਰਿਟਾਇਰਡ ਲੋਕਾਂ ਲਈ ਵੀ ਮੋਹਾਲੀ ਸ਼ਹਿਰ ਚੰਗੀ ਥਾਂ ਸਮਝਿਆ ਜਾ ਰਿਹਾ ਹੈ।

ਦੋ ਦਹਾਕੇ ਪਹਿਲਾਂ ਤੱਕ ਪੰਜਾਬੀਆਂ ਦੀ ਪਸੰਦ ਚੰਡੀਗੜ੍ਹ ਹੁੰਦਾ ਸੀ ਪਰ ਚੰਡੀਗੜ੍ਹ ਬਾਰੇ ਪੰਜਾਬ ਅਤੇ ਹਰਿਆਣਾ ਵਿੱਚ ਕੋਈ ਫੈਸਲਾ ਨਾ ਹੋਣ ਕਾਰਨ ਪੰਜਾਬੀਆਂ ਦਾ ਮੋਹ ਮੋਹਾਲੀ ਨਾਲ ਪੈ ਗਿਆ। ਪੰਜਾਬ ਦੇ ਹੋਰਨਾਂ ਸ਼ਹਿਰਾਂ ਤੋਂ ਜਿਹੜੇ ਲੋਕ ਮੋਹਾਲੀ ਵਿੱਚ ਕਿਸੇ ਕੰਮ ਧੰਦੇ, ਜਾਂ ਨੌਕਰੀ ਕਰਨ ਲਈ ਆਉਂਦੇ ਹਨ ਤਾਂ ਉਹਨਾਂ ਨੂੰ ਮੋਹਾਲੀ ਸ਼ਹਿਰ ਬਹੁਤ ਸੁੰਦਰ ਲੱਗਦਾ ਹੈ। ਮੋਹਾਲੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੋਰ ਸਰਕਾਰੀ ਦਫ਼ਤਰ ਹੋਣ ਕਾਰਨ ਅਕਸਰ ਦੂਜੇ ਇਲਾਕਿਆਂ ਦੇ ਪੰਜਾਬੀ ਅਤੇ ਉਹਨਾਂ ਦੇ ਬੱਚੇ ਮੋਹਾਲੀ ਆਉਂਦੇ ਹਨ, ਜਦੋਂ ਇਹ ਬੱਚੇ ਮੋਹਾਲੀ ਸ਼ਹਿਰ ਦੀ ਸੁੰਦਰਤਾ ਦੇਖਦੇ ਹਨ ਤਾਂ ਉਹ ਵੀ ਜਿੱਦ ਕਰਦੇ ਹਨ ਕਿ ਮਾਪੇ ਉਹਨਾਂ ਨੂੰ ਮੋਹਾਲੀ ਵਿੱਚ ਮਕਾਨ ਲੈ ਕੇ ਦੇਣ ਅਤੇ ਮਾਪੇ ਕਹਿ ਦਿੰਦੇ ਹਨ ਕਿ ਚੰਗੀ ਪੜ੍ਹਾਈ ਕਰਕੇ ਬੱਚੇ ਖੁਦ ਹੀ ਮੋਹਾਲੀ ਵਿੱਚ ਮਕਾਨ ਬਣਾ ਲੈਣ। ਇਸ ਤਰ੍ਹਾਂ ਕਈ ਬੱਚਿਆਂ ਵਿੱਚ ਬਚਪਨ ਵਿੱਚ ਹੀ ਮੋਹਾਲੀ ਵਿੱਚ ਮਕਾਨ ਲੈਣ ਜਾਂ ਰਹਿਣ ਦੀ ਇੱਛਾ ਪੈਦਾ ਹੋ ਜਾਂਦੀ ਹੈ। ਪੰਜਾਬ ਦੇ ਅਨੇਕਾਂ ਇਲਾਕਿਆਂ ਦੇ ਵੱਡੀ ਗਿਣਤੀ ਬੱਚੇ ਮੋਹਾਲੀ ਦੇ ਵੱਖ- ਵੱਖ ਸਿੱਖਿਆ ਸੰਸਥਾਨਾਂ ਵਿੱਚ ਪੜ੍ਹਾਈ ਵੀ ਕਰਦੇ ਹਨ ਅਤੇ ਅਨੇਕਾਂ ਨੌਜਵਾਨ ਦੂਜੇ ਸ਼ਹਿਰਾਂ ਵਿਚੋਂ ਆ ਕੇ ਮੋਹਾਲੀ ਦੇ ਵੱਖ- ਵੱਖ ਅਦਾਰਿਆਂ ਵਿੱਚ ਨੌਕਰੀਆਂ ਵੀ ਕਰਦੇ ਹਨ। ਜਿਸ ਤਰੀਕੇ ਨਾਲ ਮੋਹਾਲੀ ਸ਼ਹਿਰ ਹਰ ਪੱਖੋਂ ਵਿਕਸਤ ਹੋ ਰਿਹਾ ਹੈ, ਉਸ ਨਾਲ ਮੋਹਾਲੀ ਸ਼ਹਿਰ ਦੇ ਹੋਰ ਵੀ ਤਰੱਕੀ ਕਰਨ ਦੀ ਸੰਭਾਵਨਾ ਹੈ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਸਿਹਤ ਸੰਭਾਲ

## ਕੁਦਰਤੀ ਦਵਾਈ ਸਵੇਰ ਦੀ ਸੈਰ

ਡਾ. ਬਿਕਰਮਜੀਤ ਸਿੰਘ ਪੁਰਬਾ





ਕੁਦਰਤੀ 'ਦਵਾਈ ਸਵੇਰ ਦੀ ਸੈਰ' ਹੈ, ਜਿਸ 'ਤੇ ਕੋਈ ਟੈਕਸ ਨਹੀਂ ਲਗਦਾ। ਇਸ ਦਾ ਆਨੰਦ ਉਹੀ ਲੈ ਸਕਦਾ ਹੈ, ਜਿਸ ਨੂੰ ਕੁਦਰਤ ਦੀਆਂ ਨਿਆਮਤਾਂ ਬਾਰੇ ਪਤਾ ਹੈ, ਜੋ ਅੰਦਰੋਂ ਜੁੜਿਆ ਹੋਵੇ। ਮਹਿਜ਼ ਇੱਕ ਦਿਨ ਤੁਰ ਕੇ ਲਾਹਾ ਭਾਲਣ ਵਾਲੇ ਲੋਕ ਸੈਰ ਦੇ ਸਹੀ ਅਰਥਾਂ ਤੋਂ ਅਨਜਾਣ ਹਨ। ਸੈਰ ਦਾ ਭਾਵ ਹੈ ਤੁਰਨਾ, ਭਾਵੇਂ ਘਰ ਦੀ ਛੱਤ 'ਤੇ ਤੁਰੋ ਜਾਂ ਪਾਰਕ ਵਿੱਚ ਤੁਰ ਸਕਦੇ ਹੋ। ਸਵੇਰ ਵੇਲੇ ਵਾਤਾਵਰਣ ਸ਼ਾਂਤ ਹੁੰਦਾ ਹੈ। ਸੈਰ ਕਰਨ ਨਾਲ ਸਰੀਰ ਨੂੰ ਤਾਜ਼ਗੀ ਮਹਿਸੂਸ ਹੁੰਦੀ ਹੈ, ਕਿਉਂਕਿ ਤਾਜ਼ੀ ਹਵਾ ਵਿੱਚ ਆਕਸੀਜਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਜ਼ਿੰਦਗੀ ਜਿਊਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ, ਜੋ ਸਵੇਰ ਦੀ ਸੈਰ ਕਰ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਵੇਂ ਰੇਗਮਾਰ ਨਾਲ ਲੋਹੇ 'ਤੇ ਲੱਗੇ ਜੰਗਾਲ ਨੂੰ ਲਾਹਿਆ ਜਾਂਦਾ ਹੈ, ਉਸੇ ਤਰ੍ਹਾਂ ਸਵੇਰ ਦੀ ਸੈਰ ਨਾਲ ਸਰੀਰ ਅੰਦਰ ਲੱਗੀ ਜੰਗਾਲ ਨੂੰ ਲਾਹ ਸਕਦੇ ਹੋ।

**ਰੀਲਸ ਸਕਰੋਲ ਕਰਨਾ:** ਜੇਕਰ ਤੁਸੀਂ ਸਵੇਰੇ ਉੱਠ ਕੇ ਫੋਨ ਚੁੱਕਦੇ ਹੋ ਇੰਸਟਾਗ੍ਰਾਮ, ਫੇਸਬੁੱਕ, ਯੂ-ਟਿਊਬ 'ਤੇ ਰੀਲਸ ਸਕਰੋਲ ਕਰਕੇ ਸਮਾਂ ਖ਼ਰਾਬ ਕਰਦੇ ਹੋ ਤਾਂ ਤੁਹਾਡੇ ਅੱਜ ਦੇ ਦਿਨ 'ਤੇ ਬਹੁਤ ਪ੍ਰਭਾਵ ਪਵੇਗਾ। ਤੁਸੀਂ ਰੀਲਸ ਵਿਚ ਖ਼ੁਸ਼ੀ-ਗ਼ਮੀ ਦੀਆਂ ਵੀਡੀਓਜ਼ ਦੇਖਦੇ ਹੋ, ਜਿਨ੍ਹਾਂ ਨਾਲ ਤੁਹਾਡੇ ਦਿਮਾਗ਼ ਵਿਚ ਉਹੀ ਊਰਜਾ ਕੰਮ ਕਰਦੀ ਹੈ। ਸਵੇਰ ਉੱਠਦੇ ਹੀ ਸੋਸ਼ਲ ਮੀਡੀਆ ਨਹੀਂ ਦੇਖਣਾ ਚਾਹੀਦਾ ਹੈ। ਕਈ ਵਾਰ ਖਰਾਬ ਵੀਡੀਓਜ਼ ਵੇਖਣ ਨਾਲ ਤੁਹਾਡਾ ਮੂਡ ਖਰਾਬ ਹੋ ਜਾਂਦਾ ਹੈ। ਇਸ ਲਈ ਉੱਠਣ ਸਾਰ ਸਵੇਰ ਦੀ ਸੈਰ 'ਤੇ ਚਲੇ ਜਾਓ ਵਧੇਰੇ ਊਰਜਾਵਾਨ ਰਹੋਗੇ। ਸੈਰ ਤੁਹਾਡੀ ਜ਼ਿੰਦਗੀ ਬਦਲ ਦਵੇਗੀ। ਸਵੇਰ ਦੀ ਸੈਰ ਕਰਕੇ ਦੇਖਿਓ, ਤੁਹਾਡਾ ਪੂਰਾ ਦਿਨ ਖ਼ੁਸ਼ੀਆਂ ਨਾਲ ਬਤੀਤ ਹੋਵੇਗਾ।

**ਸਾਕਾਰਾਤਮਿਕ ਊਰਜਾ** : ਅੱਜ ਤੁਸੀਂ ਸਵੇਰ ਦੀ ਸੈਰ ਲਈ ਜਾਓ। ਘੱਟੋ-ਘੱਟ 30 ਮਿੰਟ ਤੁਸੀਂ ਕੁਦਰਤ ਦੀ ਗੋਦ ਵਿੱਚ ਬਿਤਾਉਣਾ ਹੈ। ਕੁਦਰਤ ਨਾਲ ਗੱਲਾਂ ਕਰੋ, ਉੱਚੀ-ਉੱਚੀ ਹੱਸੋ, ਤੁਹਾਡੇ ਅੰਦਰੋਂ ਨੈਗੇਟੀਵਿਟੀ ਭਾਵ ਨਾਕਾਰਤਾਮਿਕਤਾ ਬਾਹਰ ਜਾਵੇਗੀ। ਤੁਹਾਡੇ ਵਲੋਂ ਉਲੀਕੇ ਹੋਏ ਦਿਨ ਦੀ ਸ਼ੁਰੂਆਤ ਵਧੇਰੇ ਵਧੀਆ ਬਤੀਤ ਹੋਵੇਗੀ। ਸਵੇਰ ਦੀ ਸੈਰ ਲਈ ਕਿਸੇ ਦਾ ਇੰਤਜ਼ਾਰ ਨਾ ਕਰੋ, ਸੈਰ 'ਤੇ ਚਲੋ ਜਾਓ। ਸਵੇਰ ਵੇਲੇ ਸੈਰ ਕਰਨ ਲਈ ਤੁਸੀਂ ਵਧੇਰੇ ਸਾਕਾਰਾਤਮਿਕ ਰਹਿੰਦੇ ਹੋ। ਇਸ ਦਾ ਕਾਰਨ ਸੜਕਾਂ, ਪਾਰਕ, ਗਰਾਊਂਡਾਂ ਵਿੱਚ ਲੋਕ ਘੱਟ ਹੋਣ ਕਾਰਨ ਊਰਜਾ ਵਧੇਰੇ ਹੁੰਦੀ ਹੈ। ਆਪਣੇ ਦਿਨ ਦੀ ਸ਼ੁਰੂਆਤ ਚੰਗੇ ਵਿਚਾਰਾਂ ਨਾਲ ਕਰੋ, ਤੁਹਾਡੇ ਅੰਦਰਲੀ ਤਾਜ਼ਗੀ ਦਾ ਚੰਗਾ ਅਹਿਸਾਸ ਹੋਵੇਗਾ। ਸਵੇਰੇ ਤੁਸੀਂ ਸਕਾਰਾਤਮਿਕ ਵਾਤਾਵਰਨ ਦਾ ਆਨੰਦ ਮਾਣਦੇ ਹੋ ਭਾਵ ਤੁਹਾਡੇ ਆਲੇ-ਦੁਆਲੇ ਚੰਗੀ ਊਰਜਾ ਵਧੇਰੇ ਮਿਲੇਗੀ। ਸਾਕਾਰਾਤਮਿਕਤਾ ਨਾਲ ਕੀਤੀ ਗਈ ਦਿਨ ਦੀ ਸ਼ੁਰੂਆਤ ਪੂਰਾ ਦਿਨ ਪਾਜ਼ੀਟਿਵ ਰੱਖਦੀ ਹੈ।

**ਤੁਸੀਂ ਸਪੈਸ਼ਲ ਹੋ:** ਸਵੇਰ ਦੀ ਸੈਰ ਕਰਨ ਨਾਲ ਤੁਸੀਂ ਆਪਣੇ-ਆਪ ਨੂੰ ਵਧੇਰੇ ਸਮਾਂ ਦੇ ਪਾਉਂਦੇ ਹੋ। 30 ਤੋਂ 40 ਮਿੰਟ ਵਿੱਚ ਤੁਹਾਨੂੰ ਆਪਣੇ-ਆਪ ਨੂੰ ਜਾਨਣ ਦਾ ਮੌਕਾ ਮਿਲਦਾ ਹੈ। ਤੁਹਾਡੀ ਸ਼ਖ਼ਸੀਅਤ ਬਾਰੇ ਤੁਹਾਡੇ ਤੋਂ ਵੱਧ ਕੋਈ ਨਹੀਂ ਜਾਣਦਾ। ਸਵੇਰ ਦੀ ਸੈਰ ਸਮੇਂ ਤੁਹਾਡੇ ਅੰਦਰ ਸਾਕਾਰਾਤਮਿਕ ਵਿਚਾਰ ਆਉਂਦੇਹਨ। ਤੁਹਾਡੇ ਅੰਦਰ ਪਿਆਰ, ਖ਼ੁਸ਼ੀ ਵਰਗੇ ਤੱਤ ਉਪਜਦੇ ਹਨ। ਸਵੇਰ ਦੀ ਸੈਰ ਨਾਲ ਤੁਸੀਂ ਆਪਣੇ-ਆਪ ਨਾਲ ਪਿਆਰ ਕਰਨ ਲੱਗ ਜਾਂਦੇ ਹੋ। ਇਸ ਨਾਲ ਤੁਹਾਡੀ ਜ਼ਿੰਦਗੀ ਦੇ ਜਿਹੜੇ ਕੰਮ ਅਧੂਰੇ ਨੇ, ਉਨ੍ਹਾਂ ਪ੍ਰਤੀ ਧਿਆਨ ਲਗਦਾ ਹੈ। ਅਜਿਹਾ ਕਰਕੇ ਤੁਸੀਂ ਆਪਣਾ ਅਤੇ ਪੂਰੇ ਪਰਿਵਾਰ ਦਾ ਜੀਵਨ ਬਦਲ ਸਕਦੇ ਹੋ। ਤੁਹਾਡੇ ਅੰਦਰ ਇਕ ਦੈਵੀ ਸ਼ਕਤੀ ਆ ਰਹੀ ਪ੍ਰਤੀਤ ਹੁੰਦੀ ਹੈ, ਜਿਸ ਨਾਲ ਤੁਸੀਂ ਦੁਨੀਆ ਦੇ ਸਪੈਸ਼ਲ ਇਨਸਾਨ ਹੋ ਤੁਹਾਨੂੰ ਮਹਿਸੂਸ ਹੁੰਦਾ ਹੈ। ਜਦੋਂ ਤੁਹਾਡੇ ਅੰਦਰ ਅਜਿਹੀ ਭਾਵਨਾ ਸੰਚਾਰ ਕਰਦੀ ਹੈ ਤਾਂ ਖ਼ੁਸ਼ ਹੁੰਦੇ ਹੋ ਭਾਵ ਤੁਸੀਂ ਜਾਗਰੂਕ ਹੋ ਰਹੇ ਹੋ, ਜਿਸ ਨਾਲ ਤੁਸੀਂ ਦੂਜਿਆਂ ਨੂੰ ਜਾਨਣ ਵਿਚ ਮਾਹਿਰ ਹੋ ਜਾਂਦੇ ਹੋ, ਅਜਿਹਾ ਕਰਨ ਨਾਲ ਤੁਸੀਂ ਦਿਨ ਪ੍ਰਤੀ ਜ਼ਿਆਦਾ ਬਿਹਤਰੀਨ ਹੁੰਦੇ ਜਾਂਦੇ ਹੋ। ਸਵੇਰ ਦੀ ਸੈਰ ਸਮੇਂ ਜਦੋਂ ਤੁਸੀਂ ਆਪਣੇ-ਆਪ ਨਾਲ ਗੱਲਬਾਤ ਕਰਦੇ ਹੋ, ਤਾਂ ਤੁਹਾਡੇ ਅੰਦਰ ਨਵੇਂ ਦਿਨ ਜ਼ਿਆਦਾ ਬਿਹਤਰੀਨ ਹੁੰਦੇ ਜਾਂਦੇ ਹੋ। ਸਵੇਰ ਦੀ ਸੈਰ ਸਮੇਂ ਜਦੋਂ ਤੁਸੀਂ ਆਪਣੇ-ਆਪ ਨਾਲ ਗੱਲਬਾਤ ਕਰਦੇ ਹੋ ਤਾਂ ਤੁਹਾਡੇ ਅੰਦਰ ਨਵੇਂ-ਨਵੇਂ ਵਿਚਾਰ ਪੈਦਾ ਹੁੰਦੇ ਹਨ। ਅਜਿਹਾ ਕਰਕੇ ਤੁਸੀਂ ਜ਼ਿਆਦਾ ਆਜ਼ਾਦ ਤੇ ਸ਼ਕਤੀਸ਼ਾਲੀ ਮਹਿਸੂਸ ਕਰਦੇ ਹੋ।

**ਮਾਈਂਡ ਸੈੱਟ:** ਸਵੇਰ ਦੀ ਸੈਰ ਸਰੀਰ ਨੂੰ ਤੰਦਰੁਸਤ ਤਾਂ ਰੱਖਦੀ ਹੀ ਹੈ, ਉਸ ਦੇ ਨਾਲ ਤੁਹਾਡੀ ਜ਼ਿੰਦਗੀ ਵਿੱਚ ਖ਼ੁਸ਼ੀਆਂ ਵੀ ਲੈ ਕੇ ਆਉਂਦੀ ਹੈ। ਸੈਰ ਕਰਨ ਨਾਲ ਤੁਹਾਡਾ ਦਿਮਾਗ਼ ਵਧੇਰੇ ਤਾਜ਼ਾ ਰਹਿੰਦਾ ਹੈ। ਉਸ ਵਿੱਚ ਸਾਕਾਰਾਤਾਮਿਕ ਊਰਜਾ ਜ਼ਿਆਦਾ ਆਉਂਦੀ ਹੈ। ਤੁਹਾਡੇ ਦਿਮਾਗ ਅੰਦਰ ਚੰਗੇ ਵਿਚਾਰ ਆਉਂਦੇ ਹਨ। ਤੁਸੀਂ ਵਧੇਰੇ ਪ੍ਰੈਕਟੀਕਲ ਹੋ ਜਾਂਦੇ ਹੋ। ਤੁਸੀਂ ਹਰ ਕੰਮ ਵਧੇਰੇ ਤੇ ਵਧੀਆ ਤਰੀਕੇ ਨਾਲ ਕਰਨ ਬਾਰੇ ਸੋਚਦੇ ਹੋ। ਤੁਸੀਂ ਆਪਣੇ ਕੰਮ ਪ੍ਰਤੀ ਵਧੇਰੇ ਦਿਲਚਸਪੀ ਲੈਣ ਲਗਦੇ ਹੋ, ਜਿਸ ਨਾਲ ਤੁਹਾਡੇ ਅੰਦਰ ਚੰਗੀਆਂ ਭਾਵਨਾਵਾਂ ਦਾ ਜਾਗਰੂਕ ਹੋਣਾ ਤੁਹਾਡੇ ਮਾਈਂਡ ਸੈੱਟ ਕਰਕੇ। ਮਾਈਂਡ ਸੈੱਟ ਇੱਕ ਵਾਰ ਬਣਨ 'ਤੇ ਤੁਹਾਨੂੰ ਖ਼ੁਸ਼ ਅਤੇ ਕਾਮਯਾਬ ਹੋਣ 'ਤੇ ਕੋਈ ਨਹੀਂ ਰੋਕ ਸਕਦਾ ਹੈ। ਕੁਦਰਤ ਦੇ ਨੇੜੇ ਮਨੁੱਖ ਵਧੇਰੇ ਊਰਜਾਵਾਨ ਹੋ ਜਾਂਦਾ ਹੈ। ਸਵੇਰ ਵੇਲੇ ਰੁੱਖਾਂ ਵਿੱਚ ਰਹਿ ਕੇ ਸਕਾਰਾਤਮਿਕ ਊਰਜਾ ਮਿਲਦੀ ਹੈ, ਜਿਸ ਨਾਲ ਮਨੁੱਖ ਅੰਦਰ ਨਾਕਾਰਾਤਮਿਕ ਸੋਚ ਅੰਦਰੋਂ ਚਲੀ ਜਾਂਦੀ ਹੈ। ਜੇਕਰ ਤੁਸੀਂ ਸਵੇਰ ਦੀ ਸੈਰ ਨਹੀਂ ਕਰਦੇ ਤਾਂ ਅੱਜ ਦੀ ਸ਼ੁਰੂਆਤ ਸਵੇਰ ਦੀ ਸੈਰ ਨਾਲ ਕਰੋ ਵਧੇਰੇ ਊਰਜਾਵਾਨ ਹੋ ਜਾਵੋਂਗੇ।

**ਸਮੇਂ ਸਿਰ ਸੌਣਾ:** ਸਵੇਰ ਦੀ ਸੈਰ ਦਾ ਲਾਭ ਉਹੀ ਲੈ ਸਕਦੇ ਹਨ, ਜੋ ਰਾਤ ਨੂੰ ਸਮੇਂ ਸਿਰ ਸੌਂਦੇ ਹਨ ਤੇ ਸਵੇਰੇ ਉੱਠ ਕੇ ਸੈਰ ਕਰਦੇ ਹਨ। ਤੁਸੀਂ ਕੋਸ਼ਿਸ਼ ਕਰੋ ਕਿ ਰਾਤ ਨੂੰ 9 ਤੋਂ 10 ਵਜੇ ਦੇ ਕਰੀਬ ਆਪਣੇ ਬਿਸਤਰ 'ਤੇ ਲੇਟ ਜਾਓ, ਤਾਂ ਜੋ ਸਵੇਰੇ 5 ਤੋਂ 6 ਵਜੇ ਤੱਕ ਤੁਸੀਂ ਉੱਠ ਸਕੋ।

ਅੱਜ ਦੇ ਨੌਜਵਾਨ ਚਾਹੇ ਮੁੰਡੇ ਜਾਂ ਕੁੜੀਆਂ ਹੋਣ ਜੋ ਸੌਂਦੇ ਹੀ ਅੱਧੀ ਰਾਤ ਨੂੰ ਹਨ। ਰਾਤ ਨੂੰ 12 ਵਜੇ ਦੇਖ ਲਓ, ਆਨਲਾਈਨ ਬੈਠੇ ਮਿਲਣਗੇ। ਉਹ ਰੀਲਾਂ ਸਕਰੋਲ ਕਰੀ ਜਾਣਗੇ ਜਾਂ ਫੋਨ 'ਤੇ ਅੱਧੀ-ਅੱਧੀ ਰਾਤ ਗੱਲਾਂ ਕਰਨਗੇ। ਉਹ ਸਵੇਰੇ ਕੀ ਉੱਠਣਗੇ ਅਤੇ ਕੀ ਸੈਰ ਕਰਨਗੇ ? ਸੈਰ ਕਰਨ ਤੋਂ ਪਹਿਲਾਂ ਪੂਰੀ ਨੀਂਦ ਲੈਣੀ ਵੀ ਜ਼ਰੂਰੀ ਹੁੰਦੀ ਹੈ। ਜੇਕਰ ਪੂਰੀ ਨੀਂਦ ਲਏ ਬਿਨਾਂ ਸੈਰ ਕਰਨੀ ਸ਼ੁਰੂ ਕਰ ਦਿੱਤੀ ਜਾਵੇ ਤਾਂ ਉਸ ਦੇ ਉਲਟ ਅਸਰ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਥੇ ਸੈਰ ਕਰਕੇ ਮਨ ਖਿੜ ਉੱਠਦਾ ਹੈ, ਉਥੇ ਜੇ ਉਨੀਂਦਰੇ ਵਿਚ ਉਠ ਕੇ ਸੈਰ ਕਰਨੀ ਸ਼ੁਰੂ ਕਰ ਦਿੱਤੀ ਜਾਵੇ ਤਾਂ ਮਨ ਖਿਝਿਆ-ਖਿਝਿਆ ਰਹਿਣ ਲੱਗ ਪੈਂਦਾ ਹੈ। ਸੈਰ ਕਰਨਾ ਕੋਈ ਮਜਬੂਰੀ ਨਹੀਂ ਹੁੰਦੀ, ਇਹ ਤਾਂ ਸ਼ੌਕ ਹੈ, ਜਿਸ ਨੇ ਇਹ ਸ਼ੌਕ ਪਾਲ ਲਿਆ, ਉਹ ਸਾਰੀ ਉਮਰ ਬਿਮਾਰ ਨਹੀਂ ਹੁੰਦਾ, ਸਗੋਂ ਖੁਦ ਨੂੰ ਪਿਆਰ ਕਰਨ ਲੱਗ ਜਾਂਦਾ ਹੈ।

**ਚੰਗੀਆਂ ਆਦਤਾਂ:** ਸਵੇਰ ਦੀ ਸੈਰ ਨਾਲ ਵਿਅਕਤੀ ਅੰਦਰ ਚੰਗੀਆਂ ਆਦਤਾਂ ਆਉਂਦੀਆਂਹਨ। ਮਨੁੱਖ ਦੇ ਦਿਮਾਗ ਵਿੱਚ ਖਾਣ-ਪੀਣ ਪ੍ਰਤੀ ਵੀ ਜਾਗਰੂਕਤਾ ਆਉਂਦੀਹੈ। ਸਵੇਰ ਦੀ ਸੈਰ ਨਾਲ ਮਨੁੱਖ ਆਪਣੇ-ਆਪ ਪ੍ਰਤੀ ਵਧੇਰੇ ਸੁਚੇਤ ਰਹਿੰਦਾ ਹੈ। ਉਸ ਵਲੋਂ ਗ਼ਲਤ ਨਾ ਖਾਣ-ਪੀਣ ਦੀ ਸੋਝੀ ਆ ਜਾਂਦੀ ਹੈ। ਕੁਦਰਤ ਨਾਲ ਜੁੜਿਆ ਮਨੁੱਖ ਕੁਦਰਤੀ ਚੀਜ਼ਾਂ ਵਧੇਰੇ ਖਾਣ ਪੀਣ ਲਗਦਾ ਹੈ। ਚੰਗੀਆਂ ਆਦਤਾਂ ਨਾਲ ਤੁਹਾਡੇ ਸੋਚਣ ਦੀ ਪ੍ਰਵਿਰਤੀ ਵਿੱਚ ਸੁਧਾਰ ਆਉਂਦਾ ਹੈ।



## ਜਿਹੜੇ ਕੌਫੀ ਪੀਣ ਦੇ ਸ਼ੌਕੀਨ...

### ਕੀ ਸਵੇਰੇ ਉੱਠਦੇ ਹੀ ਕੌਫੀ ਪੀਣਾ ਸਹੀ ਹੈ ਜਾਂ ਗ਼ਲਤ?



ਗਰਮ ਕੌਫੀ ਦਾ ਕੱਪ ਬਹੁਤ ਸਾਰੇ ਲੋਕਾਂ ਲਈ ਦਿਨ ਦੀ ਇੱਕ ਪਸੰਦੀਦਾ ਆਦਤ ਹੈ। ਉੱਠਦੇ ਹੀ ਇੱਕ ਕੱਪ ਕੌਫੀ ਪੀਣ ਨਾਲ ਤੁਹਾਨੂੰ ਜਾਗਣ ਤੇ ਊਰਜਾਵਾਨ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ, ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਇਸ ਆਦਤ ਦਾ ਤੁਹਾਡੇ ਪੇਟ ਅਤੇ ਸਰੀਰ 'ਤੇ ਕੀ ਪ੍ਰਭਾਵ ਪੈ ਰਿਹਾ ਹੈ ? ਜੇ ਨਹੀਂ, ਤਾਂ ਆਓ ਇਸਨੂੰ ਡਾ. ਸੁਰੰਜਿਤ ਚੈਟਰਜੀ ਤੋਂ ਸਮਝੀਏ।

**ਪੇਟ ਵਿੱਚ ਐਸਿਡ ਜਮ੍ਹਾ ਹੋਣਾ**

ਡਾਕਟਰਾਂ ਦਾ ਕਹਿਣਾ ਹੈ ਕਿ ਖਾਲੀ ਪੇਟ ਕੌਫੀ ਪੀਣਾ ਓਨਾ ਫਾਇਦੇਮੰਦ ਨਹੀਂ ਹੈ ਜਿੰਨਾ ਅਸੀਂ ਸੋਚਦੇ ਹਾਂ। ਦਰਅਸਲ, ਜਦੋਂ ਤੁਸੀਂ ਬਿਨਾਂ ਕੁਝ ਖਾਧੇ ਕੌਫੀ ਪੀਂਦੇ ਹੋ, ਤਾਂ ਇਹ ਤੁਹਾਡੇ ਪੇਟ ਵਿੱਚ ਐਸਿਡ ਦਾ ਪੱਧਰ ਵਧਾਉਂਦਾ ਹੈ। ਜਦੋਂ ਖਾਣ ਲਈ ਕੁਝ ਨਹੀਂ ਹੁੰਦਾ, ਤਾਂ ਇਹ ਵਾਧੂ ਐਸਿਡ ਸਿੱਧੇ ਤੌਰ 'ਤੇ ਪੇਟ ਦੀ ਪਰਤ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਦਿਲ ਵਿੱਚ ਜਲਨ, ਗੈਸ, ਫੁੱਲਣਾ ਅਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

**ਤਣਾਅ ਦੇ ਹਾਰਮੋਨਸ ਨੂੰ ਵਧਾਉਂਦਾ ਹੈ-**

ਕੌਫੀ ਵਿੱਚ ਮੌਜੂਦ ਕੈਫੀਨ ਸਰੀਰ ਵਿੱਚ ਕੋਰਟੀਸੋਲ, ਇੱਕ ਹਾਰਮੋਨ ਜਿਸਨੂੰ ਆਮ ਤੌਰ 'ਤੇ 'ਤਣਾਅ ਦਾ ਹਾਰਮੋਨ' ਕਿਹਾ ਜਾਂਦਾ ਹੈ, ਨੂੰ ਵੀ ਵਧਾਉਂਦਾ ਹੈ। ਇਸ ਦੇ ਨਤੀਜੇ ਵਜੋਂ ਸਵੇਰੇ ਊਰਜਾਵਾਨ ਹੋਣ ਦੀ ਬਜਾਏ ਬੇਚੈਨੀ, ਚਿੜਚਿੜਾਪਣ ਜਾਂ ਘਬਰਾਹਟ ਮਹਿਸੂਸ ਹੋ ਸਕਦੀ ਹੈ। ਦੂਜੇ ਸ਼ਬਦਾਂ ਵਿਚ, ਕੌਫੀ ਤੁਹਾਨੂੰ ਤਾਜ਼ਗੀ ਦੀ ਬਜਾਏ ਤਣਾਅਪੂਰਨ ਬਣਾ ਸਕਦੀ ਹੈ।

**ਸਵੇਰ ਦੀ ਸ਼ੁਰੂਆਤ ਕਿਵੇਂ ਕਰੀਏ ?**

ਜਾਗਣ ਤੋਂ ਬਾਅਦ ਸਭ ਤੋਂ ਵਧੀਆ ਕਦਮ ਹੈ ਇੱਕ ਗਲਾਸ ਸਾਦਾ ਪਾਣੀ ਪੀਣਾ। ਰਾਤ ਦੀ ਨੀਂਦ ਤੋਂ ਬਾਅਦ ਸਰੀਰ ਥੋੜ੍ਹਾ ਜਿਹਾ ਡੀਹਾਈਡ੍ਰੇਟ ਹੁੰਦਾ ਹੈ। ਪਾਣੀ ਪੀਣ ਨਾਲ ਨਮੀ ਵਾਪਸ ਆਉਂਦੀ ਹੈ, ਮੈਟਾਬੋਲਿਜ਼ਮ ਸਰਗਰਮ ਹੁੰਦਾ ਹੈ, ਅਤੇ ਦਿਨ ਲਈ ਪਾਚਨ ਪ੍ਰਣਾਲੀ ਤਿਆਰ ਹੁੰਦੀ ਹੈ।

ਜੇਕਰ ਤੁਸੀਂ ਬਾਅਦ ਵਿੱਚ ਕੌਫੀ ਪੀਣਾ ਚਾਹੁੰਦੇ ਹੋ, ਤਾਂ ਹਲਕਾ ਨਾਸ਼ਤਾ ਜਾਂ ਫਲ ਖਾਣ ਤੋਂ ਬਾਅਦ ਇਸਨੂੰ ਪੀਓ। ਮਾਹਰ ਕੌਫੀ ਪੀਣ ਤੋਂ ਪਹਿਲਾਂ ਘੱਟੋ-ਘੱਟ 30 ਮਿੰਟ ਉਡੀਕ ਕਰਨ ਦੀ ਸਲਾਹ ਦਿੰਦੇ ਹਨ। ਇਹ ਪੇਟ ਦੇ ਐਸਿਡ ਦੇ ਪ੍ਰਭਾਵ ਨੂੰ ਘਟਾਉਂਦਾ ਹੈ ਅਤੇ ਤੁਹਾਨੂੰ ਕੌਫੀ ਦੇ ਫਾਇਦਿਆਂ ਦਾ ਬਿਹਤਰ ਅਨੁਭਵ ਕਰਨ ਦਿੰਦਾ ਹੈ—ਜਿਵੇਂ ਕਿ ਧਿਆਨ ਕੇਂਦਰਿਤ ਕਰਨਾ ਅਤੇ ਊਰਜਾ।

**ਛੋਟੀ ਜਿਹੀ ਸਾਵਧਾਨੀ ਨਾਲ ਵੱਡਾ ਫ਼ਰਕ**

ਕੌਫੀ ਪੂਰੀ ਤਰ੍ਹਾਂ ਨੁਕਸਾਨਦੇਹ ਹੈ। ਜੇਕਰ ਸਹੀ ਸਮੇਂ ਅਤੇ ਸਹੀ ਤਰੀਕੇ ਨਾਲ ਪੀਤੀ ਜਾਵੇ, ਤਾਂ ਇਹ ਇਕਾਗਰਤਾ ਨੂੰ ਬਿਹਤਰ ਬਣਾਉਣ, ਥਕਾਵਟ ਦੂਰ ਕਰਨ ਅਤੇ ਮੂਡ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੀ ਹੈ। ਇਸਨੂੰ ਖਾਲੀ ਪੇਟ ਪੀਣ ਤੋਂ ਬਚਣਾ ਅਤੇ ਆਪਣੇ ਸਰੀਰ ਦੀਆਂ ਜ਼ਰੂਰਤਾਂ ਨੂੰ ਸਮਝਣਾ ਮਹੱਤਵਪੂਰਨ ਹੈ। ਥੋੜ੍ਹੀ ਜਿਹੀ ਆਮ ਸਮਝ ਨਾ ਸਿਰਫ਼ ਤੁਹਾਡੀ ਸਵੇਰ ਨੂੰ ਬਿਹਤਰ ਬਣਾ ਸਕਦੀ ਹੈ ਬਲਕਿ ਲੰਬੇ ਸਮੇਂ ਵਿੱਚ ਤੁਹਾਡੀ ਪਾਚਨ ਸਿਹਤ ਅਤੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਵੀ ਮਦਦ ਕਰ ਸਕਦੀ ਹੈ।।

# ਕਿੱਕਲੀ ਕਲੀਰ ਦੀ...



ਸੁਖਪਾਲ ਸਿੰਘ ਗਿੱਲ

ਪੰਜਾਬੀ ਬਾਲੜੀਆਂ ਦੀ ਰੂਹ-ਏ-ਰਵਾਂ ਕਿੱਕਲੀ ਲੋਕ ਨਾਚ ਦੇ ਨਾਲ-ਨਾਲ ਅੱਲ੍ਹੜਾਂ ਦੀ ਖੇਡ ਵੀ ਹੈ। ਸ਼ਬਦ ਕੋਸ਼ ਅਨੁਸਾਰ ਪਰਖ ਪੜਚੋਲ ਕੇ ਦੇਖਿਆ ਜਾਵੇ ਤਾਂ ਕਿੱਕਲੀ ਸ਼ਬਦ ਦੀ ਉਤਪਤੀ ਕਿਲਕਿਲਾ ਸ਼ਬਦ ਤੋਂ ਹੋਈ ਦੱਸੀ ਗਈ ਹੈ। ਕਿਲਕਿਲਾ ਦਾ ਭਾਵ ਹੀ ਆਨੰਦ ਦੇਣ ਵਾਲੀ ਧੁਨੀ ਹੈ। ਇਸੇ ਲਈ ਕਿੱਕਲੀ ਪਾਉਂਦੀਆਂ ਅੱਲ੍ਹੜਾਂ ਨੂੰ ਦੇਖਿਆ ਅਤੇ ਸੁਣਿਆ ਜਾਵੇ ਤਾਂ ਵਾਕਿਆ ਹੀ ਨਜ਼ਾਰਾ ਲੱਗਦਾ ਹੈ। ਨਿਰਾ ਧਰਤੀ ਉੱਤੇ ਸਵਰਗ ਲੱਗਦਾ ਹੈ। ਪੋਠੋਹਾਰੀ ਦੇ ਇਲਾਕੇ ਵਿੱਚ ਕਿੱਕਲੀ ਨੂੰ ਕਿਰਕਿਲੀ ਵੀ ਕਿਹਾ ਜਾਂਦਾ ਹੈ। ਸਾਡੇ ਇੱਧਰ ਜਿਸ ਤਰ੍ਹਾਂ ਸ਼ੁਰੂ ਤੋਂ ਹੀ ਕਿੱਕਲੀ ਮਸ਼ਹੂਰ ਹੈ, ਉਸ ਨਾਲ ਅੱਲ੍ਹੜਾਂ ਦੀ ਸ਼ਾਨ ਵੱਖਰੀ ਲੱਗਦੀ ਹੈ। ਕਿੱਕਲੀ ਦੀ ਰੂਹ ਅਤੇ ਬਹੁਤ ਪ੍ਰਚੱਲਤ ਬਣ ਗਈ ਵੰਨਗੀ ਸਭ ਤੋਂ ਪਹਿਲਾਂ ਸਿਰਜੀ ਗਈ ਸੀ, ਉਹ ਇਸ ਤਰ੍ਹਾਂ ਹੈ;

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਕਿੱਕਲੀ ਦੋ ਅੱਲ੍ਹੜਾਂ ਆਹਮੋਂ ਸਾਹਮਣੇ ਖੜ੍ਹੀਆਂ ਹੋ ਕੇ ਆਪਣੇ ਆਪਣੇ ਹੱਥਾਂ ਨੂੰ ਦੂਜੇ ਦੇ ਹੱਥ 'ਚ ਕੜਿੰਘੀ ਬਣਾ ਕੇ ਫਸਾ ਲੈਂਦੀਆਂ ਹਨ। ਫਿਰ ਪੈਰਾਂ ਨੂੰ ਜੋੜ ਕੇ ਦੋਵੇਂ ਜਣੀਆਂ ਆਪਣਾ ਸਾਰਾ ਭਾਰ ਪਿੱਛੇ ਸੁੱਟ ਦਿੰਦੀਆਂ ਹਨ। ਬਸ ਫਿਰ ਕੀ ਦੋਵੇਂ ਜਣੀਆਂ ਘੁੰਮ-ਘੁੰਮ ਕਿੱਕਲੀ ਪਾਉਂਦੀਆਂ ਹਨ ਤੇ ਨਜ਼ਾਰਾ ਬੰਨ੍ਹ ਦਿੰਦੀਆਂ ਹਨ। ਇਨ੍ਹਾਂ ਦੀਆਂ ਸਾਥਣਾਂ ਨਾਲ ਹੀ ਗਿੱਧਾ ਪਾ ਕੇ ਖੁਸ਼ੀ ਦੂਣੀ ਕਰਦੀਆਂ ਹਨ ਅਤੇ ਕੁਝ ਸਾਥਣਾਂ ਨਾਲ ਹੀ ਜੋਟੀਆਂ ਬਣਾ ਕੇ ਕਿੱਕਲੀ ਸ਼ੁਰੂ ਕਰ ਦਿੰਦੀਆਂ ਹਨ। ਇਨ੍ਹਾਂ ਦਾ ਸਰੀਰ ਇੱਕ ਹੋ ਕੇ ਆਲਾ ਦੁਆਲਾ ਹੁਸੀਨ ਬਣ ਜਾਂਦਾ ਹੈ। ਇਸ ਨਾਲ ਬਾਲੜੀਆਂ ਦਾ ਬੌਧਿਕ ਵਿਕਾਸ ਅਤੇ ਦੇਖਣ ਵਾਲਿਆਂ ਦਾ ਮਨੋਰੰਜਨ ਹੁੰਦਾ ਹੈ। ਭਾਵੇਂ ਕਿੱਕਲੀ ਬੰਦੇ ਵੀ ਪਾਉਣ ਲੱਗ ਪਏ ਹਨ, ਪਰ ਜੱਚਦਾ ਨਹੀਂ। ਕਿੱਕਲੀ ਖੁਸ਼ੀ ਨੂੰ ਦੂਣ ਸਵਾਈ ਕਰਦੀ ਹੈ। ਜਦੋਂ ਬਹੁਤੀਆਂ ਕੁੜੀਆਂ ਜੋਟੇ ਬਣਾ ਕੇ ਕਿੱਕਲੀ ਪਾਉਣ ਲੱਗਦੀਆਂ ਹਨ ਤਾਂ ਨਜ਼ਾਰਾ ਦਿਲਕਸ਼ ਹੋ ਨਿੱਬੜਦਾ ਹੈ। ਬੱਚਿਆਂ ਨੂੰ ਮਾਂ, ਪਿਓ, ਭੈਣ, ਭਰਾ ਅਤੇ ਹੋਰ ਘਰਦਿਆਂ ਨਾਲ ਪਿਆਰ ਹੁੰਦਾ ਹੈ, ਪਰ ਸਭ ਤੋਂ ਵੱਧ ਪਿਆਰ ਆਪਣੇ ਹਾਣੀ ਦਾ ਹੁੰਦਾ ਹੈ। 'ਹਾਣ ਨੂੰ ਹਾਣ ਪਿਆਰਾ' ਹੁੰਦਾ ਹੈ। ਇਸੇ ਲਈ ਕਿੱਕਲੀ ਦੇ ਗੀਤ ਵਿੱਚ ਭੈਣ ਆਪਣੇ ਭਰਾ ਦਾ ਵਰਣਨ ਵੱਧ ਕਰਦੀ ਹੈ ਕਿਉਂਕਿ ਉਹ ਉਸ ਦੇ ਬਰਾਬਰ ਦਾ ਹਾਣੀ ਹੁੰਦਾ ਹੈ। ਹਰ ਪੰਜਾਬੀ ਦੀ ਜ਼ੁਬਾਨ 'ਤੇ ਕਿੱਕਲੀ ਜ਼ਰੂਰ ਹੁੰਦੀ ਹੈ। ਜਿਸ ਨੇ ਕਿੱਕਲੀ ਨਹੀਂ ਪਾਈ ਜਾਂ ਕਿੱਕਲੀ ਨਹੀਂ ਖੇਡੀ ਸਮਝੋ ਉਸ ਦਾ ਬਚਪਨ ਅਧੂਰਾ ਹੀ ਰਹਿ ਗਿਆ। ਅੱਲ੍ਹੜਾਂ ਭੰਵੀਰੀ ਵਾਂਗ ਘੁੰਮਦੀਆਂ ਆਥਣ ਵੇਲੇ ਆਪਣੇ ਸੁਪਨਿਆਂ ਦੀ ਦੁਨੀਆ ਵਿੱਚ ਗੁਆਚ ਜਾਂਦੀਆਂ ਹਨ। ਕਿੱਕਲੀ ਦੇ ਗੀਤਾਂ ਦੀ ਲੈਅ ਸਾਵਣ ਦੀ ਘਟਾ ਵਰਗੀ ਰੰਗ-ਬਿਰੰਗੀ ਲੱਗਦੀ ਹੈ। ਅੱਜ ਕਿੱਕਲੀ ਨੂੰ ਨਵੀਂ ਦਿੱਖ ਵਿੱਚ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ;

ਕਿੱਕਲੀ ਕਲੀਰ ਦੀ ਸੁਣ ਗੱਲ ਵੀਰ ਦੀ
ਵਿਦਿਆ ਦੀ ਰੋਸ਼ਨੀ ਤੇ ਹਨੇਰਿਆਂ ਨੂੰ ਚੀਰਦੀ
ਮੇਰੇ ਸੋਹਣੇ ਵੀਰਿਆ ਸਕੂਲ ਪੜ੍ਹਨ ਜਾਈਂ ਤੂੰ
ਵਿੱਦਿਆ ਦੀ ਪੌੜੀ 'ਤੇ ਪੈਰ ਜਾ ਟਿਕਾਈ ਤੂੰ
ਕਰਕੇ ਪੜ੍ਹਾਈ ਵੀਰੇ ਬੀਬਾ ਅਖਵਾਈਂ ਤੂੰ

ਅੱਲ੍ਹੜਾਂ ਆਪਣੇ ਹੁਨਰ ਅਤੇ ਵਿਕਾਸ ਦਰਸਾਉਂਦੀਆਂ ਕਿੱਕਲੀ ਨੂੰ ਕਈ ਤਰ੍ਹਾਂ ਦੇ ਰੰਗਾਂ ਵਿੱਚ ਪੇਸ਼ ਕਰਨ ਲੱਗ ਪਈਆਂ ਹਨ। ਇਹੀ ਕਿੱਕਲੀ ਅੱਲ੍ਹੜਾਂ ਦੀ ਬੁਨਿਆਦ, ਸੱਭਿਅਤਾ ਅਤੇ ਸੱਭਿਆਚਾਰ ਦੀ ਪਹਿਲੀ ਪੌੜੀ ਬਣ ਜਾਂਦੀ ਹੈ। ਇੱਕ ਹੋਰ ਵੰਨਗੀ ਵਿੱਚ ਕਿੱਕਲੀ ਨੂੰ ਇਉਂ ਦਰਸਾਇਆ ਗਿਆ ਹੈ;

ਕਿੱਕਲੀ ਪਾਵਣ ਆਈਆਂ
ਬਦਾਮ ਖਾਵਣ ਆਈਆਂ
ਬਦਾਮ ਦੀ ਗੁੱਲੀ ਮਿੱਠੀ
ਮੈਂ ਵੀਰ ਦੀ ਕੁੜੀ ਡਿੱਠੀ
ਮੇਰੇ ਵੀਰ ਦੀ ਕੁੜੀ ਕਾਲੀ
ਮੈਨੂੰ ਆ ਗਈ ਭਵਾਲੀ
ਥਾਲੀ, ਥਾਲੀ, ਥਾਲੀ

ਸਮਾਜਿਕ ਰਿਸ਼ਤਿਆਂ ਦੀ ਰੂਪਰੇਖਾ ਪ੍ਰਗਟ ਕਰਦੀ ਕਿੱਕਲੀ ਦੀ ਇੱਕ ਨਵੀਂ ਵਿਉਂਤ ਇਸ ਤਰ੍ਹਾਂ ਵੀ ਘੜੀ ਗਈ ਹੈ;

ਕਿੱਕਲੀ ਕੁਲੱਸ ਦੀ ਲੱਤ, ਭੱਜੇ ਸੱਸ ਦੀ
ਗੱਡਾ ਭੱਜੇ ਜੇਠ ਦਾ ਝੀਤਾਂ ਥਾਈਂ ਵੇਖਦਾ
ਮੋੜ ਸੂ ਜਠਾਣੀਏ, ਮੋੜ ਸੱਸੇ ਰਾਣੀਏ
ਸੱਸ ਦਾਲ ਚਾਅ ਪਕਾਈ
ਛੰਨਾ ਭਰ ਕੇ ਲਿਆਈ
ਅੰਦਰ ਬਾਹਰ ਵੜਦੀ
ਖਾਵੇ ਭੈੜੀ ਗੱਲ੍ਹ ਗੜੱਪੇ ਲਾਵੇ
ਲੋਕੋ ਸੱਸਾਂ ਬੁਰੀਆਂ ਵੇ
ਕਲੇਜੇ ਲਾਵਣ ਛੁਰੀਆਂ ਵੇ

ਲੇਖਕਾਂ ਵੱਲੋਂ ਬਚਪਨ ਤੋਂ ਬੁਢਾਪੇ ਤੱਕ ਕਿੱਕਲੀ ਲਿਖ ਕੇ ਅਤੇ ਸਭ ਤਰ੍ਹਾਂ ਦਾ ਦ੍ਰਿਸ਼ ਪੇਸ਼ ਕਰਕੇ ਸਮੇਂ ਦੀ ਹਾਣੀ ਬਣਾ ਦਿੱਤੀ ਗਈ ਹੈ। ਇਸ ਕਿੱਕਲੀ ਦੀ ਖ਼ੁਸ਼ਬੂ ਬਚਪਨ ਦੀਆਂ ਸੱਥਾਂ ਵਿੱਚੋਂ ਅੱਜ ਵੀ ਸੰਗੀਤਮਈ ਲੱਗਦੀ ਹੈ। ਅੱਜ ਵੀ ਕਿੱਕਲੀ ਅੱਲ੍ਹੜ ਬਾਲੜੀਆਂ ਨੂੰ ਮਾਣ, ਪਿਆਰ ਅਤੇ ਸਤਿਕਾਰ ਦਾ ਪਾਤਰ ਬਣਾਉਂਦੀ ਹੈ।

# ਜੁੱਤੀ ਖੱਲ ਦੀ ਮਰੋੜਾ ਨਹੀਂਓਂ ਝੱਲਦੀ...



ਜੋਗਿੰਦਰ ਕੌਰ ਅਗਨੀਹੋਤਰੀ

ਆਪਣੇ ਸੁੱਖਾਂ ਲਈ ਮਨੁੱਖ ਨੇ ਨਵੀਆਂ ਨਵੀਆਂ ਖੋਜਾਂ ਕੀਤੀਆਂ ਅਤੇ ਉਨ੍ਹਾਂ ਵਿੱਚ ਸਫਲ ਹੋਇਆ। ਤਨ ਢੱਕਣ ਲਈ ਪਹਿਲਾਂ ਮਨੁੱਖ ਨੇ ਰੁੱਖਾਂ ਦੀਆਂ ਛਿਲਾਂ ਨੂੰ ਵਰਤਿਆ ਅਤੇ ਉਸ ਤੋਂ ਬਾਅਦ ਪਸ਼ੂਆਂ ਦੇ ਚਮੜੇ ਤੋਂ ਵੀ ਸਰੀਰ ਢਕਣ ਦਾ ਕੰਮ ਲਿਆ, ਪਰ ਕੁਦਰਤੀ ਪੈਦਾ ਹੋਏ ਪੌਦਿਆਂ ਤੋਂ ਉਸ ਨੇ ਰੇਸ਼ੇਦਾਰ ਪਦਾਰਥ ਲੈ ਕੇ ਉਸ ਤੋਂ ਕੱਪੜਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਮਰੇ ਹੋਏ ਪਸ਼ੂਆਂ ਦੇ ਚਮੜੇ ਤੋਂ ਉਸ ਨੇ ਪੈਰ ਢਕਣ ਲਈ ਜੁੱਤੀ ਦੀ ਖੋਜ ਕੀਤੀ।

ਮਨੁੱਖ ਨੂੰ ਜੁੱਤੀ ਦੀ ਲੋੜ ਉਦੋਂ ਪਈ ਜਦੋਂ ਉਸ ਨੂੰ ਬਾਹਰ ਕੰਮ ਕਰਨਾ ਪੈਂਦਾ ਸੀ। ਅਜਿਹੇ ਮੌਕੇ ਉਸ ਦੇ ਪੈਰਾਂ ਵਿੱਚ ਕੰਡੇ ਅਤੇ ਕੰਕਰਾਂ ਦੇ ਚੁਭਣ ਕਰਕੇ ਉਸ ਨੂੰ ਜੋ ਪੀੜ ਮਹਿਸੂਸ ਹੁੰਦੀ ਸੀ ਤਾਂ ਉਹੀ ਜੁੱਤੀ ਦੀ ਖੋਜ ਦਾ ਕਾਰਨ ਬਣੀ। ਸੋ ਪੈਰਾਂ ਦੇ ਬਚਾਓ ਲਈ ਉਸ ਨੇ ਮਰੇ ਹੋਏ ਪਸ਼ੂਆਂ ਦੀ ਖੱਲ ਤੋਂ ਜੁੱਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਜੁੱਤੀਆਂ ਵੱਖ ਵੱਖ ਪ੍ਰਕਾਰ ਦੀਆਂ ਹੁੰਦੀਆਂ ਹਨ। ਆਮ ਸਾਦੀਆਂ ਜੁੱਤੀਆਂ ਤੇ ਕਢਾਈ ਵਾਲੀਆਂ ਜੁੱਤੀਆ। ਪੰਜਾਬੀ ਔਰਤਾਂ ਕੰਮ ਕਰਨ ਲਈ ਮਸ਼ਹੂਰ ਹਨ। ਉਨ੍ਹਾਂ ਦੇ ਤਕੜੇ ਜੁੱਸੇ ਅਤੇ ਮਜ਼ਬੂਤ ਇਰਾਦੇ ਕੰਮ ਨੂੰ ਧੂਹ ਕੇ ਲੈ ਜਾਂਦੇ ਹਨ। ਸੋ ਉਸ ਦੀ ਤਾਕਤ ਦੀ ਪ੍ਰਸ਼ੰਸਾ ਕਰਦੇ ਹੋਏ ਲੋਕ ਗੀਤਾਂ ਵਿੱਚ ਉਸ ਦਾ ਜ਼ਿਕਰ ਆਉਂਦਾ ਹੈ। ਇਸ ਤਰ੍ਹਾਂ ਪੰਜਾਬਣ ਜਦੋਂ ਜੁੱਤੀ ਪਾ ਕੇ ਤੁਰਦੀ ਹੈ ਤਾਂ ਉਸ ਦੀ ਤੋਰ ਦਾ ਜ਼ਿਕਰ ਇੰਜ ਕੀਤਾ ਜਾਂਦਾ ਹੈ;

**ਜੁੱਤੀ ਖੱਲ ਦੀ ਮਰੋੜਾ ਨਹੀਂਓਂ ਝੱਲਦੀ ਤੋਰ ਪੰਜਾਬਣ ਦੀ।**

ਸਿਆਣੇ ਵਿਅਕਤੀ ਹਮੇਸ਼ਾਂ ਨਵੀਂ ਜੁੱਤੀ ਪਾ ਕੇ ਪੈਂਡੇ ਨਾ ਤੁਰਨ ਦੀ ਸਲਾਹ ਦਿੰਦੇ ਹਨ। ਇਹ ਉਨ੍ਹਾਂ ਦੇ ਨਿੱਜੀ ਤਜਰਬੇ ਹਨ। ਅੱਜਕੱਲ੍ਹ ਭਾਵੇਂ ਤੁਰ ਕੇ ਜਾਣ ਦਾ ਰੁਝਾਨ ਨਹੀਂ ਰਿਹਾ, ਪਰ ਫਿਰ ਵੀ ਚੜ੍ਹਨਾ ਉਤਰਨਾ ਅਤੇ ਫਿਰ ਥੋੜ੍ਹੀ ਦੂਰ ਤੁਰਨਾ ਤਾਂ ਪੈਂਦਾ ਹੀ ਹੈ। ਜੇਕਰ ਜੁੱਤੀ ਤੰਗ ਹੋਵੇ ਤਾਂ ਤੁਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਜੇ ਜੁੱਤੀ ਲੱਗਣ ਲੱਗ ਜਾਵੇ ਤਾਂ ਤੁਰਨਾ ਹੋਰ ਵੀ ਬਹੁਤ ਮੁਸ਼ਕਿਲ ਹੁੰਦਾ ਹੈ। ਪਹਿਲਾਂ ਪਹਿਲਾਂ ਜਦੋਂ ਸੱਜ ਵਿਆਹੀ ਨੂੰ ਉਸ ਦਾ ਪਤੀ ਕਿਸੇ ਮੇਲੇ 'ਤੇ ਲੈ ਕੇ ਜਾਂਦਾ ਤਾਂ ਤੁਰਨ ਵੇਲੇ ਪਤੀ ਅੱਗੇ ਲੰਘ ਜਾਂਦਾ ਅਤੇ ਪਤਨੀ ਜੁੱਤੀ ਦੇ ਕਾਰਨ ਪਿੱਛੇ ਰਹਿ ਜਾਂਦੀ ਤਾਂ ਉਹ ਉਸ ਨੂੰ ਬੋਲ ਮਾਰ ਕੇ ਉਲਾਂਭਾ ਦਿੰਦੀ;

ਜੁੱਤੀ ਲੱਗਦੀ ਵੈਰੀਆ ਮੇਰੇ
ਵੇ ਪੱਟ ਨਾ ਪੁਲਾਂਘਾਂ ਲੰਮੀਆਂ।

ਇਸੇ ਤਰ੍ਹਾਂ ਹੀ ਜਦੋਂ ਘਰੋਂ ਬਾਹਰ ਜਾਣਾ ਹੋਵੇ ਤਾਂ ਨਵੀਂ ਪੁਰਾਣੀ ਚੀਜ਼ ਦਾ ਬਹੁਤ ਫ਼ਰਕ ਹੁੰਦਾ ਹੈ। ਬਾਹਰ ਜਾਣ ਵਾਸਤੇ ਸੁੰਦਰ ਚੀਜ਼ ਹੀ ਵਧੀਆ ਲੱਗਦੀ ਹੈ ਤਾਂ ਹੀ ਇੱਕ ਮੁਟਿਆਰ ਆਪਣੇ ਪਤੀ ਨੂੰ ਨਵੀਂ ਜੁੱਤੀ ਲਿਆਉਣ ਵਾਸਤੇ ਇਸ ਤਰ੍ਹਾਂ ਕਹਿੰਦੀ ਹੈ;

ਤੂੰ ਗੜਵਾ ਮੈਂ ਤੇਰੀ ਡੋਰ ਵੇ ਮਾਹੀਆ
ਤੇਰਾ ਮੇਰਾ ਝਗੜਾ ਹੋਰ ਵੇ ਮਾਹੀਆ।
ਜੁੱਤੀ ਟੁੱਟੀ ਨੂੰ ਵੇ ਸਾਲ ਹੋ ਗਿਆ
ਲੈ ਕੇ ਦਿੱਤੀ ਨਾ ਹੋਰ ਵੇ ਮਾਹੀਆ।

ਭਾਵੇਂ ਜੁੱਤੀ ਪੈਰ ਵਿੱਚ ਪਾਈ ਜਾਂਦੀ ਹੈ, ਪਰ ਇਹ ਬਹੁਤ ਮਿਹਨਤ ਨਾਲ ਬਣਾਈ ਜਾਂਦੀ ਹੈ। ਚਮੜੇ ਦੀ ਜੁੱਤੀ ਕਹਿਣਾ ਸੌਖਾ ਹੈ, ਪਰ ਇਸ ਨੂੰ ਤਿਆਰ ਕਰਨਾ ਬਹੁਤ ਔਖਾ ਹੈ। ਜਦੋਂ ਲੋਕ ਘਰਾਂ ਵਿੱਚ ਪਸ਼ੂ ਰੱਖਦੇ ਸਨ ਤਾਂ ਉਨ੍ਹਾਂ ਨੂੰ ਸੰਭਾਲਦੇ ਸੰਭਾਲਦੇ ਕਈ ਵਾਰ ਪਸ਼ੂ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਸਨ। ਜੇਕਰ ਉਨ੍ਹਾਂ ਦੀ ਮੌਤ ਹੋ ਜਾਂਦੀ ਤਾਂ ਪਸ਼ੂ ਨੂੰ ਹੱਡਾਰੋੜੀ ਵਿੱਚ ਲੈ ਕੇ ਜਾਣ ਦੀ ਜ਼ਿੰਮੇਵਾਰੀ ਬਗਾਰੀ ਦੀ ਹੀ ਹੁੰਦੀ ਸੀ। ਉਨ੍ਹਾਂ ਦੇ ਘਰ ਸੁਨੇਹਾ ਲਾ ਦਿੱਤਾ ਜਾਂਦਾ ਅਤੇ ਉਹ ਉਸ ਨੂੰ ਰੇਹੜੀ ਉੱਤੇ ਲੱਦ ਕੇ ਲੈ ਜਾਂਦੇ ਅਤੇ ਹੱਡਾਰੋੜੀ ਵਿੱਚ ਜਾ ਸੁੱਟਦੇ। ਇਹ ਹੱਡਾਰੋੜੀ ਪਿੰਡ ਦੇ ਬਾਹਰਵਾਰ ਹੁੰਦੀ ਸੀ। ਇੱਥੇ ਜਾ ਕੇ ਉਹ ਆਪਣੀ ਰੰਬੀ ਨਾਲ ਮ੍ਰਿਤਕ ਪਸ਼ੂ ਦਾ ਚਮੜਾ ਉਤਾਰ ਲਿਆਉਂਦੇ ਅਤੇ ਬਾਕੀ ਮੁਰਦਾ ਪਸ਼ੂ ਦਾ ਸਰੀਰ ਉੱਥੇ ਹੀ ਰਹਿ ਜਾਂਦਾ ਜਿਸ ਨੂੰ ਅੱਜਕੱਲ੍ਹ ਕੁੱਤੇ ਸਮੇਟਦੇ ਹਨ, ਪਹਿਲਾਂ ਇਸ ਨੂੰ ਗਿਰਝਾਂ ਸਮੇਟਦੀਆਂ ਹੁੰਦੀਆਂ ਸਨ। ਫਿਰ ਉਸ ਚਮੜੇ ਨੂੰ ਸਾਫ਼ ਕਰਕੇ ਅਤੇ ਸੋਧ ਕੇ ਇਸ ਤੋਂ ਜੁੱਤੀਆਂ ਬਣਾਈਆਂ ਜਾਂਦੀਆਂ ਸਨ।

ਹਰ ਔਰਤ ਆਪਣੇ ਪਤੀ ਤੋਂ ਆਪਣੇ ਲਈ ਪੂਰਨ ਪਿਆਰ ਦੀ ਮੰਗ ਕਰਦੀ ਹੈ ਅਤੇ ਚਾਹੁੰਦੀ ਹੈ ਕਿ ਉਹ ਉਸ ਨੂੰ ਲੋੜੀਂਦੀਆਂ ਚੀਜ਼ਾਂ ਲਿਆ ਕੇ ਦੇਵੇ। ਸਾਂਝੇ ਘਰਾਂ ਵਿੱਚ ਕਈ ਵਾਰ ਜੇਕਰ ਵੱਡੀ ਭਰਜਾਈ ਘਰ ਵਿੱਚ ਹੋਵੇ ਤਾਂ ਕੁਝ ਵਿਅਕਤੀ ਉਸ ਦੀ ਝੇਪ ਵੀ ਮੰਨ ਲੈਂਦੇ ਹਨ। ਅਜਿਹੇ ਸਮੇਂ ਆਪਣੇ ਪਤੀ ਦੇ ਇਸ ਤਰ੍ਹਾਂ ਕਰਨ 'ਤੇ ਪਤਨੀ ਬਰਦਾਸ਼ਤ ਨਹੀਂ ਕਰਦੀ ਅਤੇ ਘਰ ਵਿੱਚ ਮਨ ਮੁਟਾਵ ਹੋ ਜਾਂਦਾ ਹੈ। ਪਤਨੀ ਪੇਕੇ ਤੁਰ ਜਾਂਦੀ ਹੈ ਤਾਂ ਪਤੀ ਉਸ ਨੂੰ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਦਾ ਹਵਾਲਾ ਦੇ ਕੇ ਕਹਿੰਦਾ ਹੈ ਕਿ ਉਹ ਘਰ ਆ ਜਾਵੇ ਕਿਉਂਕਿ ਉਸ ਲਈ ਉਸ ਨੇ ਬਹੁਤ ਸਾਰੀਆਂ ਚੀਜ਼ਾਂ ਲਿਆਂਦੀਆਂ ਹਨ, ਪਰ ਉਹ ਨਹੀਂ ਮੰਨਦੀ ਕਿਉਂਕਿ ਉਸ ਦੇ ਦਿਲ ਵਿੱਚ ਇਹੀ ਹੁੰਦਾ ਹੈ ਕਿ ਉਸ ਦੀ ਘਰ ਵਿੱਚ ਕਦਰ ਨਹੀਂ ਤੇ ਜੋ ਕੁਝ ਹੋ ਰਿਹਾ ਹੈ, ਉਸ ਦੀ ਵੱਡੀ ਭਰਜਾਈ ਦੇ ਕਹਿਣ 'ਤੇ ਹੋ ਰਿਹਾ ਹੈ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਜਾਂਦਾ ਹੈ। ਉਸ ਦਾ ਪਤੀ ਉਸ ਨੂੰ ਇੰਜ ਕਹਿੰਦਾ ਹੈ;

ਜੁੱਤੀ ਕਰਾਈ ਏਥੇ
ਨੀਂ ਤੂੰ ਪਹਿਨਣ ਵਾਲੀ ਪੇਕੇ
ਦੱਸ ਕੀਹਦੇ ਪਾਵਾਂ ਗੋਰੀਏ ?

ਤਾਂ ਔਰਤ ਉਸ ਦਾ ਇਸ ਤਰ੍ਹਾਂ ਜਵਾਬ ਦਿੰਦੀ ਹੈ ਕਿ ਉਸ ਨੇ ਆਪਣਾ ਦਿਲ/ ਜਿਗਰਾ ਵੱਡਾ ਕਰ ਲਿਆ ਹੈ ਅਤੇ ਉਸ ਨੇ ਸਬਰ ਕਰ ਲਿਆ ਹੈ;

ਪਹਿਨੇ ਤੇਰੀ ਭਾਬੀ ਵੇ
ਜਿਹਦੇ ਮਨ ਵਿੱਚ ਰਹਿੰਦੀ ਸ਼ਾਦੀ ਵੇ
ਮੈਂ ਜਿਗਰਾ ਕੀਤਾ
ਜਿਗਰਾ ਕੀਤਾ ਵੈਰੀਆ ਵੇ।

ਵਿਆਹ ਵੇਲੇ ਜਦੋਂ ਲੜਕੇ ਜਾਂ ਲੜਕੀ ਲਈ ਨਵੇਂ ਕੱਪੜੇ ਬਣਾਏ ਜਾਂਦੇ ਹਨ ਤਾਂ ਜੁੱਤੀ ਵੀ ਓਨੀ ਹੀ ਜ਼ਰੂਰੀ ਸਮਝੀ ਜਾਂਦੀ ਹੈ ਜਿੰਨੀਆਂ ਦੂਜੀਆਂ ਚੀਜ਼ਾਂ। ਵਿਆਹ ਵਾਲੀ ਲੜਕੀ ਲਈ ਸੂਟਾਂ ਦੇ ਨਾਲ ਦੀਆਂ ਜੁੱਤੀਆਂ ਲਈਆਂ ਜਾਂਦੀਆਂ ਹਨ। ਲੜਕੇ ਲਈ ਵੀ ਜੁੱਤੇ ਲਏ ਜਾਂਦੇ ਹਨ। ਬਾਕੀ ਵਿਆਹ 'ਚ ਸ਼ਰੀਕ ਹੋਣ ਵਾਲੇ ਰਿਸ਼ਤੇ ਨਾਤੇ ਸਭ ਨਵੇਂ ਕੱਪੜੇ ਅਤੇ ਨਵੇਂ ਜੁੱਤੇ ਲੈ ਕੇ ਆਉਂਦੇ ਹਨ।

ਸਾਡੇ ਸੱਭਿਆਚਾਰ ਵਿੱਚ ਅਨੇਕਾਂ ਰੀਤੀ ਰਿਵਾਜਾਂ ਵਿੱਚ ਵਿਆਹ ਵੇਲੇ ਲਾੜੇ ਦੀ ਜੁੱਤੀ ਜਾਂ ਬੂਟ ਚੁੱਕਣ ਦਾ ਵੀ ਰਿਵਾਜ ਹੈ। ਜਦੋਂ ਲਾੜਾ ਅਨੰਦ ਕਾਰਜ ਜਾਂ ਫੇਰਿਆਂ ਵਿੱਚ ਵਿਅਸਤ ਹੁੰਦਾ ਹੈ ਤਾਂ ਉਸ ਸਮੇਂ ਸਾਲੀਆਂ ਉਸ ਦੀ ਜੁੱਤੀ ਲੁਕੋ ਲੈਂਦੀਆਂ ਹਨ ਅਤੇ ਫਿਰ ਕੁਝ ਨਾ ਕੁਝ ਲੈ ਕੇ ਜੁੱਤੀ ਦਿੰਦੀਆਂ ਹਨ।

ਚਮੜੇ ਦੀ ਜੁੱਤੀ ਜਿਉਂ ਜਿਉਂ ਪੁਰਾਣੀ ਹੁੰਦੀ ਹੈ ਤਿਉਂ ਤਿਉਂ ਚਮੜਾ ਵਧ ਜਾਂਦਾ ਹੈ ਅਤੇ ਆਸੇ ਪਾਸਿਓਂ ਤੋਂ ਜੁੱਤੀ ਟੁੱਟਣ ਲੱਗਦੀ ਹੈ। ਇਸ ਟੁੱਟੀ ਜੁੱਤੀ ਨੂੰ ਫਿਰ ਛਿੱਤਰ ਕਿਹਾ ਜਾਂਦਾ ਹੈ। ਜੇਕਰ ਉਸ ਦੇ ਆਸੇ ਪਾਸੇ ਦਾ ਚਮੜਾ ਮੁੜਨ ਲੱਗ ਜਾਵੇ ਤਾਂ ਉਸ ਨੂੰ ਫਿੱਡੇ ਛਿੱਤਰ ਵੀ ਕਿਹਾ ਜਾਂਦਾ ਹੈ। ਕਈ ਵਾਰ ਘਰ ਦੀਆਂ ਮਜਬੂਰੀਆਂ ਵਿੱਚ ਫਿੱਡੇ ਛਿੱਤਰ ਵੀ ਪਾਏ ਜਾਂਦੇ ਹਨ। ਕਿਸੇ ਪੜ੍ਹੇ ਲਿਖੇ ਵੱਲ ਵੇਖ ਕੇ ਪਤਨੀ ਆਪਣੇ ਪਤੀ ਨੂੰ ਇਹ ਕਹਿੰਦੀ ਹੈ ਕਿ ਉਹ ਫੌਜ ਵਿੱਚ ਭਰਤੀ ਹੋ ਜਾਵੇ ਤਾਂ ਕਿ ਉਹ ਵਧੀਆ ਬੂਟ ਪਾ ਲਵੇ। ਲੋਕ ਗੀਤਾਂ ਵਿੱਚ ਇਸ ਤਰ੍ਹਾਂ ਦਰਸਾਇਆ ਗਿਆ ਹੈ;

ਇੱਥੇ ਮਿਲਣਗੇ ਫਿੱਡੇ ਛਿੱਤਰ
ਉੱਥੇ ਮਿਲਣਗੇ ਬੂਟ।
ਭਰਤੀ ਹੋ ਜਾ ਵੇ
ਯਾਦ ਕਰਨ ਰੰਗਰੂਟ।

ਕੁਝ ਘਰਾਂ ਵਿੱਚ ਰਿਵਾਜ ਹੈ ਕਿ ਰਸੋਈ ਵਿੱਚ ਜੁੱਤੇ ਨਹੀਂ ਲਿਜਾਏ ਜਾਂਦੇ। ਇਹ ਸਿਰਫ਼ ਸੁੱਚਮ ਵਾਸਤੇ ਹੁੰਦਾ ਹੈ, ਪ੍ਰੰਤੂ ਵਿਗਿਆਨਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਜ਼ਰੂਰੀ ਵੀ ਹੈ ਕਿਉਂਕਿ ਬਾਹਰੋਂ ਗੰਦੀਆਂ ਥਾਵਾਂ ਤੋਂ ਜਦੋਂ ਕੋਈ ਬੂਟ ਲੈ ਕੇ ਆਉਂਦਾ ਹੈ ਜਾਂ ਜੁੱਤੀ ਉੱਤੇ ਲੈ ਕੇ ਆਉਂਦਾ ਹੈ ਤਾਂ ਉਸ ਨਾਲ ਅਨੇਕਾਂ ਹੀ ਕੀਟਾਣੂ ਆਉਂਦੇ ਹਨ ਜੋ ਸਾਡੇ ਭੋਜਨ ਉੱਤੇ ਬੈਠ ਕੇ ਬਿਮਾਰੀ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਜੁੱਤੀ ਨੂੰ ਰਸੋਈ ਵਿੱਚ ਲਿਜਾਣ ਦੀ ਮਨਾਹੀ ਕੀਤੀ ਜਾਂਦੀ ਹੈ।

ਜੁੱਤੀ ਚਮੜੇ ਦੀ ਹੀ ਬਣਦੀ ਹੈ ਭਾਵੇਂ ਉਸ 'ਤੇ ਕੋਈ ਕਢਾਈ ਕੀਤੀ ਹੋਵੇ ਤੇ ਭਾਵੇਂ ਉਹ ਸਾਦੀ ਹੋਵੇ। ਕਈ ਅਮੀਰ ਘਰ ਆਪਣੀਆਂ ਨੂੰਹਾਂ ਧੀਆਂ ਲਈ ਚਾਂਦੀ ਦੀਆਂ ਜੁੱਤੀਆਂ ਵੀ ਬਣਾਉਂਦੇ ਹਨ, ਪ੍ਰੰਤੂ ਉਹ ਚਾਂਦੀ ਵੀ ਚੰਮ 'ਤੇ ਹੀ ਜੜੀ ਹੁੰਦੀ ਹੈ। ਸੋ ਜੁੱਤੀ ਚਮੜੇ ਦੀ ਹੀ ਬਣਦੀ ਹੈ। ਜਦੋਂ ਕਿਸੇ ਨੇ ਕਿਸੇ 'ਤੇ ਗੁੱਸਾ ਕੱਢਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹ ਪੈਰ ਦੀ ਜੁੱਤੀ ਉਤਾਰ ਕੇ ਹੀ ਅਗਲੇ ਦੇ ਮਾਰਨ ਤੱਕ ਜਾਂਦਾ ਹੈ, ਇਹ ਉਸ ਦਾ ਸਭ ਤੋਂ ਪਹਿਲਾਂ ਹਥਿਆਰ ਹੈ।

ਘਰਾਂ ਵਿੱਚ ਸੁੱਖ ਸੁਵਿਧਾਵਾਂ ਹੁੰਦੇ ਹੋਏ ਵੀ ਜੇਕਰ ਕੋਈ ਪਤੀ ਆਪਣੀ ਪਤਨੀ ਨੂੰ ਮਜ਼ਾਕ ਵਿੱਚ ਕਿਸੇ ਅਜਿਹੇ ਕੰਮ ਨੂੰ ਕਰਨ ਲਈ ਕਹਿ ਦੇਵੇ ਜੋ ਉਸ ਤੋਂ ਆਸਾਨੀ ਨਾਲ ਹੋ ਸਕਦਾ ਹੋਵੇ ਤਾਂ ਉਸ ਸਮੇਂ ਔਰਤ ਆਪਣੀ ਜੁੱਤੀ ਵੱਲ ਵੀ ਇਸ਼ਾਰਾ ਕਰ ਦਿੰਦੀ ਹੈ। ਲੋਕ ਗੀਤਾਂ ਵਿੱਚ ਇਸ ਤਰ੍ਹਾਂ ਦੀ ਉਦਾਹਰਨ ਬਿਆਨ ਕੀਤੀ ਗਈ ਹੈ;

ਕਾਹਤੋਂ ਪਈਂ ਐਂ ਮੂੰਗੀਆ ਤਾਣੀ
ਨੀਂ ਉੱਠ ਕੇ ਦਲਾਵਾ ਦਲ਼ ਲੈ।

ਇਸ ਵਿੱਚ ਪਤੀ ਕਹਿੰਦਾ ਹੈ ਕਿ ਉਹ ਹਰੇ ਰੰਗ ਦੀ ਚੁੰਨੀ ਲੈ ਕੇ ਕਿਉਂ ਪਈ ਐ ? ਕਿਉਂ ਨਹੀਂ ਉਹ ਮੱਝਾਂ ਵਾਸਤੇ ਦਾਣਾ ਹੀ ਦਲ਼ ਲੈਂਦੀ। ਮਸ਼ੀਨਾਂ ਚੱਲਣ ਦੇ ਨਾਲ ਔਰਤਾਂ ਦੇ ਚੱਕੀ ਪੀਹਣ ਦਾ ਕੰਮ ਘਟ ਗਿਆ। ਸੋ ਹੱਥੀਂ ਕੀਤੇ ਜਾਣ ਵਾਲੇ ਕੰਮ ਨੂੰ ਮਸ਼ੀਨ ਦੀ ਸੁਵਿਧਾ ਮਿਲ ਜਾਣ 'ਤੇ ਔਰਤ ਮਜ਼ਾਕ ਵਿੱਚ ਹੀ ਜਵਾਬ ਦਿੰਦੀ ਹੈ;

ਮੇਰਾ ਖੌਸੜਾ ਚੱਕੀ ਨੂੰ ਹੱਥ ਲਾਵੇ
ਵੇ ਦਰ 'ਤੇ ਮਸ਼ੀਨ ਚੱਲਦੀ।

ਭਾਵ ਕਿ ਜਦੋਂ ਸੁਵਿਧਾ ਹੈ ਤਾਂ ਉਹ ਕਿਉਂ ਔਖੀ ਹੋਵੇ ? ਕਈ ਵਾਰ ਜਦੋਂ ਕੋਈ ਬੰਦਾ ਬਦਨਾਮੀ ਵਾਲਾ ਕੰਮ ਕਰੇ ਤਾਂ ਉਸ ਦੇ ਗਲ ਵਿੱਚ ਜੁੱਤੀਆਂ ਦਾ ਹਾਰ ਵੀ ਪਾਇਆ ਜਾਂਦਾ ਹੈ। ਜੁੱਤੀਆਂ ਦਾ ਹਾਰ ਪਾਉਣਾ ਉਸ ਦੀ ਹੋਰ ਵੀ ਬੇਇੱਜ਼ਤੀ ਕਰਨਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਜੁੱਤੀ ਸਾਡੇ ਜੀਵਨ ਦੀ ਮਹੱਤਵਪੂਰਨ ਚੀਜ਼ ਹੈ ਜਿਸ ਤੋਂ ਬਿਨਾਂ ਗੁਜ਼ਾਰਾ ਨਹੀਂ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਨਿਰਭਉ ਤੇ ਨਿਰਵੈਰ ਸਮਾਜ ਦਾ ਸੰਕਲਪ

ਡਾ. ਅਰਵਿੰਦਰ ਸਿੰਘ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਇਲਾਹੀ ਬਾਣੀ ਅਤੇ ਸਰਬਵਿਆਪੀ ਸਿੱਖਿਆਵਾਂ ਦਾ ਮੁਤਾਲਿਆ ਕਰਦੇ ਹੋਏ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖੀ ਏਕਤਾ, ਇੱਕ-ਦੂਜੇ ਦਾ ਸਤਿਕਾਰ, ਭਾਈਚਾਰਕ ਸਾਂਝ, ਆਪਸੀ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ ਅਤੇ ਪਰਸਪਰ ਸਹਿਯੋਗ ਨੂੰ ਵਧਾਉਣ ਦੇ ਮਨੋਰਥ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਕ ਆਦਰਸ਼ ਸਮਾਜ ਦੀ ਸਿਰਜਣਾ ਕੀਤੀ। ਅਜਿਹੇ ਆਦਰਸ਼ਕ ਸਮਾਜ ਨੂੰ ਸਿਰਜਣ ਲਈ, ਲੋਕਾਂ ਨੂੰ ਲਾਮਬੰਦ ਤੇ ਜਾਗਰੂਕ ਕਰਨ ਲਈ ਉਨ੍ਹਾਂ ਨੇ ਆਪਣਾ ਆਪ ਵਾਰ ਕੇ ਅਜਿਹੇ ਨਿਰਾਲੇ ਤੇ ਅਜ਼ੀਮੋਸ਼ਾਨ ਪੰਥ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਵਿਚ ਲਾਸਾਨੀ ਯੋਗਦਾਨ ਪਾਇਆ ਕਿ ਜਿਸ ਰਾਹੀਂ ਗ਼ਫ਼ਲਤ ਅਤੇ ਵਹਿਮਾਂ-ਭਰਮਾਂ ਵਿੱਚ ਭਟਕ ਰਹੇ ਲੋਕਾਂ ਨੂੰ ਜ਼ਹਾਲਤ, ਫਿਰਕਾਪ੍ਰਸਤੀ, ਤੰਗਦਿਲ ਸੋਚ ਅਤੇ ਨਿੱਜੀ ਮੁਫ਼ਾਦਾਂ ਦੀ ਦਲਦਲ 'ਚੋਂ ਬਾਹਰ ਕੱਢਿਆ ਜਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਅਤੇ ਸਰੋਕਾਰਾਂ ਵਿਚ ਦੱਬੇ-ਕੁਚਲੇ ਪੀੜਤ ਲੋਕਾਂ ਪ੍ਰਤੀ ਹਮਦਰਦੀ, ਜ਼ੁਲਮ ਦਾ ਟਾਕਰਾ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਨਸਲੀ ਭਿੰਨਤਾਵਾਂ ਦਾ ਸਤਿਕਾਰ ਸ਼ਾਮਿਲ ਹੈ। ਗੁਰੂ ਜੀ ਨੇ ਲੋਕਾਈ ਨੂੰ ਇੱਕ ਅਜਿਹੀ ਨਿਵੇਕਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ, ਜਿਸ ਨੂੰ ਅਪਣਾਉਣ ਪਿੱਛੋਂ ਇਨਸਾਨ ਸਚਿਆਰਾ, ਨਿਮਰ, ਨਿਰਸਵਾਰਥ, ਨਿਰਛਲ, ਨਿਰਭੈ, ਨਿਰਵੈਰ ਅਤੇ ਰਹਿਮਦਿਲ ਰਹਿੰਦੇ ਹੋਏ ਇਸ ਕਾਇਨਾਤ ਦੇ ਜ਼ਰੇ-ਜ਼ਰੇ 'ਚੋਂ ਉਸ ਪਰਵਰਦਗਾਰ ਦੀ ਹੋਂਦ ਨੂੰ ਮਹਿਸੂਸ ਕਰ ਸਕੇ। ਸ਼ਾਂਤਮਈ ਸਹਿਹੋਂਦ ਦੇ ਸੰਕਲਪ 'ਤੇ ਆਧਾਰਿਤ ਨਿਆਂਪੂਰਨ ਬਹੁ-ਸੱਭਿਆਚਾਰਕ ਸਮਾਜ ਦੇ ਸੰਕਲਪ ਦੀ ਪੁਰਜ਼ੋਰ ਵਕਾਲਤ ਕਰਦੇ ਹੋਏ ਗੁਰੂ ਜੀ ਨੇ ਬਿਹਤਰ, ਸੁਰੱਖਿਅਤ, ਸਥਿਰ ਅਤੇ ਰੌਸ਼ਨ ਭਵਿੱਖ ਲਈ ਰਾਜਸੀ ਅੱਤਿਆਚਾਰ, ਮਜ਼੍ਹਬੀ ਮੁਤੱਸਬੀਪੁਣੇ, ਨਾਬਰਾਬਰੀ, ਗੁਲਾਮੀ, ਸੱਭਿਆਚਾਰਕ ਤੇ ਨਸਲੀ ਟਕਰਾਅ ਦੀ ਸਥਿਤੀ ਨਾਲ ਨਜਿੱਠਣ ਲਈ ਸਰਬਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ।

ਗੁਰੂ ਜੀ ਨੇ ਨਜ਼ਰੀਆਤੀ, ਮਜ਼੍ਹਬੀ, ਨਸਲੀ, ਭਾਸ਼ਾਈ, ਜਾਤੀ, ਨਫ਼ਸੀਆਤੀ, ਸਕਾਫ਼ਤੀ ਅਤੇ ਇਲਾਕਾਈ ਆਧਾਰ 'ਤੇ ਮਿਲਦੀ ਕਸ਼ਮਕਸ਼ ਕਸ਼ੀਦਗੀ, ਇਖਤਲਾਫ਼ ਅਤੇ ਆਪਸੀ ਝਗੜਿਆਂ ਨੂੰ ਸਦੀਵੀ ਤੌਰ 'ਤੇ ਸੁਲਝਾਉਣ ਲਈ ਰਾਹ ਹਮਵਾਰ ਕਰਦੇ ਹੋਏ ਇਕ ਪੁਰਅਮਨ, ਪੁਰਸਕੂਨ, ਇਨਸਾਫ਼ ਪਸੰਦ, ਖੁਸ਼ਹਾਲ, ਮਾਨਵਤਾਵਾਦੀ ਅਤੇ ਬਹੁਲਵਾਦੀ ਸਮਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੁੱਚੀ ਮਾਨਵਤਾ ਨੂੰ ਆਪਣੀ ਇਲਾਹੀ ਬਾਣੀ ਰਾਹੀਂ ਨਵੀਂ ਸੇਧ ਦਿੱਤੀ। ਅਸਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਦਰਸ਼ ਸਮਾਜ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਆਦਰਸ਼ਾਂ ਨੂੰ ਸਮਰਪਿਤ ਜਾਤ ਰਹਿਤ, ਸ਼ੋਸ਼ਣ ਰਹਿਤ, ਜਬਰ ਰਹਿਤ, ਵਰਗ ਰਹਿਤ, ਭੇਦਭਾਵ ਰਹਿਤ ਅਤੇ ਨਿਆਂ 'ਤੇ ਆਧਾਰਿਤ ਇਕ ਅਜਿਹਾ ਆਦਰਸ਼ ਸਮਾਜ ਹੈ,



ਜਿਸ ਵਿੱਚ ਹਰ ਧਰਮ, ਜਾਤ, ਫਿਰਕੇ, ਵਰਗ ਜਾਂ ਸ਼੍ਰੇਣੀ ਨਾਲ ਸੰਬੰਧਿਤ ਪੁਰਸ਼ਾਂ ਤੇ ਔਰਤਾਂ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਕਰਨ ਦੇ ਬਰਾਬਰ ਮੌਕੇ ਹਾਸਿਲ ਹੋਣ ਅਤੇ ਮਨੁੱਖ ਇੱਕ ਖੁਸ਼ਹਾਲ ਤੇ ਸਨਮਾਨਜਨਕ ਜੀਵਨ ਗੁਜ਼ਾਰਨ ਦੇ ਸਮਰੱਥ ਹੋ ਸਕੇ। ਵੱਖ-ਵੱਖ ਜਾਤਾਂ, ਵਰਗਾਂ, ਧਰਮਾਂ, ਭਾਸ਼ਾਵਾਂ, ਕਿੱਤਿਆਂ ਅਤੇ ਖਿੱਤਿਆਂ ਨਾਲ ਸੰਬੰਧਿਤ ਲੋਕਾਂ ਲਈ ਗੁਰੂ ਜੀ ਵੱਲੋਂ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਗਈ, ਉਹ ਅੱਜ ਦੇ ਸਮੇਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਵਹਾਰ ਨਹੀਂ ਬਦਲਿਆ ਜਾਵੇਗਾ, ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਸਕੇਗੀ। ਉਨ੍ਹਾਂ ਨੇ ਸਮਾਜ ਵਿਚ ਮਿਲਦੀ ਕਾਣੀ ਵੰਡ, ਜਬਰ-ਜ਼ੁਲਮ, ਸਮਾਜਿਕ-ਸੱਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖ਼ਿਲਾਫ਼ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਬੇਖ਼ੌਫ਼ ਤੁਰਦੇ ਹੋਏ ਕੇਵਲ ਜ਼ੋਰਦਾਰ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਇਤਿਹਾਸ ਵਿੱਚ ਇੱਕ ਮਿਸਾਲ ਪੈਦਾ ਕੀਤੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਇਲਾਹੀ ਬਾਣੀ ਰਾਹੀਂ ਇੱਕ ਅਜਿਹੀ ਆਦਰਸ਼ਕ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿਸ ਵਿੱਚ ਸਮਾਜ ਦੇ ਦੱਬੇ-ਕੁਚਲੇ, ਕਮਜ਼ੋਰ ਤੇ ਪੀੜਤ ਵਰਗਾਂ ਨੂੰ ਸਵੈਮਾਣ ਦੀ ਭਾਵਨਾ ਨਾਲ ਜਿਊਣ ਲਈ ਬਿਹਤਰ ਪ੍ਰਸਥਿਤੀਆਂ ਪ੍ਰਾਪਤ ਹੋ ਸਕਣ। ਨਿਰਭਉ ਦੇ ਭੈਅ ਵਿੱਚ ਰਹਿੰਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਅਦਲ ਪ੍ਰਦਾਨ ਕਰਨ ਵਾਲੇ ਸ਼ਾਸਕ ਦਾ ਸ਼ਾਸਨ ਹੋਵੇ। ਸੇਵਾ ਤੇ ਸਿਮਰਨ ਦੇ ਰਾਹ 'ਤੇ ਚਲਦਿਆਂ ਹੱਕ-ਸੱਚ 'ਤੇ ਪਹਿਰਾ ਦੇਣ ਵਾਲੇ ਲੋਕ ਸੱਚੀ ਕਿਰਤ ਕਮਾਉਣ। ਹੱਥੀਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਬਹਾਲ ਹੋਵੇ। ਇਨਸਾਫ਼ ਪਸੰਦ ਮੁਨਸਿਫ਼ (ਨਿਆਂ ਕਰਨ ਵਾਲਾ) ਸੱਚ ਤੇ ਝੂਠ ਦਾ ਨਿਤਾਰਾ ਕਰਨ। ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਤੇ ਪ੍ਰਤੀਬੱਧ ਲੋਕ ਆਪਣੇ ਫ਼ਰਜ਼ਾਂ ਦੀ ਅਦਾਇਗੀ ਇਮਾਨਦਾਰੀ ਨਾਲ ਕਰਨ। ਦੇਸ਼, ਕੌਮ ਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਖਵਾਲੇ, ਆਪਣੇ ਦੇਸ਼, ਕੌਮ ਤੇ ਅਣਖ਼ ਲਈ ਮਰ ਮਿਟਣ ਵਾਲੇ ਜੁਝਾਰੂ ਅਤੇ ਆਪਣੇ ਰਿਜ਼ਕ ਲਈ ਆਪਣੇ ਰਾਜਕ ਨੂੰ ਸਦਾ ਰਾਜ਼ੀ ਰੱਖਣ ਵਾਲੇ ਲੋਕ ਸਾਨੂੰ ਚੁਫੇਰੇ ਵਿਚਰਦੇ ਹੋਏ ਦਿਖਾਈ ਦੇਣ। ਵਿਕਾਰਾਂ ਤੋਂ ਦੂਰ ਰਹਿਣ ਨੂੰ ਤਰਜੀਹ ਦਿੰਦੇ ਹੋਏ ਲੋਕ ਸਾਫ਼ਗੋਈ, ਸਦਾਕਤ, ਦਿਆਨਤਦਾਰੀ, ਸਬਰ, ਸ਼ੁਕਰ, ਸੰਜਮ, ਸਹਿਜ ਅਤੇ ਸੰਤੋਖ ਦੇ ਰਾਹ ਨੂੰ ਅਪਣਾਉਣ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਅਕਤੀਗਤ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਤਲ, ਜਾਬਰ ਅਤੇ ਮਗਰੂਰ ਹਾਕਮ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰ ਕਰਦਿਆਂ ਆਪਣੇ-ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ। ਉਨ੍ਹਾਂ ਵਲੋਂ ਦਰਸਾਏ ਗਏ ਮਾਰਗ 'ਤੇ ਚਲਦੇ ਹੋਏ ਸਾਹਿਬ-ਏ-ਕਮਾਲ, ਸਰਬੰਸਦਾਨੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਧੀਨ ਨਾ ਕੇਵਲ ਇਸ ਮੁਲਕ ਤੋਂ ਆਪਣਾ ਸਰਬੰਸ ਵਾਰਿਆ, ਸਗੋਂ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹੋਏ ਖ਼ਾਲਸਾ ਪੰਥ ਦੀ ਬੁਨਿਆਦ ਰੱਖੀ। ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੰਘਾਂ-ਸਿੰਘਣੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਨੂੰ ਹਕੀਕੀ ਰੂਪ ਦੇਣ ਲਈ ਸ਼ਹਾਦਤ ਦਾ ਜਾਮ ਪੀਤਾ। ਅਜੋਕੇ ਸਮੇਂ ਵਿਚ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਮੁੱਚੀ ਮਾਨਵ ਜਾਤੀ ਨੂੰ ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, ਜਾਤੀ ਤੇ ਸੱਭਿਆਚਾਰਕ ਵਲਗਣਾਂ ਤੋਂ ਨਿਜਾਤ ਦਿਵਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਦੁੱਤੀ ਫ਼ਲਸਫ਼ੇ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਦੀ ਬੇਹੱਦ ਲੋੜ ਹੈ।

-ਪ੍ਰਿੰਸੀਪਲ, ਗੁਰੂ ਨਾਨਕ ਖ਼ਾਲਸਾ ਕਾਲਜ, ਯਮੁਨਾਨਗਰ (ਹਰਿਆਣਾ)।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ



ਅਜੈਪਾਲ ਸਿੰਘ ਚਵਿੰਡਾ
9464265464

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਆਪ ਜੀ ਬਾਬਾ ਬਕਾਲਾ ਵਿਖੇ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉੱਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਇਸ ਕਾਰਨ ਗੁਰੂ ਜੀ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ :-

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਕਾ ਕੈ
ਕੰਚਨ ਮਾਟੀ ਮਾਨੈ॥ਰਹਾਉ॥ (ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ-
ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ਰਹਾਉ॥
(ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰਕੇ ਗਾਇਆ ਹੈ।

### ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ਼ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

### ਰਾਗ ਅਧੀਨ ਬਾਣੀ ਦੀ ਰਚਨਾ

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਪ ਜੀ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਆਪ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਾਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

### ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੂ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉੱਥੇ ਰਾਗੀ ਗੁਰਬਖ਼ਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

### ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ

ਗੁਰੂ ਜੀ ਨੇ ਆਪਣੇ ਤੋਂ ਪੂਰਵ ਗੁਰੂ ਸਾਹਿਬਾਨਾਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ 'ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਿਤ ਵੀ ਕੀਤਾ। ਆਪ ਜੀ ਨੇ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਹਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

### ਸਿੱਖ ਪ੍ਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ

ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ। ਉਪਰੋਕਤ ਵਿਚਾਰਧਾਰਾ ਅਨੁਸਾਰ ਸਪਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਹਨਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਿਤ ਕਰਨ ਦਾ ਯਤਨ ਕੀਤਾ। ਉਨ੍ਹਾਂ ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨ ਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿੱਖੜ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

"ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ਼ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।"

ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਲੇਖ

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ


ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੇ ਦੂਰ ਕਰ ਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ, ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਏ ਪਰ ਕੋਈ ਝਿਜਕ ਨਾਂਹ ਕੀਤੀ ਜਾਏ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੇ ਛੱਡੀ ਜਾਏ।

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ, ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਹੈ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਏ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜੀ ਲਗਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿੱਚ ਜ਼ੁਲਮ ਖ਼ਿਲਾਫ਼ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਲਾਸਾਨੀ ਸ਼ਹੀਦੀਆਂ ਦਰਜ਼ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸਿੱਖ ਇਤਿਹਾਸ ਵਿੱਚ ਸ਼ਹੀਦੀਆਂ ਦਾ ਦੌਰ ਸ਼ੁਰੂ ਹੁੰਦਾ ਹੈ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵੱਧਦੀ ਤਾਕਤ ਤੋਂ ਖਤਰਾ ਜਾਪਣ ਲੱਗਿਆ, ਟਕਰਾਓ ਲਾਜ਼ਮੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਕੌਮ ਤੇ ਆਉਣ ਵਾਲੇ ਖ਼ਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਆਪਣੀ ਸ਼ਹਾਦਤ ਦੀ ਮਿਸਾਲ ਦਿੱਤੀ।

ਇਸੇ ਸਿਲਸਿਲੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਅਤੇ ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇੱਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤਕ ਦੀ ਉਮਰ ਅੰਮ੍ਰਿਤਸਰ ਵਿੱਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ, ਬਹਾਦਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿੱਚ ਲੀਨ ਹੋ ਕੇ ਆਪਣੀਆਂ ਖ਼ਾਹਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿੱਚ ਵੀ ਨਿਪੁੰਨ ਸਨ। ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿੱਚ ਆਪ ਨੇ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਉਂ ਤਿਆਗ ਮਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ, ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾਮ ਬਕਾਲੇ' ਦਾ ਇਸ਼ਾਰਾ ਕੀਤਾ। ਇਸ ਨੂੰ ਇੱਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੈਰ ਮੁਸਲਮਾਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿੱਚ ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦੀ ਸ਼ਰਨ ਹੇਠ ਆਏ ਅਤੇ ਫ਼ਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਸਾਹਿਬ ਜੀ ਨੇ ਦ੍ਰਿੜ੍ਹ ਕਰਵਾਇਆ ਕਿ ਨਾ ਕਿਸੇ ਨੂੰ ਡਰਾਊ, ਨਾ ਕਿਸੇ ਤੋਂ ਡਰੋ। ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰ ਲਿਆ।



ਗੁਰੂ ਸਾਹਿਬ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਨੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰ ਲੈਣ ਦੇ ਲਾਲਚ ਦਿੱਤੇ ਗਏ, ਫਿਰ ਡਰਾਵੇ ਅਤੇ ਕਤਲ ਕਰ ਦੇਣ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ । ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿੱਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤਾ। ਗੁਰੂ ਸਾਹਿਬ ਜੀ ਅਡੋਲ ਰਹੇ। ਇਹ ਅਣ ਮਨੁੱਖੀ ਤਸ਼ੱਦਦ ਵੀ ਗੁਰੂ ਸਾਹਿਬ ਜੀ ਦੇ ਨਿਸਚੈ ਨੂੰ ਡੋਗ ਨਹੀਂ ਸਕਿਆ।

ਗੁਰੂ ਸਾਹਿਬ ਜੀ ਨੂੰ ਕੈਦ ਕਰ ਲਿਆ ਗਿਆ। ਅੰਤ ਸਰਕਾਰੀ ਹਾਕਮਾਂ , ਕਾਜ਼ੀ, ਮੌਲਵੀ ਨੇ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਹੁਕਮ ਸੁਣਾਇਆ ਕਿ ਕਲਮਾਂ ਪੜ੍ਹੋ ਅਤੇ ਮੁਸਲਮਾਨ ਹੋ ਜਾਵੋ। ਕਰਾਮਾਤਾਂ ਦਿਖਾਓ ਜਾਂ ਮਰਨ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਨੇ ਸ਼ਾਂਤ ਚਿੱਤ ਉੱਤਰ ਦਿੱਤਾ ਕਿ ਅਸਾਂ ਨਾ ਆਪਣਾ ਧਰਮ ਛੱਡਣਾ ਹੈ ਅਤੇ ਨਾ ਕੋਈ ਕਰਾਮਾਤ ਵਿਖਾਉਣੀ ਹੈ। ਅਸੀਂ ਮੌਤ ਦੀ ਸਜ਼ਾ ਲਈ ਤਿਆਰ ਹਾਂ। ਸਮਾਣੇ ਦੇ ਸੱਯਦ ਜਲਾਲਦੀਨ ਜਲਾਦ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ ਧੜ ਨਾਲੋਂ ਅਲਗ ਕਰਕੇ 24 ਨਵੰਬਰ 1675 ਨੂੰ ਸ਼ਹੀਦ ਕਰ ਦਿੱਤਾ। ਜਿਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਵਿੱਚ ਹਾਹਾਕਾਰ ਮੱਚ ਗਈ। ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਸ਼ਹਿਰ ਦੇ ਚਾਰ ਦਰਵਾਜ਼ਿਆਂ 'ਤੇ ਥਾਂ ਥਾਂ ਲਟਕਾ ਦਿੱਤਾ ਜਾਵੇ। ਔਰੰਗਜ਼ੇਬ ਦੇ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉੱਠੇ ਕਿ ਇੱਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਹੈ। ਲੋਕਾਂ ਵਿੱਚ ਭਗਦੜ ਮੱਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲ ਕੇ ਆਨੰਦਪੁਰ ਸਾਹਿਬ ਪਹੁੰਚਾਇਆ। ਉੱਥੇ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਜਿਥੇ ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ ਕਿ ਰੰਗਰੇਟਾ ਗੁਰੂ ਕਾ ਬੇਟਾ। ਭਾਈ ਲੱਖੀ ਸ਼ਾਹ ਵਣਜਾਰੇ ਅਤੇ ਭਾਈ ਊਦੇ ਸਿੰਘ ਜੀ ਨੇ ਵਿਉਂਤ ਬਣਾ ਕੇ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਇੱਕ ਰੂੰ ਨਾਲ ਲੱਦੇ ਗੱਡੇ ਵਿੱਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਕਿ ਸਰਕਾਰ ਨੂੰ ਖ਼ਬਰ ਨਾ ਹੋਵੇ। ਉੱਥੇ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਮਾਰਚ 29, 1676 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਦਸਵੇਂ ਗੁਰੂ ਵਜੋਂ ਜਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸੰਸਾਰ ਵਿੱਚ ਵਿਲੱਖਣ ਹੈ। ਇਹ ਕੁਰਬਾਨੀ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਗਈ ਹੈ। ਇਸ ਗੌਰਵਮਈ ਕੁਰਬਾਨੀ ਨੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਦੀ ਰੱਖਿਆ ਲਈ ਮਰ ਮਿਟਣ ਦਾ ਜਜ਼ਬਾ ਭਰਦੀ ਹੈ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਮਜਲੂਮਾਂ, ਨਿਤਾਣਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਜੋਸ਼ ਭਰਿਆ ਹੈ। ਆਪ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਹਮੇਸ਼ਾ ਪ੍ਰੇਰਣਾ ਸਰੋਤ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਆਦਰਸ਼ ਦਾ ਇੱਕ ਪਹਿਲੂ ਉਹਨਾਂ ਦੀ ਸ਼ਹੀਦੀ ਅਤੇ ਦੂਸਰਾ ਉਹਨਾਂ ਦੀ ਗੁਰਬਾਣੀ ਰਚਨਾ ਹੈ। ਜੋ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1706 ਵਿੱਚ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਦਰਜ ਕੀਤੀ ਗਈ। ਆਪ ਜੀ ਦੀ ਬਾਣੀ ਵਿੱਚ 59 ਪਦੇ (15 ਰਾਗਾਂ) ਵਿੱਚ ਅਤੇ 57 ਸਲੋਕ ਦਰਜ਼ ਹਨ ਕਿ ਇਹ ਰਚਨਾ ਪਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿੱਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ। ਦੋ ਜੀਵਨ ਸਥਿਤੀਆਂ ਸਮਾਨ ਅੰਤਰ ਇੱਕ ਮਾਇਆ ਅਤੇ ਦੂਸਰਾ ਪਰਮਾਤਮਾ ।ਪਹਿਲੀ ਸਥਿਤੀ ਸੰਸਾਰਕ ਹੈ, ਜਿਸ ਵਿੱਚ ਧੰਨ ਸੰਪਤੀ, ਕਾਮ, ਕ੍ਰੋਧ, ਲੋਭ, ਮੋਹ , ਹੰਕਾਰ ਦੀ ਪ੍ਰਵਿਰਤੀ ਹੈ। ਦੂਸਰੀ ਸਥਿਤੀ ਵਿੱਚ ਸੰਸਾਰ ਦੇ ਮੋਹ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਨੂੰ ਪਾਉਣਾ ਹੈ। ਨਾਮ ਦੁਆਰਾ ਮੁਕਤੀ ਦਾ ਰਾਹ ਹੈ। ਮਨੁੱਖ ਸੰਸਾਰਕ ਵਸਤੂਆਂ ਨੂੰ ਹੀ ਪੂਰਨ ਸਮਝਣ ਲੱਗਦਾ ਹੈ। ਉਹਨਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ। ਸੁੱਖਾਂ ਦੀ ਤਲਾਸ਼ ਵਿੱਚ ਭਟਕਦਾ ਹੈ। ਗੁਰੂ ਸਾਹਿਬ ਜੀ ਇਹਨਾਂ ਦੋਹਾਂ ਪ੍ਰਸਥਿਤੀਆਂ ਤੋਂ ਸੁਚੇਤ ਕਰਦੇ ਹਨ। ਨਾਮ ਨਾਲ ਜੋੜਦੇ ਹਨ। ਮਨੁੱਖ ਕੰਚਨ ਅਤੇ ਕਾਮਨੀ ਵਿੱਚ ਡੁੱਬ ਕੇ ਰਹਿ ਜਾਂਦਾ ਹੈ। ਹੋਰ ਗੁਰਬਾਣੀ ਵੇਰਵੇ ਹਨ:

ਹੇ ਭਾਈ, ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵੱਲੋਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ। ਫਿਰ ਵੀ ਇਹ ਖੋਟੀ ਮੱਤ ਵੱਲੋਂ ਹਟਦਾ ਨਹੀਂ।

ਹੇ ਭਾਈ ਮਾਇਆ ਦੇ ਨਸ਼ੇ ਵਿੱਚ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ। ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ। ਠੱਗੀ ਨਾਲ ਇਕੱਠੇ ਕੀਤੇ ਧੰਨ ਦੇ ਰਾਹੀਂ ਆਪਣਾ ਪੇਟ ਭਰਦਾ ਰਹਿੰਦਾ ਹੈ। ਹੇ ਭਾਈ ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ। ਕਿਸੇ ਦੀ ਵੀ ਦਿੱਤੀ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ, ਮੁੜ ਇਸ ਨੂੰ ਆਖ ਹੇ ਮਨ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ, ਜਿਸਦੀ ਬਰਕਤ ਨਾਲ ਤੇਰਾ ਜਨਮ ਮਨੋਰਥ ਹਲ ਹੋ ਜਾਵੇ।

ਮਨੁੱਖ ਨੂੰ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ। ਹੇ ਭਾਈ, ਜਿਹੜਾ ਮਨੁੱਖ ਦੁੱਖਾਂ ਵਿੱਚ ਘਬਰਾਉਂਦਾ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿੱਚ ਸੁੱਖਾਂ ਨਾਲ ਮੋਹ ਨਹੀਂ। ਕਿਸੇ ਕਿਸਮ ਦਾ ਡਰ ਨਹੀਂ। ਜਿਹੜਾ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ। ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।

ਹੇ ਭਾਈ ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ। ਕਿਸੇ ਦੀ ਖ਼ੁਸ਼ਮੰਦ ਨਹੀਂ, ਜਿਸ ਦੇ ਅੰਦਰ ਨਾ ਲੋਭ ਹੈ ਨਾ ਹੰਕਾਰ ਹੈ। ਜਿਹੜਾ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ। ਜਿਸ ਨੂੰ ਨਾ ਆਦਰ ਪੋਹ ਸਕਦਾ ਹੈ, ਨਾ ਨਰਾਦਰੀ। ਉਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਹੇ ਭਾਈ, ਜਿਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦਿੰਦਾ ਹੈ। ਜਗਤ ਤੋਂ ਨਿਰਮੋਹ ਰਹਿੰਦਾ ਹੈ। ਜਿਸ ਮਨੁੱਖ ਨੂੰ ਨਾ ਕਾਮ ਵਾਸਨਾ ਛੋਹ ਸਕਦੀ ਹੈ। ਨਾ ਕ੍ਰੋਧ ਛੋਹ ਸਕਦਾ ਹੈ। ਉਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰ ਹੇ ਨਾਨਕ , ਜਿਸ ਮਨੁੱਖ ਉੱਤੇ ਗੁਰੂ ਨੇ ਮਿਹਰ ਕੀਤੀ ਹੈ, ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਨਾਲ ਇਉਂ ਇੱਕ ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਵਿੱਚ ਵਸਦਾ ਹੈ। ਹੇ ਭਾਈ ਪਰਮਾਤਮਾ ਨੂੰ ਲੱਭਣ ਵਾਸਤੇ ਜੰਗਲਾਂ ਵਿੱਚ ਕਿਉਂ ਜਾਂਦਾ ਹੈ ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ। ਫਿਰ ਵੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਪੇਖ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵਸਦਾ ਹੈ। ਹੇ ਭਾਈ। ਫੁੱਲ ਦੀ ਸੁੰਗਧੀ ਜਿਵੇਂ ਫੁੱਲ ਵਿੱਚ ਹੀ ਵਸਦੀ ਹੈ, ਜਿਵੇਂ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵੱਸਦਾ ਹੈ। ਤਿਵੇਂ ਪਰਮਾਤਮਾ ਇੱਕ ਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿੱਚ ਲੱਭ। ਹੇ ਭਾਈ ਗੁਰੂ ਦਾ ਆਤਮਕ ਜੀਵਨ ਦਾ ਉਪਦੇਸ਼ ਇਹ ਦੱਸਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਅਤੇ ਆਪਣੇ ਸਰੀਰ ਤੋਂ ਬਾਹਰ ਹਰ ਥਾਂ ਇੱਕ ਪਰਮਾਤਮਾ ਨੂੰ ਵਸਦਾ ਸਮਝੋ। ਹੇ ਦਾਸ ਨਾਨਕ ਆਪਣਾ ਆਤਮਿਕ ਜੀਵਨ ਪ੍ਰੱਖਣ ਤੋਂ ਬਿਨਾਂ ਮਨ ਉੱਤੋਂ ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ। ਤੇ ਉਤਨਾ ਚਿਰ ਸਰਬ ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ।

ਜਦੋਂ ਪਰਮਾਤਮਾ ਨਾਲ ਸਾਂਝ ਪੈ ਜਾਂਦੀ ਏ ਤਾਂ ਡਰ ਮੁੱਕ ਜਾਂਦਾ ਹੈ। ਹੇ ਨਾਨਕ ਆਖ – ਹੇ ਮਾਨ ਸੁਣ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਿਕ ਜੀਵਨ ਦੀ ਸੂਝ ਵਾਲਾ ਸਮਝ।

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦੱਸੋ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਸਦਾ ਜਿਉਣਾ ਕਿਸ ਕੰਮ ?

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦਸ ਪਰਮਾਤਮਾ ਦੇ ਭਜਨ ਤੋਂ ਬਿਨਾ ਉਸਦਾ ਜਿਉਣਾ ਕਿਸ ਕੰਮ ?

ਹੇ ਨਾਨਕ ਆਖ ਹੇ ਮਨ ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਜਰੂਰ ਉਹ ਹੀ ਹੁੰਦਾ ਹੈ। ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਦੁੱਖਾਂ ਵਾਸਤੇ ਯਤਨ ਨਹੀਂ ਕਰਦਾ। ਪਰ ਫਿਰ ਵੀ ਰਜਾ ਅਨੁਸਾਰ ਦੁੱਖ ਭੀ ਆ ਹੀ ਪੈਂਦੇ ਹਨ। ਸੁੱਖ ਭੀ ਤਦੋਂ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਹੇ ਭਾਈ ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਫਾਹੀਆਂ ਮਨੁੱਖ ਨੂੰ ਆ ਪੈਂਦੀਆਂ ਹਨ, ਉਹਨਾਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਿਕ ਤਾਕਤ ਮੁੱਕ ਜਾਂਦੀ ਹੈ। ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਵੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ, ਆਖ ਹੇ ਹਰੀ , ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ। ਕਿਵੇਂ ਤੂੰ ਤੇਂਦੂਏ ਤੋਂ ਛਡਾਉਣ ਲਈ ਹਾਥੀ ਦਾ ਸਹਾਈ ਬਣਿਆ ਤਿਵੇਂ ਸਹਾਈ ਬਣ ਭਾਵ ਮਾਇਆ ਦੇ ਮੋਹ ਦੇ ਬੰਧਨਾ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ 'ਤੇ ਅਰਦਾਸ ਹੀ ਇੱਕ ਵਸੀਲਾ ਹੈ। ਹੇ ਭਾਈ ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਿਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ। ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫਲ ਹੋ ਸਕਦਾ ਹੈ, ਸੋ ਹੇ ਨਾਨਕ, ਆਖ ਹੇ ਪ੍ਰਭੂ ਸਭ ਕੁਝ ਤੇਰੇ ਹੱਥ ਵਿੱਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਮਦਦਗਾਰ ਹੋ ਸਕਦਾ ਹੈ।

# ਪਹਿਲਾਂ ਸਾਡੀ ਵਾਰੀ ਹੀ ਆਊ



ਅਵਤਾਰ ਐਸ. ਸੰਘਾ

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਪੰਜਾਬ ਦੇ ਦੁਆਬਾ ਖੇਤਰ ਵਿੱਚ ਇੰਗਲੈਂਡ ਤੇ ਫਿਰ ਕੈਨੇਡਾ ਨੂੰ ਦੌੜਨ ਦੀ ਹਨੇਰੀ ਹੀ ਝੁੱਲ ਗਈ ਸੀ। ਸੱਤਰਵਿਆਂ, ਅੱਸੀਵਿਆਂ ਤੇ ਨੱਬੇਵਿਆਂ ਵਿੱਚ ਉਹੀ ਵਿਆਹ, ਵਿਆਹ ਸਮਝੇ ਜਾਂਦੇ ਸਨ ਜਿਹੜੇ ਇਨ੍ਹਾਂ ਦੇਸ਼ਾਂ ਨੂੰ ਜਾਣ ਦਾ ਜ਼ਰੀਆ ਬਣਨ। ਜੱਟਾਂ ਦੇ ਬਹੁਤੇ ਮੁੰਡੇ ਤਾਂ ਕਾਲਜਾਂ ਵਿੱਚ ਸਿਰਫ਼ ਇਹ ਦਰਸਾਉਣ ਲਈ ਦਾਖਲਾ ਲੈ ਕੇ ਰੱਖਦੇ ਸਨ ਕਿ ਕੋਈ ਮਾਪੇ ਆਪਣੀ ਬਾਹਰੋਂ ਜਵਾਨ ਕੁੜੀ ਲੈ ਕੇ ਪੰਜਾਬ ਆਉਣ ਤੇ ਉਨ੍ਹਾਂ ਨੂੰ ਵਿਆਹ ਕੇ ਉੱਧਰ ਸੱਦ ਲੈਣ। ਕਾਲਜ ਵਿੱਚ ਦਾਖਲਾ ਤਾਂ ਇਸ ਲਈ ਲਿਆ ਹੁੰਦਾ ਸੀ ਕਿ ਬਾਹਰੋਂ ਆਉਣ ਵਾਲੀ ਪਾਰਟੀ ਨੂੰ ਦੱਸਿਆ ਜਾ ਸਕੇ ਕਿ ਮੁੰਡਾ ਬੀ.ਏ. ਜਾਂ ਐੱਮ.ਏ. ਕਰ ਰਿਹਾ ਏ। ਕਈ ਕੇਸਾਂ ਵਿੱਚ ਤਾਂ ਇੰਨੀ ਆਪੋ-ਧਾਪੀ ਪਈ ਹੁੰਦੀ ਸੀ ਕਿ ਐੱਮ.ਏ. ਪੂਰੀ ਹੋਣ ਤੋਂ ਪਹਿਲਾਂ ਹੀ ਕਿਤੇ ਟਾਂਕਾ ਫਿੱਟ ਹੋ ਜਾਵੇ। ਜੇ ਐੱਮ.ਏ. ਵਿੱਚੋਂ ਤੀਸਰੇ ਦਰਜੇ ਦੇ ਨੰਬਰ ਆ ਜਾਣ ਤਾਂ ਨਾ ਤਾਂ ਕਾਲਜ ਵਿੱਚ ਲੈਕਚਰਾਰਸ਼ਿਪ ਮਿਲਦੀ ਸੀ ਤੇ ਨਾ ਹੀ ਕੁੜੀ ਵਾਲਿਆਂ ਨੂੰ ਦੱਸਣ ਨੂੰ ਦਿਲ ਕਰਦਾ ਸੀ ਕਿ ਐੱਮ.ਏ ਦਾ ਸਕੋਰ ਕੀ ਆਇਆ ਸੀ। ਜੇ ਲੋਹੇ 'ਤੇ ਤੱਤੇ ਤੱਤੇ ਘਾਹ ਸੱਟ ਵੱਜ ਜਾਵੇ ਤਾਂ ਕੰਮ ਵਧੀਆ ਰਾਸ ਆ ਜਾਇਆ ਕਰਦਾ ਸੀ।

ਮੇਰੇ ਨਾਲ ਪੜ੍ਹਦੇ 15 ਕੁ ਕੇਸ ਅਜਿਹੇ ਸਨ ਜਿਹੜੇ ਐੱਮ.ਏ. ਕਰਦੇ ਹੀ ਸੋਹਣੇ ਵਕਤ ਜਹਾਜ਼ ਚੜ੍ਹ ਗਏ, ਨਹੀਂ ਤਾਂ ਉਨ੍ਹਾਂ ਦਾ ਇਹ ਹਾਲ ਹੋਣਾ ਸੀ- ਨਾ ਖੁਦਾ ਹੀ ਮਿਲਾ, ਨਾ ਵਿਸਾਲੇ ਸਨਮ। ਨਾ ਕਿਤੇ ਨੌਕਰੀ ਮਿਲਣੀ ਸੀ ਤੇ ਨਾ ਹੀ ਨੌਕਰੀ ਬਗੈਰ ਚੰਗਾ ਰਿਸ਼ਤਾ ਟੱਕਰਨਾ ਸੀ। ਬਾਅਦ ਵਿੱਚ ਮੇਰੇ 25 ਸਾਲ ਪੰਜਾਬ ਵਿੱਚ ਪੜ੍ਹਾਉਂਦੇ ਪੜ੍ਹਾਉਂਦੇ ਤਾਂ ਸ਼ਾਇਦ ਸੈਂਕੜੇ ਵਿਦਿਆਰਥੀ ਅਜਿਹੇ ਟੱਕਰੇ ਜਿਹੜੇ ਬਸ ਸਾਡੇ ਰਜਿਸਟਰ ਵਿੱਚ ਆਪਣਾ ਨਾਮ ਹੀ ਚਾਲੂ ਰੱਖਣਾ ਚਾਹੁੰਦੇ ਸਨ, ਜਮਾਤਾਂ ਭਾਵੇਂ ਲਗਾਉਣ ਜਾਂ ਨਾ ਲਗਾਉਣ ਤਾਂ ਕਿ ਬਾਹਰੋਂ ਆਉਣ ਵਾਲੀ ਪਾਰਟੀ ਨੂੰ ਦੱਸਿਆ ਜਾ ਸਕੇ ਕਿ ਲੜਕਾ ਗ੍ਰੈਜੂਏਸ਼ਨ ਜਾਂ ਪੋਸਟ ਗ੍ਰੈਜੂਏਸ਼ਨ ਕਰ ਰਿਹਾ ਏ। ਦੋ-ਤਿੰਨ ਤਾਂ ਮੇਰਠ ਤੇ ਦੇਹਰਾਦੂਨ ਦਾਖਲਾ ਲੈ ਕੇ ਆਪਣਾ ਮਾੜਾ ਮੋਟਾ ਸਕੋਰ ਛੁਪਾ ਕੇ ਬੈਠੇ ਸਨ। ਇਸ ਮਾੜੇ ਸਕੋਰ ਕਰਕੇ ਉਨ੍ਹਾਂ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਨੇ ਐੱਮ.ਏ ਵਿੱਚ ਦਾਖਲਾ ਨਹੀਂ ਦਿੱਤਾ ਸੀ। ਜੇ ਕੋਈ ਲੜਕੀ ਦੇਖਣ ਨੂੰ ਥੋੜ੍ਹੀ ਜਿਹੀ ਵੀ ਚੰਗੀ ਹੋਵੇ ਤਾਂ ਉਸ ਦਾ ਵਿਆਹ ਕਦੀ ਠੀਕ ਜਿਹੇ ਥਾਂ ਹੋ ਜਾਂਦਾ ਸੀ ਤੇ ਕਦੀ ਉਹ ਨਿਰ੍ਹੇ ਬੇਜੋੜ ਬੰਧਨ ਵਿੱਚ ਬੰਨ੍ਹ ਦਿੱਤੀ ਜਾਂਦੀ ਸੀ। ਇੰਗਲੈਂਡ ਤੋਂ ਆਏ ਮਾੜੇ ਮੋਟੇ ਪੜ੍ਹੇ ਬੰਦਿਆਂ ਨਾਲ ਐੱਮ.ਏ. ਪਾਸ ਕੁੜੀਆਂ ਅਕਸਰ ਵਿਆਹ ਦਿੱਤੀਆਂ ਜਾਂਦੀਆਂ ਸਨ। ਕਈ ਵਾਰ ਲੜਕੇ ਲੜਕੀ ਦੀ ਉਮਰ ਵਿੱਚ 15-20 ਸਾਲਾਂ ਦਾ ਫ਼ਰਕ ਵੀ ਹੁੰਦਾ ਸੀ। ਜਿਹੜੀਆਂ ਕੁੜੀਆਂ ਇੰਗਲੈਂਡ ਤੇ ਕੈਨੇਡਾ ਤੋਂ ਆ ਕੇ ਪੰਜਾਬ ਵਿੱਚ ਵਿਆਹ ਕਰਵਾਉਂਦੀਆਂ ਸਨ, ਉਹ ਦਿਮਾਗ਼ੀ ਤੌਰ 'ਤੇ ਤਾਂ ਤਕਰੀਬਨ ਖਾਲੀ ਹੀ ਹੁੰਦੀਆਂ ਸਨ। ਹਾਂ, ਕਲਫ ਕਹੀਆਂ ਲਾ ਕੇ ਤੇ ਸੋਹਣੇ ਜਿਹੇ ਕੱਪੜੇ ਪਹਿਨ ਕੇ ਉਹ ਵੱਡਿਆਂ ਘਰਾਂ ਦੇ ਦੇਸੀ ਕਾਕਿਆਂ ਨੂੰ ਮੋਹ ਲੈਣ ਦੇ ਕ੍ਰਿਸ਼ਮੇ ਦੀਆਂ ਮਾਲਕ ਜ਼ਰੂਰ ਹੁੰਦੀਆਂ ਸਨ। ਜਿੰਨਾ ਚਿਰ ਚੁੱਪ ਹੁੰਦੀਆਂ ਸਨ ਓਨਾਂ ਚਿਰ ਕਮਾਲ ਦੀ ਮੂਰਤ ਸਨ। ਜਦੋਂ ਬੋਲਦੀਆਂ ਤਾਂ ਨਿਰੀ ਘੈਂ ਘੈਂ ਤੇ ਤੈਂ ਤੈਂ।

ਉਨ੍ਹਾਂ ਦਿਨਾਂ ਵਿੱਚ ਮੇਰੇ ਕਈ ਸਮਕਾਲੀਆਂ ਨੇ ਸਾਵੀਂ ਸਿੱਕੀ ਬੀ.ਏ. ਕਰਕੇ ਐੱਮ.ਏ. ਅੰਗਰੇਜ਼ੀ, ਅਰਥ ਸ਼ਾਸਤਰ ਤੇ ਨਾਗਰਿਕ ਸ਼ਾਸਤਰ ਵਿੱਚ ਦਾਖਲਾ ਲੈ ਰੱਖਿਆ ਸੀ। ਇਨ੍ਹਾਂ ਸਭ ਦੀਆਂ ਬਾਹਰਲਾ ਰਿਸ਼ਤਾ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਬਾਹਰ ਦੇ ਰਿਸ਼ਤੇ ਦੀ ਝਾਕ ਵਿੱਚ ਇਹ ਕਾਕੇ ਐੱਮ.ਏ. ਦੀ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ ਸਨ। ਸਿੱਟੇ ਵਜੋਂ ਐੱਮ.ਏ. ਵਿੱਚ ਥਰਡ ਡਿਵੀਜ਼ਨ ਲੈ ਕੇ ਬੈਠ ਗਏ। ਇਨ੍ਹਾਂ ਵਿੱਚੋਂ ਦੋ ਤਿੰਨ ਘਰੋਂ ਚੰਗਾ ਖਾਂਦੇ ਪੀਂਦੇ ਸਨ। ਇਨ੍ਹਾਂ ਦੇ ਬਾਪ ਛੋਟੀਆਂ ਛੋਟੀਆਂ ਸਰਕਾਰੀ ਨੌਕਰੀਆਂ 'ਤੇ ਸਨ।

ਇਨ੍ਹਾਂ ਵਿੱਚੋਂ ਸੇਮੀ ਦਾ ਟਾਂਕਾ ਭਰਿਆ ਗਿਆ। ਇੱਕ ਪਾਰਟੀ ਕੈਨੇਡਾ ਤੋਂ ਆਈ ਸੀ। ਝੱਟ ਮੰਗਣੀ ਪੱਟ ਵਿਆਹ ਦੀ ਦੁਹਾਈ ਪੈ ਗਈ। ਇਹ ਪਟਾਕਾ ਪੈਣ ਤੋਂ ਬਾਅਦ ਸੇਮੀ ਨੇ ਆਮ ਜਿਹੇ ਦੋਸਤਾਂ ਜਾਂ ਵਾਕਫਾਂ ਨੂੰ ਤਾਂ ਮਿਲਣਾ ਹੀ ਬੰਦ ਕਰ ਦਿੱਤਾ। ਉਹ ਆਪਣੇ ਆਪ ਨੂੰ ਇਵੇਂ ਸਮਝਣ ਲੱਗ ਪਿਆ ਜਿਵੇਂ ਜੋਸਫ ਟਰੂਡੋ ਹੋਵੇ। ਜੋਸਫ ਟਰੂਡੋ ਉਦੋਂ ਕੈਨੇਡਾ ਦਾ ਪ੍ਰਧਾਨ ਮੰਤਰੀ ਹੁੰਦਾ ਸੀ। ਖੈਰ ਉਹ ਮੇਰੇ ਨਾਲ ਠੀਕ ਠਾਕ ਪੇਸ਼ ਆਉਂਦਾ ਰਿਹਾ ਕਿਉਂਕਿ ਮੇਰੀ ਅੰਗਰੇਜ਼ੀ ਚੰਗੀ ਸੀ ਤੇ ਮੈਂ ਫਸਟ ਜਮਾਤ ਤੇ ਅੰਗਰੇਜ਼ੀ ਦੀ ਬੀ.ਏ. ਆਨਰਜ਼ ਕਰਕੇ ਅੰਗਰੇਜ਼ੀ ਦੀ ਐੱਮ.ਏ. ਸੋਹਣੇ ਨੰਬਰਾਂ 'ਤੇ ਪੂਰੀ ਕਰ ਲਈ ਸੀ। ਮੈਨੂੰ ਐੱਮ.ਏ. ਕਰਦੇ ਸਾਰ ਕਾਲਜ ਵਿੱਚ ਲੈਕਚਰਾਰਸ਼ਿਪ ਵੀ ਮਿਲ ਗਈ ਸੀ। ਸਾਂ ਮੈਂ ਅਜੇ ਆਰਜ਼ੀ ਨੌਕਰੀ 'ਤੇ ਹੀ ਤੇ ਸਾਂ ਵੀ ਘਰੋਂ ਸੇਮੀ ਤੋਂ ਨੀਵਾਂ। ਮੇਰੇ ਮਾਪੇ ਅਨਪੜ੍ਹ ਸਨ ਤੇ ਜ਼ਮੀਨ ਵੀ ਘਟੀਆ ਤਰੀਕੇ ਨਾਲ ਵੰਡ ਹੋ ਕੇ ਸਾਨੂੰ ਥੋੜ੍ਹੀ ਹੀ ਆਉਂਦੀ ਸੀ।

ਮੇਰੇ ਇਨ੍ਹਾਂ ਸਮਕਾਲੀਆਂ ਨੂੰ ਲੱਗਦਾ ਸੀ ਕਿ ਜਨਰਲ ਕੈਟਾਗਰੀ ਵਾਲੇ ਭਾਵੇਂ ਚੰਗਾ ਸਕੋਰ ਵੀ ਕਰ ਲੈਣ ਤਾਂ ਵੀ ਵੱਡੀਆਂ ਤੇ ਚੰਗੀਆਂ ਨੌਕਰੀਆਂ ਤੋਂ ਵਿਰਵੇ ਰਹੀ ਜਾ ਰਹੇ ਸਨ। ਰਾਖਵੀਂ ਕੈਟਾਗਰੀ ਵਾਲੇ ਚੰਗੀਆਂ ਮੱਲਾਂ ਮਾਰੀ ਜਾ ਰਹੇ ਸਨ। ਸੇਮੀ ਮੈਨੂੰ ਸ਼ਹਿਰ ਵਿੱਚ ਇੱਕ ਧੋਬੀ ਦੀ ਦੁਕਾਨ 'ਤੇ ਆਮ ਮਿਲਦਾ ਹੁੰਦਾ ਸੀ।

"ਸੇਮੀ, ਮੈਂ ਕੀ ਸੁਣਦਾ ਹਾਂ ? ਕੀ ਇਹ ਸੱਚ ਏ ?"

"ਭਾਜੀ, ਮੈਨੂੰ ਤਾਂ ਆਪ ਯਕੀਨ ਨਹੀਂ ਆਉਂਦਾ। ਲੱਗਦਾ ਤਾਂ ਸੱਚ ਹੀ ਏ।"

"ਪਾਰਟੀ ਕਿਹੜੇ ਪਿੰਡ ਦੀ ਏ ?"

"ਹੁਸ਼ਿਆਰਪੁਰ ਨੇੜੇ ਬਸੀ ਮਹਿਮਾ ਸਿੰਘ ਦੇ ਨੇ। ਕਿਸੇ ਹੋਰ ਨੂੰ ਪਿੰਡ ਦਾ ਨਾਮ ਨਾ ਦੱਸੀਂ।"

"ਰਿਸ਼ਤਾ ਦੇਖ ਪਰਖ ਵੀ ਲਿਆ ਏ ਜਾਂ ਨਹੀਂ ?"

"ਭਾਜੀ, ਬਾਹਰੋਂ ਆਏ ਰਿਸ਼ਤੇ ਨੂੰ ਬਹੁਤਾ ਠੋਕ ਵਜਾ ਕੇ ਨਹੀਂ ਪਰਖਿਆ ਜਾ ਸਕਦਾ। ਬਾਹਰ ਵਾਲਿਆਂ ਨੂੰ ਤਾਂ ਲੋਕ ਲੱਭਦੇ ਫਿਰਦੇ ਨੇ।"

"ਲੜਕੀ ਦੀ ਤਸਵੀਰ ਤਾਂ ਦੇਖੀ ਹੋਊ ?"

"ਭਾਜੀ, ਬਾਹਰਲਿਆਂ ਤੋਂ ਤਸਵੀਰ ਸਿੱਧੀ ਨਹੀਂ ਮੰਗ ਹੁੰਦੀ। ਅਗਲਿਆਂ ਲਈ ਸਾਡੇ ਜਿਹੇ ਹੋਰ ਬਥੇਰੇ। ਮੈਂ ਤਾਂ ਐੱਮ.ਏ. ਵੀ ਮਸਾਂ ਮਸਾਂ ਸਾਵੇਂ ਸਿੱਕੇ ਨੰਬਰ ਲੈ ਕੇ ਕੀਤੀ ਏ। ਅਗਲਿਆਂ ਨੂੰ ਤਾਂ ਇੱਥੇ ਇੰਜੀਨੀਅਰ, ਡਾਕਟਰ ਡੁੰਗਣ ਨੂੰ ਫਿਰਦੇ ਨੇ। ਮੈਂ ਇਸ ਲਈ ਪੂਰਾ ਆਸਮੰਦ ਹਾਂ ਕਿਉਂਕਿ ਮੇਰੀ ਭੀਖੋਵਾਲ ਵਾਲੀ ਭੂਆ ਵਿੱਚ ਪਈ ਹੋਈ ਏ। ਉਹ ਉਨ੍ਹਾਂ ਦੇ ਬਹੁਤ ਨੇੜੇ ਹੈ। ਇਸ ਲਈ ਇੱਥੇ ਕਿਸੇ ਭਾਨੀਮਾਰ ਨੇ ਕਾਮਯਾਬ ਨਹੀਂ ਹੋਣਾ। ਮੈਂ ਤੈਨੂੰ ਵੀ ਤਾਂ ਹੀ ਪੂਰਾ ਪੂਰਾ ਪਤਾ ਦੱਸ ਦਿੱਤਾ। ਨਹੀਂ ਤਾਂ ਮੈਂ ਪੂਰਾ ਲੁਕੋਅ ਰੱਖਣਾ ਸੀ।"

"ਤੇਰਾ ਖ਼ਿਆਲ ਏ, ਮੈਂ ਵੀ ਦਾਅ ਮਾਰ ਸਕਦਾ ਹਾਂ ?"

"ਕੀ ਪਤਾ ਹੁੰਦਾ। ਤੇਰੇ ਨਾਲ ਤਾਂ ਹੁਣ ਪ੍ਰੋਫੈਸਰੀ ਦੀ ਪੂਛ ਵੀ ਲੱਗ ਗਈ ਏ। ਤੇਰੀ ਐੱਮ.ਏ. ਅੰਗਰੇਜ਼ੀ ਉਹ ਵੀ ਚੰਗੇ ਨੰਬਰਾਂ ਤੇ ਮੇਰੀ ਥਰਡ ਡਿਵੀਜ਼ਨ ਦੀ ਐੱਮ.ਏ. ਪੋਲੀਟੀਕਲ ਸਾਇੰਸ ਨਾਲੋਂ ਤਾਂ ਸੌ ਗੁਣਾ ਚੰਗੀ ਏ।" ਉਹ ਹੱਸਦਾ ਹੋਇਆ ਕਹਿਣ ਲੱਗਾ।

"ਜੇ ਅਗਲੇ ਅਖ਼ਬਾਰ ਵਿੱਚ ਦੇ ਦੇਣ ਫਿਰ ਤਾਂ ਰਿਸ਼ਤਿਆਂ ਦੀਆਂ ਲਾਈਨਾਂ ਲੱਗ ਜਾਣਗੀਆਂ। ਸਾਡਾ ਸਾਰਾ ਦੁਆਬਾ ਬਾਹਰ ਜਾਣ ਲਈ ਤਰਲੋ ਮੱਛੀ ਹੋਇਆ ਪਿਆ ਏ। ਪਿਛਲੇ ਹਫ਼ਤੇ ਇੱਕ ਨਵਾਂ ਹੀ ਭਾਣਾ ਵਰਤ ਗਿਐ।"

"ਕੀ ਹੋ ਗਿਐ ?"

"ਮੇਰੇ ਨਾਨਕਿਆਂ ਦਾ ਇੱਕ ਟੱਬਰ ਜਲੰਧਰ ਰਹਿੰਦਾ ਏ। ਉਨ੍ਹਾਂ ਦੀ ਸੋਹਣੀ ਸੁਨੱਖੀ ਕੁੜੀ ਨੇ ਐੱਮ.ਐੱਸਸੀ. ਕੀਤੀ। ਉਹ ਵੀ ਫਿਜ਼ਿਕਸ ਦੀ। ਇੰਗਲੈਂਡ ਤੋਂ ਇੱਕ ਜਨੌਰ ਜਿਹਾ ਆਇਆ। ਸੁਣਿਆ ਮਸਾਂ ਦਸ ਜਮਾਤਾਂ ਪਾਸ ਸੀ। ਲੈ ਕੇ ਉੱਡ ਗਿਐ। ਵੀਹ ਗਜ਼ ਦਾ ਘੱਗਰਾ ਸੱਠ ਗਜ਼ ਦੀ ਗੇੜੀ ਦੇ ਗਿਐ।"

"ਮੇਰੀ ਭੂਆ ਪੂਰੀ ਸ਼ਾਤਰ ਦਿਮਾਗ਼ ਏ। ਕੋਈ ਜਿੰਨਾ ਮਰਜ਼ੀ ਜ਼ੋਰ ਲਗਾ ਲਵੇ ਉਹਦੇ ਹੱਥੋਂ ਰਿਸ਼ਤਾ ਨਹੀਂ ਖੋਹ ਸਕਦਾ।"

"ਯਾਰ ਤੂੰ ਐੱਮ.ਏ. ਪਾਸ ਏਂ। ਐੱਮ.ਏ. ਪਾਸ ਦਾ ਦਿਮਾਗ਼ੀ ਪੱਧਰ ਸੋਹਣਾ ਉੱਚਾ ਹੁੰਦਾ ਏ। ਤੇਰੀ ਘਰਵਾਲੀ ਦਾ ਤੇਰੇ ਨਾਲ ਕੁਝ ਤਾਂ ਮੇਲ ਹੋਣਾ ਹੀ ਚਾਹੀਦਾ ਏ ?"

"ਵੀਰੇ, ਇੰਗਲੈਂਡ, ਕੈਨੇਡਾ ਵਿੱਚ ਪਹੁੰਚ ਜਾਣਾ ਹੀ ਕਾਫ਼ੀ ਏ। ਉੱਥੇ ਸਾਡਾ ਕਾਹਦਾ ਸਟੈਂਡਰਡ ਏ ? ਨਾਲੇ ਪਿੰਡੋਂ ਹੁਸ਼ਿਆਰਪੁਰ 25 ਮੀਲ ਏ। ਰਸਤੇ ਵਿੱਚ 25 ਹੀ ਚੋਅ ਹਨ। ਜ਼ਰਾ ਜਿਹਾ ਮੀਂਹ ਪੈ ਜਾਵੇ ਬੱਸਾਂ ਚੋਆਂ ਵਿੱਚ ਫਸੀਆਂ ਅੱਧਾ-ਅੱਧਾ ਘੰਟਾ ਘੈ ਘੈਂ ਕਰਦੀਆਂ ਰਹਿੰਦੀਆਂ ਹਨ। ਕਿੱਥੇ ਹੁਸ਼ਿਆਰਪੁਰ ਤੇ ਕਿੱਥੇ ਟੋਰਾਂਟੋ! ਕੈਨੇਡਾ ਦੇ ਸਕੂਲ ਦੀ ਪੜ੍ਹਾਈ ਹੀ ਸਾਡੀਆਂ ਇੱਧਰ ਦੀਆਂ ਪੀ.ਐੱਚਡੀਆਂ ਦੇ ਬਰਾਬਰ ਏ।"

"ਸੱਚੀਂ ?"

"ਕੋਈ ਸ਼ੱਕ ਏ ? ਮੇਰੇ ਤਾਂ ਜ਼ਮੀਨ 'ਤੇ ਪੈਰ ਨਹੀਂ ਲੱਗਦੇ। ਉਹ ਅਗਲੇ ਹਫ਼ਤੇ ਦਿੱਲੀ ਉਤਰਨਗੇ। ਬਸ ਉਸ ਤੋਂ ਇੱਕ ਹਫ਼ਤਾ ਬਾਅਦ ਮੰਗਣੀ ਕਰ ਜਾਣਗੇ। ਉਹ ਚਲੇ ਜਾਣਗੇ। ਮੈਂ ਛੇ ਮਹੀਨੇ ਦੇ ਵਿੱਚ ਹੀ ਟੋਰਾਂਟੋ ਹੋਵਾਂਗਾ।"

ਹਫ਼ਤਾ ਗੁਜ਼ਰ ਗਿਆ। ਪਾਰਟੀ ਪੰਜਾਬ ਆ ਗਈ। ਹੌਲੀ ਹੌਲੀ ਕਨਸੋਆਂ ਮਿਲਣ ਲੱਗ ਪਈਆਂ ਕਿ ਲੜਕੀ ਦੀਆਂ ਚਾਰ ਭੈਣਾਂ ਸਨ। ਪੰਜੇ ਭੈਣਾਂ ਹੀ ਭੈਣਾਂ ਸਨ, ਭਰਾ ਕੋਈ ਨਹੀਂ ਸੀ। ਮਾਪੇ ਅਨਪੜ੍ਹ ਸਨ। ਪਿਓ ਨਿਰਾਤਾ ਸਿੰਘ ਦਸ ਕੁ ਸਾਲ ਪਹਿਲਾਂ ਕਿਸੇ ਤਰੀਕੇ ਨਾਲ ਕੈਨੇਡਾ ਚਲਾ ਗਿਆ ਸੀ। ਪੰਜਾਬ ਵਿੱਚ ਉਹ ਰਾਜਗਿਰੀ ਕਰਦਾ ਹੁੰਦਾ ਸੀ। ਉਦੋਂ ਉਹਦੀਆਂ ਤਿੰਨ ਕੁੜੀਆਂ ਪੰਜਾਬ ਵਿੱਚ ਸਨ। ਹੱਲਿਆਂ ਵੇਲੇ ਮੁਸਲਮਾਨਾਂ ਦੀ ਕੁੜੀ ਇੱਧਰ ਰਹਿ ਗਈ ਸੀ। ਨਿਰਾਤੇ ਨੇ ਉਸ 'ਤੇ ਚਾਦਰ ਪਾ ਲਈ ਸੀ। ਕੁਝ ਸਮੇਂ ਵਿੱਚ ਘਰਵਾਲੀ ਇਨ੍ਹਾਂ ਤਿੰਨਾਂ ਨੂੰ ਲੈ ਕੇ ਟੋਰਾਂਟੋ ਉਹਦੇ ਪਾਸ ਚਲੀ ਗਈ ਸੀ। ਦੋ ਕੁੜੀਆਂ ਹੋਰ ਉੱਥੇ ਜਾ ਕੇ ਹੋਈਆਂ। ਸਭ ਤੋਂ ਵੱਡੀ ਹੁਣ ਸੇਮੀ ਨਾਲ ਵਿਆਹੀ ਜਾ ਰਹੀ ਸੀ। ਇਹ ਲੜਕੀ ਗੇਲੋ ਇੱਧਰੋਂ ਪੰਜਾਬ ਵਿੱਚੋਂ ਪੰਜਵੀਂ ਜਮਾਤ ਕਰਕੇ ਕੈਨੇਡਾ ਚਲੀ ਗਈ ਸੀ। ਉੱਥੇ ਜਾ ਕੇ ਮਾੜੀ ਮੋਟੀ ਪੜ੍ਹੀ ਸੀ। ਹੁਣ ਇਹ 26 ਸਾਲ ਦੀ ਸੀ। ਸੇਮੀ 23 ਸਾਲ ਦਾ ਸੀ। ਸੇਮੀ ਦੀ ਭੂਆ ਨੇ ਰਿਸ਼ਤਾ ਅੰਤਾਂ ਦਾ ਸੰਭਾਲ ਸੰਭਾਲ ਕੇ ਰੱਖਿਆ ਸੀ। ਕਿਸੇ ਨੂੰ ਲੜਕੀ ਗੇਲੋ ਦੇ ਪਿਛੋਕੜ ਬਾਰੇ ਬਹੁਤਾ ਦੱਸਿਆ ਹੀ ਨਹੀਂ ਸੀ।

ਸਾਨੂੰ ਸਭ ਮਿੱਤਰਾਂ ਤੇ ਵਾਕਫਾਂ ਨੂੰ ਮੰਗਣੀ ਜਮ੍ਹਾਂ ਵਿਆਹ ਦੇ ਕਾਰਡ ਮਿਲ ਗਏ। ਇਸ ਰਸਮ ਦੇ ਹੋ ਜਾਣ ਤੋਂ ਦਸ ਕੁ ਦਿਨ ਬਾਅਦ ਕੁੜੀ ਤੇ ਕੁੜੀ ਵਾਲਿਆਂ ਨੇ ਵਾਪਸ ਟੋਰਾਂਟੋ ਚਲੇ ਜਾਣਾ ਸੀ। ਸੇਮੀ ਦੇ ਜ਼ਮੀਨ 'ਤੇ ਪੱਬ ਨਹੀਂ ਸਨ ਲੱਗ ਰਹੇ। ਉਹਦੇ ਤੇ ਮੇਰੇ ਸਾਂਝੇ ਮਿੱਤਰ ਤੇ ਵਾਕਫ ਜੈਬੀ, ਜੀਤੀ, ਭੀਰਾ, ਦੇਵ ਤੇ ਜੱਸ ਸਭ ਸੋਚਾਂ ਵਿੱਚ ਸਨ - ਨਾ ਕਿਸੇ ਨੇ ਚੱਜ ਨਾਲ ਪੜ੍ਹਾਈ ਕੀਤੀ ਸੀ, ਨਾ ਕਿਤੇ ਨੌਕਰੀ ਮਿਲਣ ਦਾ ਹੀਲਾ ਬਣਨਾ ਸੀ, ਨਾ ਹੀ ਘਰ ਅਮੀਰ ਸਨ, ਥੋੜ੍ਹੀ ਥੋੜ੍ਹੀ ਜ਼ਮੀਨ ਸੀ, ਨਾ ਹੀ ਕੋਈ ਖ਼ਾਸ ਰਿਸ਼ਤੇਦਾਰ ਬਾਹਰ ਗਿਆ ਹੋਇਆ ਸੀ। ਬੀ.ਐਡ ਵਿੱਚ ਦਾਖਲਾ ਮਿਲਣਾ ਵੀ ਔਖਾ ਸੀ। ਇੱਥੋਂ ਤੱਕ ਕਿ ਕਿਸੇ ਨੇ ਟਾਈਪ ਤੇ ਸ਼ਾਰਟਹੈਂਡ ਦਾ ਕੋਰਸ ਵੀ ਨਹੀਂ ਸੀ ਕੀਤਾ। ਸਾਰੇ ਬਸ ਬਾਹਰ ਤੇ ਆਸ ਰੱਖੀ ਬੈਠੇ ਸਨ।

ਆਖਰ ਸੇਮੀ ਦੇ ਕਾਗਜ਼ ਪੂਰੇ ਹੁੰਦੇ ਗਏ। ਜਦ ਵੀ ਸੇਮੀ ਨੇ ਮਿਲਣਾ ਤਾਂ ਉਸ ਨੇ ਆਪਣੀ ਖ਼ੁਸ਼ੀ ਤਾਂ ਬੜਾ ਇਜ਼ਹਾਰ ਕਰਨਾ। ਦੋ ਕੁ ਵਾਰ ਤਾਂ ਸਾਨੂੰ ਕਾਕਟੇਲ ਪਾਰਟੀ ਵੀ ਦਿੱਤੀ। ਸਾਰਿਆਂ ਮਿੱਤਰਾਂ ਤੇ ਜਾਣਕਾਰਾਂ ਨੇ ਸੇਮੀ ਦੀ ਬੜੀ ਚਾਪਲੂਸੀ ਕਰਨੀ। ਹੁਣ ਉਹ ਅੱਕਾਂ ਵਿੱਚ ਰਿੰਡ ਪ੍ਰਧਾਨ ਵਾਂਗ ਲੱਗਦਾ ਹੁੰਦਾ ਸੀ। ਕੈਨੇਡਾ ਤੋਂ ਉਸ ਨੂੰ ਉਹਦੀ ਮੰਗੇਤਰ/ਪਤਨੀ ਦੇ ਫੋਨ ਆਉਣੇ। ਫੋਨ 'ਤੇ ਹੋਈਆਂ ਗੱਲਾਂ ਦੱਸ ਦੱਸ ਕੇ ਉਹਨੇ ਫੁੱਲਾ ਨਾ ਸਮਾਉਣਾ। ਮੈਨੂੰ ਆਪਣੇ ਸੈੱਟ ਹੋਣ ਦੀ ਆਸ ਦੀ ਕਿਰਨ ਤਾਂ ਕੁਝ ਨਜ਼ਰ ਆ ਹੀ ਰਹੀ ਸੀ। ਆਖਿਰ ਮੈਂ ਐੱਮ.ਏ. ਅੰਗਰੇਜ਼ੀ ਕਰ ਗਿਆ ਸਾਂ। ਲੋੜੀਂਦੀ ਡਿਵੀਜ਼ਨ ਵੀ ਬਣਾ ਗਿਆ ਸਾਂ। ਮੈਂ ਮਾੜੇ ਬਾਹਰਲੇ ਰਿਸ਼ਤਿਆਂ ਨਾਲੋਂ ਢੁੱਕਵੇਂ ਰਿਸ਼ਤਿਆਂ ਬਾਰੇ ਵੱਧ ਸੋਚਦਾ ਰਹਿੰਦਾ ਸਾਂ। ਉਹ ਇਹ ਸੋਚਦੇ ਸਨ ਕਿ ਬਾਹਰੋਂ ਆਈ ਪਾਰਟੀ ਮੈਨੂੰ ਤਾਂ ਪਸੰਦ ਕਰ ਹੀ ਲਊ ਕਿਉਂਕਿ ਮੈਂ ਅੰਗਰੇਜ਼ੀ ਦੀ ਐੱਮ.ਏ. ਸਾਂ। ਉਨ੍ਹਾਂ ਨੂੰ ਇਹ ਬਹੁਤ ਘੱਟ ਗਿਆਨ ਸੀ ਕਿ ਸਾਹਿਤ ਦੀ ਦਿਲ ਲਗਾ ਕੇ ਕੀਤੀ ਪੜ੍ਹਾਈ ਨੇ ਮੇਰਾ ਜੀਵਨ ਅਤੇ ਵਿਆਹ ਪ੍ਰਤੀ ਰਵੱਈਆ ਬਿਲਕੁਲ ਬਦਲ ਕੇ ਰੱਖ ਦਿੱਤਾ ਸੀ। ਉਨ੍ਹਾਂ ਅੰਦਰ ਤਾਂ ਬਾਹਰ ਜਾਣ ਦੀ ਜਵਾਲਾ ਦੇ ਭਾਂਬੜ ਮਚੇ ਹੋਏ ਸਨ।

ਇੱਕ ਦਿਨ ਸੇਮੀ ਦਾ ਜਹਾਜ਼ ਫੜਨ ਦਾ ਵਕਤ ਆ ਹੀ ਗਿਆ। ਜੈਬੀ, ਜੀਤੀ, ਭੀਰਾ, ਦੇਵ ਤੇ ਜੱਸ ਸੇਮੀ ਨਾਲ ਪਰਛਾਵਾਂ ਬਣ ਕੇ ਘੁੰਮਦੇ ਰਹੇ ਸਨ। ਮੈਂ ਨੌਕਰੀ ਕਰਦਾ ਸਾਂ ਤੇ ਸੇਮੀ ਨੂੰ ਮਿਲਣ ਦਾ ਸਮਾਂ ਕਦੀ ਕਦੀ ਹੀ ਕੱਢਦਾ ਸਾਂ। ਸੇਮੀ ਦੇ ਇਹ ਸਾਰੇ ਮਿੱਤਰ ਉਸ ਨਾਲ ਸ਼ਾਪਿੰਗ ਕਰਵਾਉਂਦੇ ਫਿਰਨ, ਕਚਹਿਰੀ ਵਿੱਚੋਂ ਵਿਆਹ ਦਾ ਸਰਟੀਫਿਕੇਟ ਬਣਵਾਉਂਦੇ ਫਿਰਨ, ਕਾਲਜ ਵਿੱਚੋਂ ਸਰਟੀਫਿਕੇਟ ਲੈਂਦੇ ਫਿਰਨ ਤੇ ਇੱਥੋਂ ਤੱਕ ਕਿ ਦਿੱਲੀ ਜਾਣ ਲਈ ਆਪਣੇ ਕਿਸੇ ਵਾਕਫ ਟੈਕਸੀ ਡਰਾਈਵਰ ਨੂੰ ਬੁੱਕ ਵੀ ਕਰਦੇ ਫਿਰਨ। ਇਵੇਂ ਲੱਗ ਰਿਹਾ ਸੀ ਜਿਵੇਂ ਸੇਮੀ ਕੋਈ ਮਹਾਰਾਜਾ ਹੋਵੇ, ਬਾਕੀ ਸਭ ਉਸ ਦੇ ਅਹਿਲਕਾਰ ਹੋਣ। ਸਾਰੇ ਦੇ ਸਾਰੇ ਸੇਮੀ ਤੇ ਪੂਰੇ ਪੈਰਾਸਾਈਟ ਬਣੇ ਹੋਏ ਸਨ। ਉਨ੍ਹਾਂ ਦੀ ਤਰਸਯੋਗ ਹਾਲਤ ਦੇਖ ਕੇ ਮੈਨੂੰ ਇੱਕ ਦ੍ਰਿਸ਼ ਯਾਦ ਆ ਗਿਆ। ਅਸੀਂ ਛੋਟੇ ਹੁੰਦੇ ਪਿੰਡੋ ਸ਼ਿਵਾਲਕ ਦੀਆਂ ਪਹਾੜੀਆਂ ਵੱਲੋਂ ਇੱਕ ਪਿੰਡ ਤੋਂ ਖੜ ਲੈਣ ਜਾਇਆ ਕਰਦੇ ਸਾਂ। ਗੱਡਾ ਲੈ ਕੇ ਜਾਣਾ ਰਾਹ ਵਿੱਚ ਇੱਕ ਟਾਹਲੀ ਦਾ ਬੜਾ ਭਾਰਾ ਦਰੱਖਤ ਹੁੰਦਾ ਸੀ। ਉਸ ਦਾ ਮੋਟਾ ਤਣਾ ਜ਼ਮੀਨ ਤੋਂ ਥੋੜ੍ਹਾ ਉੱਪਰ ਜਾ ਕੇ ਦੋ ਸਾਂਗੜਾਂ ਵਿੱਚ ਵੰਡ ਹੋ ਜਾਂਦਾ ਸੀ। ਇਨ੍ਹਾਂ ਸਾਂਗੜਾਂ ਦੇ ਵਿੱਚ ਇੱਕ ਪਿੱਪਲ ਦਾ ਹਰਾ ਭਰਾ ਬੂਟਾ ਉੱਗਿਆ ਹੁੰਦਾ ਸੀ। ਪਿੱਪਲ ਦੇ ਛੋਟੇ ਜਿਹੇ ਬੂਟੇ ਨੂੰ ਸਾਰੀ ਖੁਰਾਕ ਟਾਹਲੀ ਦੇ ਬੂਟੇ ਦੀ ਖੋੜ ਵਿੱਚੋਂ ਹੀ ਜਾਂਦੀ ਸੀ। ਅਸੀਂ ਸੋਚਣਾ ਦੇਖੋ ਟਾਹਲੀ ਕਿਵੇਂ ਇੱਕ ਹੋਰ ਬੂਟਾ ਪਾਲ ਰਹੀ ਏ। ਇਹ ਪਿੱਪਲ ਦਾ ਬੂਟਾ ਟਾਹਲੀ ਦਾ ਪਰਜੀਵੀ (ਪੈਰਾਸਾਈਟ) ਹੁੰਦਾ ਸੀ। ਹੁਣ ਮੈਨੂੰ ਸੇਮੀ ਦੇ ਤੇ ਮੇਰੇ ਇਹ ਸਭ ਮਿੱਤਰ ਤੇ ਵਾਕਿਫ਼ਕਾਰ ਸੇਮੀ ਦੁਆਲੇ ਸਿਮਟੇ ਪੈਰਾਸਾਈਟ ਲੱਗ ਰਹੇ ਸਨ। ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਉਨ੍ਹਾਂ ਦਾ ਇਹ ਮਿੱਤਰ ਟੋਰਾਂਟੋ ਪਹੁੰਚ ਕੇ ਉਨ੍ਹਾਂ ਦਾ ਦਿਨਾਂ ਮਹੀਨਿਆਂ ਵਿੱਚ ਹੀ ਕੋਈ ਜੁਗਾੜ ਕਰ ਦੇਊ। ਆਖਿਰ ਅਗਲੇ ਦੀਆਂ ਚਾਰ ਸਾਲੀਆਂ ਸਨ। ਜੈਬੀ ਤੇ ਜੀਤੀ ਤਾਂ ਪੂਰੀ ਤਰ੍ਹਾਂ ਠਾਣ ਚੁੱਕੇ ਸਨ ਕਿ ਉਨ੍ਹਾਂ ਦਾ ਕੰਮ ਬਣਿਆ ਕਿ ਬਣਿਆ। ਉਹ ਤਾਂ ਹੁਣ ਸੇਮੀ ਦੀ ਧੁਰ ਏਅਰਪੋਰਟ ਤੱਕ ਸੰਗਤ ਕਰਨਗੇ ਹੀ। ਇਹ ਸਭ ਨੂੰ ਨਜ਼ਰ ਆ ਰਿਹਾ ਸੀ। ਮੈਂ ਵੀ ਸੇਮੀ ਨੂੰ ਸਾਧਾਰਨ ਤੌਰ 'ਤੇ ਮਿਲੀ ਗਿਲੀ ਜਾ ਰਿਹਾ ਸਾਂ। ਜੈਬੀ ਤੇ ਜੀਤੀ ਨੂੰ ਪੂਰਾ ਸ਼ੱਕ ਸੀ ਕਿ ਮੈਂ ਵੀ ਸੇਮੀ ਦੇ ਵੱਧ ਨੇੜੇ ਆ ਰਿਹਾ ਹਾਂ ਤਾਂ ਕਿ ਉਹ ਮੇਰਾ ਵੀ ਬਾਹਰ ਟਾਂਕਾ ਫਿੱਟ ਕਰਵਾ ਦੇਵੇ। ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਮੈਨੂੰ ਅੰਗਰੇਜ਼ੀ ਸਾਹਿਤ ਦੇ ਕੀਤੇ ਅਧਿਐਨ ਨੇ ਕਿੰਨਾ ਬਦਲ ਦਿੱਤਾ ਸੀ। ਮੇਰੇ ਦਿਮਾਗ਼ ਵਿੱਚ ਤਾਂ ਸ਼ੇਕਸਪੀਅਰ, ਕੀਟਸ, ਸ਼ੈਲੀ, ਮਿਲਟਨ ਤੇ ਟੈਨੀਸਨ ਨੇ ਇੱਕ ਇਨਕਲਾਬ ਹੀ ਲਿਆ ਕੇ ਰੱਖ ਦਿੱਤਾ ਸੀ। ਮੇਰਾ ਸ਼ਾਦੀ ਲਈ ਚੋਣ ਦਾ ਦਾਇਰਾ ਹੁਣ ਕਾਫ਼ੀ ਵੱਧ ਚੁੱਕਾ ਸੀ। ਕਾਲਜਾਂ ਵਿੱਚ ਪੜ੍ਹਾਉਣ ਨਾਲ ਬੰਦੇ ਦੇ ਚੋਣ ਦੇ ਦਾਇਰੇ ਵੱਡੇ ਹੋ ਹੀ ਜਾਂਦੇ ਹਨ। ਜੈਬੀ ਐਂਡ ਪਾਰਟੀ ਨੂੰ ਮੇਰੇ ਅੰਦਰਲੀ ਇਸ ਤਬਦੀਲੀ ਦਾ ਬਹੁਤਾ ਅਹਿਸਾਸ ਨਹੀਂ ਸੀ ਹੋ ਰਿਹਾ। ਉਹ ਤਾਂ ਉਲਟ ਇਹ ਸੋਚਦੇ ਸਨ ਕਿ ਮੇਰੀ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਨੇ ਮੇਰੇ ਇੰਗਲੈਂਡ- ਕੈਨੇਡਾ ਨੂੰ ਵਿਆਹ ਦੇ ਆਧਾਰ 'ਤੇ ਜਾਣ ਦੇ ਆਸਾਰ ਵਧਾ ਦਿੱਤੇ ਸਨ। ਹਾਂ, ਮੈਂ ਬਾਹਰ ਜਾਣ ਦੀ ਇੰਨੀ ਕੁ ਲਾਲਸਾ ਜ਼ਰੂਰ ਰੱਖੀ ਬੈਠਾ ਸਾਂ ਕਿ ਮੈਨੂੰ ਉੱਧਰ ਕੋਈ ਕਿਸੇ ਯੂਨੀਵਰਸਿਟੀ ਵਿੱਚ ਫੈਲੋਸ਼ਿਪ ਦੁਆ ਦੇਵੇ। ਇਸ ਪ੍ਰਕਾਰ ਦੇ ਉੱਚ ਪੱਧਰੀ ਕੰਮ ਵਿੱਚ ਭਾਵੇਂ ਸੇਮੀ ਜਿਹਾ ਨਵਾਂ ਬੰਦਾ ਉੱਧਰ ਜਾ ਕੇ ਕੁਝ ਵੀ ਕਰਨ ਦੇ ਯੋਗ ਨਹੀਂ ਸੀ ਫਿਰ ਵੀ ਮਨ ਵਿੱਚ ਥੋੜ੍ਹਾ ਜਿਹਾ ਤਾਂ ਆ ਹੀ ਜਾਂਦਾ ਏ ਕਿ ਜੇ ਆਪਣਾ ਮਿੱਤਰ ਬਾਹਰ ਸੈੱਟ ਹੋਣ ਜਾ ਰਿਹਾ ਸੀ ਕੱਲ੍ਹ ਨੂੰ ਇਹ ਮੇਰੇ ਕਿਸੇ ਕੰਮ ਵੀ ਆ ਸਕਦਾ ਸੀ।

ਮੈਂ ਸੇਮੀ ਨੂੰ ਇੱਥੋਂ ਹੁਸ਼ਿਆਰਪੁਰ ਤੋਂ ਹੀ ਅਲਵਿਦਾ ਕਹਿ ਦੇਣਾ ਸੀ, ਪਰ ਮੈਂ ਵੀ ਉਸ ਨੂੰ ਦਿੱਲੀ ਏਅਰਪੋਰਟ ਤੱਕ ਜਾ ਕੇ ਛੱਡਣ ਦਾ ਇਰਾਦਾ ਬਣਾ ਹੀ ਲਿਆ। ਜਦ ਜੈਬੀ ਤੇ ਜੀਤੀ ਨੂੰ ਮੇਰੇ ਦਿੱਲੀ ਜਾਣ ਦਾ ਪਤਾ ਲੱਗਾ ਤਾਂ ਉਹ ਮੇਰੇ 'ਤੇ ਹੱਸਣ ਵੀ ਤੇ ਮੇਰੇ ਨਾਲ ਈਰਖਾ ਵੀ ਕਰਨ। ਉਹ ਸੋਚਣ ਕਿ ਉਹ ਸੇਮੀ ਦੇ ਵੱਧ ਨੇੜੇ ਸਨ ਤੇ ਐੱਮ.ਏ. ਦਾ ਸਕੋਰ ਪ੍ਰਾਪਤ ਕਰਨ ਵਿੱਚ ਵੀ ਉਹਦੇ ਜਿਹੇ ਹੀ ਸਨ। ਉਹ ਮੇਰੇ ਨਾਲ ਇਹ ਸੋਚ ਕੇ ਈਰਖਾ ਕਰਦੇ ਸਨ ਕਿ ਮੈਂ ਚੰਗਾ ਭਲਾ ਲੈਕਚਰਾਰ ਲੱਗਾ ਹੋਇਆ - ਉਹ ਵੀ ਅੰਗਰੇਜ਼ੀ ਦਾ, ਸੇਮੀ 'ਤੇ ਪੈਰਾਸਾਈਟ ਕਿਉਂ ਬਣ ਰਿਹਾ ਸਾਂ। ਉਹ ਤਾਂ ਸੇਮੀ ਦੀ ਚਾਪਲੂਸੀ ਲਈ ਅੱਡੀਆਂ ਗੋਡੇ ਰਗੜ ਰਹੇ ਸਨ। ਮੈਂ ਉਨ੍ਹਾਂ ਨੂੰ ਸੇਮੀ ਨੂੰ ਦਿੱਲੀ ਤੱਕ ਪਹੁੰਚ ਕੇ ਅਲਵਿਦਾ ਕਹਿੰਦਾ ਅਜੀਬ ਲੱਗ ਰਿਹਾ ਸਾਂ।

ਜਿਸ ਦਿਨ ਜਾਣਾ ਸੀ ਮੈਨੂੰ ਪਤਾ ਲੱਗਾ ਕਿ ਉਹ ਮੈਨੂੰ ਉਸ ਵਾਹਨ ਵਿੱਚ ਨਹੀਂ ਲਿਜਾਉਣਗੇ ਜਿਸ ਵਿੱਚ ਉਹ ਦੋਵੇਂ, ਉਸ ਦੇ ਮਾਂ-ਪਿਓ ਨਾਲ ਜਾ ਰਹੇ ਹਨ। ਮੈਂ ਉਨ੍ਹਾਂ ਨੂੰ ਵੈਸੇ ਵੀ ਵਾਧੂ ਜਿਹਾ ਭਾਰ ਲੱਗ ਰਿਹਾ ਸਾਂ। ਮੈਨੂੰ ਉਨ੍ਹਾਂ ਤੋਂ ਥੋੜ੍ਹਾ ਡਰ ਵੀ ਲੱਗਣ ਲੱਗ ਪਿਆ ਸੀ। ਉਨ੍ਹਾਂ ਨੂੰ ਇੰਝ ਲੱਗਦਾ ਸੀ ਕਿ ਮੈਂ ਉਨ੍ਹਾਂ ਦਾ ਸ਼ਰੀਕ ਹੋਵਾਂ। ਮੈਨੂੰ ਸੇਮੀ ਦੀ ਉਡਾਨ ਦੇ ਸਮੇਂ ਅਤੇ ਤਾਰੀਖ ਦਾ ਪਤਾ ਸੀ। ਮੈਂ ਹੁਸ਼ਿਆਰਪੁਰ ਤੋਂ ਸਿੱਧੀ ਪਠਾਨਕੋਟ ਦਿੱਲੀ ਵਾਲੀ ਬੱਸ ਫੜੀ। ਦਿੱਲੀ ਅੰਤਰਰਾਜੀ ਬੱਸ ਅੱਡੇ ਤੋਂ ਮੈਂ ਆਟੋ ਲਿਆ ਤੇ ਹਵਾਈ ਅੱਡੇ 'ਤੇ ਪਹੁੰਚ ਗਿਆ। (ਬਾਕੀ ਸਫ਼ਾ 27 'ਤੇ)

# ਮੇਰੀ ਕਲਮ



## ਸੁਣ ਕੁੜੀਏ ਨੀ

ਅਮਨਦੀਪ ਕੌਰ ਜੋਗਾ

ਸੁਣ ਕੁੜੀਏ ਨੀ,
ਪੁੰਗਰਦੀ ਕਰੂੰਬਲੇ ਨੀ
ਤੂੰ ਅੰਬਰਾਂ 'ਤੇ ਕਿੱਕਲੀ ਪਾ
ਇਹ ਸਾਰਾ ਹੀ ਜ਼ਮਾਨਾ
ਬਣਿਆ ਤੇਰਾ ਹੀ ਦੀਵਾਨਾ
ਮੈਂ ਰੂਪ ਦੀ ਮਲਿਕਾ ਨਹੀਂ
ਅਕਲਾਂ ਦੀ ਵੀ ਹਾਂ ਵਾਰਿਸ
ਤੂੰ ਇਨ੍ਹਾਂ ਨੂੰ ਵਿਖਾ
ਸੁਣ ਕੁੜੀਏ ਨੀ
ਵੇਖ ਏਸ ਜੱਗ ਦੀ ਹੈ ਰੀਤ
ਤੇਰੇ ਜੰਮਣ 'ਤੇ ਮਾਰੇ ਚੀਕ
ਨਿਭਾਂਵਦੀ ਏ ਭਾਵੇਂ ਤੂੰ ਆਪਣੇ ਫਰਜ਼
ਮਾਂ, ਭੈਣ, ਪਤਨੀ ਤੇ ਧੀ ਦੇ ਰੂਪ 'ਚ
ਫਿਰ ਵੀ ਇਨ੍ਹਾਂ ਨੂੰ ਤਾਂ ਅਸਲੀ ਵਾਰਿਸ ਦੀ
ਉਡੀਕ, ਮਾਰਨ ਤੇਰੇ 'ਤੇ ਲੀਕ
ਇਨ੍ਹਾਂ ਨੂੰ ਤੂੰ ਆਪਣੀ ਹੈਸੀਅਤ ਵਿਖਾ
ਸੁਣ ਕੁੜੀਏ ਨੀ
ਨੀ ਤੂੰ ਸਦਾ ਹੱਸਦੀ ਵੀ ਰਹਿ
ਆਪਣਿਆਂ ਦੇ ਵਿਹੜੇ ਵੱਸਦੀ ਵੀ ਰਹਿ
ਸਮਝਣ ਜੋ ਤੈਨੂੰ ਲੋੜ ਦਾ ਸਮਾਨ
ਉਨ੍ਹਾਂ ਨੂੰ ਤੂੰ ਉਨ੍ਹਾਂ ਦੀ ਉਕਾਤ ਵਿਖਾ
ਕਦਮਾਂ ਨਾਲ ਕਦਮ ਮਿਲਾ ਕੇ
ਬਰਾਬਰਤਾ ਦਾ ਹੱਕ ਜਿਤਾ
ਸੁਣ ਕੁੜੀਏ ਨੀ

## ਧੁੰਦ ਭਰਿਆ ਰਾਹ



ਕਰਮਜੀਤ ਕੌਰ ਕਿਸ਼ਾਂਵਲ

ਅੰਦਰ ਦੀ
ਧੁਰ ਤਹਿ ਤੱਕ
ਅੱਪੜਨ ਵਾਸਤੇ
ਖ਼ੁਦ ਹੀ ਤਹਿ ਕਰਨਾ ਪੈਣਾ
ਸੋਚਾਂ ਦੀਆਂ ਉਲਝਣਾਂ ਦਾ
ਧੁੰਦ ਭਰਿਆ ਰਾਹ
ਇਸ ਸਫ਼ਰ 'ਤੇ ਚੱਲਦਿਆਂ
ਰਸਤਿਆਂ ਦੀ ਰੇਤ ਦਾ ਇਲਮ
ਇਸ ਕਦਰ ਹੋ ਰਿਹਾ
ਕਿ ਜਾਪਦਾ
ਪੈਰਾਂ ਦੀਆਂ ਤਲੀਆਂ 'ਚ
'ਅੱਖਾਂ ਦੇ ਉੱਗ' ਜਾਣ ਵਰਗਾ
ਕੁੱਝ ਵਾਪਰ ਗਿਆ ਹੈ !

## ਨਾਰੀ ਕ੍ਰਿਕਟ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308






ਬਹਾਦਰ ਕੁੜੀਆਂ ਨੂੰ ਚਿੜੀਆਂ ਨਹੀਂ, ਬਾਜ਼ ਕਹੋ,
ਪੱਥਰ ਕਹਿ ਕੇ ਭੰਡੋ ਨਾ, ਸਿਰਤਾਜ ਕਹੋ।
ਮੌਕਾ ਦੇ ਕੇ ਦੇਖੋ ਕਿਵੇਂ, ਕਮਾਲ ਦਿਖਾਉਂਦੀਆਂ ਨੇ,
ਵਿਰੋਧੀਆਂ ਦੇ ਫਿਰ ਦੇਖੋ, ਕਿਵੇਂ ਛੱਕੇ ਛੁਡਾਉਂਦੀਆ ਨੇ।
ਚੌਕੇ ਛਿੱਕੇ ਦੇਖ ਕੇ ਦੁਨੀਆ, ਮੂੰਹ ਉਂਗਲਾਂ ਪਾ ਬੈਠੀ,
ਵਿਰੋਧੀਆਂ ਕੋਲੋਂ ਝੱਲੀ ਗਈ ਨਾ, ਹੁੰਦੀ ਇਹ ਹੇਠੀ।
ਗਰੀਬਾਂ ਦੀ ਪਰਾਤ ਦਾ ਢਿੱਲਾ, ਆਟਾ ਵੀ ਹੁੰਦਾ ਹੈ,
ਕੌਣ ਕਿਸੇ ਦੀ ਬਾਂਹ ਫੜਦਾ, ਜਾਂ ਧਰਵਾਸਾ ਦਿੰਦਾ ਹੈ।
ਆਪੇ ਉਤੇ ਬੀਤਦੀ ਖੁਦ ਹੀ, ਨਿਪਟਾਉਣੀ ਪੈਂਦੀ ਹੈ,
ਹਰ ਦਮ ਸਿਰ 'ਤੇ ਧੜ ਦੀ, ਬਾਜ਼ੀ ਲਾਉਣੀ ਪੈਂਦੀ ਹੈ।
ਹਰ ਲੜਕੀ ਦੀ ਕਹਾਣੀ, ਜ਼ਰਾ ਪੁੱਛ ਕੇ ਤਾਂ ਦੇਖੋ,
ਉਨ੍ਹਾਂ ਦੀਆਂ ਪੈੜਾਂ ਵਿੱਚ ਪੈਰ, ਰੱਖ ਕੇ ਤਾਂ ਦੇਖੋ।
ਸੰਘਰਸ਼ ਤੋਂ ਸਫਲਤਾ ਦਾ ਰਸਤਾ, ਛੋਟਾ ਨਹੀਂ ਹੁੰਦਾ,
ਆਪਾ ਵਾਰ ਕੇ ਮੰਜ਼ਿਲ 'ਤੇ ਪਹੁੰਚੇ, ਕੋਈ ਕੋਈ ਬੰਦਾ।
ਟੀਸੀ ਉੱਤੇ ਪਹੁੰਚਣ ਦਾ ਆਨੰਦ, ਅਨੋਖਾ ਹੁੰਦਾ ਹੈ,
ਟੀਸੀ ਉੱਤੇ ਟਿਕਣਾ ਵੀ ਬੜਾ, ਔਖਾ ਹੁੰਦਾ ਹੈ।
ਸਿਰੜ ਦੀ ਸਾਰੀ ਕੀਮਤ, ਬੜੀ ਹੀ ਮਹਿੰਗੀ ਪੈਂਦੀ ਹੈ,
ਲੜਕੀ ਨੂੰ ਕਿਹੜੀ ਕਿਹੜੀ, ਗੱਲ ਸਹਿਣੀ ਪੈਂਦੀ ਹੈ।
ਆਓ ਇਨ੍ਹਾਂ ਬਹਾਦਰ ਕੁੜੀਆਂ ਨੂੰ, ਅਸੀਂ ਜਤਲਾ ਦੇਈਏ,
ਸਾਡੇ 'ਤੇ ਕੀਤੇ ਅਹਿਸਾਨਾਂ ਦਾ, ਕਰਜ਼ਾ ਲਾਹ ਦੇਈਏ।
ਗ਼ਰੀਬੀ ਵਿੱਚੋਂ ਨਿਕਲ, ਇਨ੍ਹਾਂ ਨੂੰ ਜੀਣਾ ਆ ਜਾਵੇ,
ਬੁੱਚੜ ਕੋਈ ਕਿਤੇ ਇਨ੍ਹਾਂ ਨੂੰ, ਐਵੇਂ ਨਾ ਖਾ ਜਾਵੇ।

## ਕਣਕ ਕਿਸਾਨ ਦੀ

ਹਰਪ੍ਰੀਤ ਕੌਰ ਸੰਧੂ

ਸੜਕਾਂ 'ਤੇ
ਧਰਨੇ ਦੇ ਰਹੇ ਕਿਸਾਨ
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ
ਘਰੋਂ ਆਏ ਖਾ ਕੇ ਪਰੌਂਠੇ
ਪਰੌਂਠੇ ਕਣਕ ਦੇ
ਕਣਕ ਕਿਸਾਨ ਦੀ
ਦਫ਼ਤਰਾਂ ਵਿੱਚ ਬੈਠੇ ਅਫ਼ਸਰ
ਦੇ ਰਹੇ ਕਿਸਾਨ ਵਿਰੋਧੀ ਹੁਕਮ
ਘਰੋਂ ਖਾ ਕੇ ਆਏ
ਬ੍ਰਾਊਨ ਬ੍ਰੈੱਡ
ਬ੍ਰੈੱਡ ਕਣਕ ਦੀ
ਕਣਕ ਕਿਸਾਨ ਦੀ
ਸੰਸਦ ਵਿੱਚ ਬੈਠੇ ਨੇਤਾ
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ
ਸੰਸਦ ਦੀ ਕੰਟੀਨ 'ਚੋਂ
ਸਸਤੇ ਮੁੱਲ 'ਤੇ ਖਾ ਕੇ ਆਏ ਡੋਸੇ
ਡੋਸੇ ਬਣੇ ਦਾਲ ਤੇ ਚੌਲ ਦੇ
ਦਾਲ ਤੇ ਚੌਲ ਕਿਸਾਨ ਦੇ।
ਖ਼ਬਰਾਂ ਕਰ ਰਹੇ ਪੱਤਰਕਾਰ
ਘਰੋਂ ਖਾ ਕੇ ਆਏ ਪੂਰੀਆਂ
ਪੂਰੀਆਂ ਆਟੇ ਦੀਆਂ
ਆਟਾ ਕਣਕ ਦਾ
ਕਣਕ ਕਿਸਾਨ ਦੀ
ਟੀ.ਵੀ. ਮੂਹਰੇ ਬੈਠੇ
ਅਸੀਂ ਸੁਣ ਰਹੇ ਤਕਰੀਰਾਂ
ਖਾ ਕੇ ਬੈਠੇ ਭਠੂਰੇ
ਭਠੂਰੇ ਮੈਦੇ ਦੇ
ਮੈਦਾ ਕਣਕ ਦਾ
ਤੇ ਕਣਕ ਕਿਸਾਨ ਦੀ।

## ਚੁੱਪ ਦਾ ਜੰਗਲ



ਸਰਬਜੀਤ ਕੌਰ ਜੱਸ

ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ!

## ਦਿਲ ਦੇ ਬੋਲ



ਡਾ. ਸਤਿੰਦਰਜੀਤ ਕੌਰ

ਤੇਰੇ ਬਾਝ ਮੇਰੇ ਨੇਤਰ ਨਮ।
ਹਿਜ਼ਰ ਦੇ ਖਾਧੇ ਡੂੰਘੇ ਗਮ।
ਆਪਾਂ ਇਸ਼ਕ ਦੀ ਸੂਲੀ ਚੜ੍ਹ ਗਏ,
ਹੁਣ ਤਾਂ ਭਾਵੇਂ ਲਹਿ ਜਾਵੇ ਚੰਮ।
ਪਲਕੋਂ ਡਿੱਗਣੋਂ ਨੀਰ ਨਾ ਰੁਕਦਾ,
ਹੁਣ ਤਾਂ ਔਖੇ ਆਵਣ ਦਮ।
ਲੋਹੇ ਦਾ ਹੈ ਸ਼ਹਿਰ ਬਟਾਲਾ,
ਜ਼ੰਗ ਗਿਆ ਹੈ ਦਿਲ ਵਿੱਚ ਜੰਮ।
ਉਹ ਹੀ ਕੌਮਾਂ ਵੱਸਣ ਰੱਸਣ,
ਦਿਨੇ ਰਾਤ ਜੋ ਕਰਦੀਆਂ ਕੰਮ।
ਵਕਤ ਗਵਾਚਾ ਮੁੜ ਨਾ ਲੱਭਦਾ,
ਲੱਭਦਿਆਂ ਪੈ ਜਾਵਣ ਖ਼ਮ।
ਹਰ ਇੱਕ ਦਿਲ ਦਾ ਸਾਫ਼ ਨਾ ਹੋਵੇ,
ਇਹ ਗੱਲ ਪੱਕੀ ਬੁੱਟਰ ਥੰਮ।

## ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲਗਦੇ ਨੇ

ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲਗਦੇ ਨੇ
ਇਹ ਪਿੰਜਰੇ ਪਿਘਲ ਜਾਂਦੇ ਨੇ ਸ਼ਿਕਾਰੀ ਡਰਨ ਲਗਦੇ ਨੇ
ਕਦੋਂ ਤੱਕ ਰੱਖਿਆ ਜਾਂਦਾ ਦਬਾ ਕੇ ਜਿਉਣ ਦਾ ਜਜ਼ਬਾ
ਲਹੂ 'ਚੋਂ ਲਹਿਰ ਜਦ ਉਠਦੀ ਕਿਨਾਰੇ ਖਰਨ ਲਗਦੇ ਨੇ
ਉਹ ਪਾ ਕੇ ਝਾਂਜਰਾਂ ਅੰਗਿਆਰਿਆਂ ਤੋਂ ਇਉਂ ਗੁਜ਼ਰਦੀ ਹੈ
ਕਿ ਉਸ ਦੀ ਇਸ ਅਦਾ 'ਤੇ ਚੰਨ ਸੂਰਜ ਮਰਨ ਲਗਦੇ ਨੇ
ਘਰਾਂ ਨੂੰ ਭੁੱਲਿਆ ਕਿੱਥੇ ਹਨ੍ਹੇਰੀ ਦਾ ਸਿਤਮ ਹਾਲੇ
ਹਵਾ ਸਰਗੋਸ਼ੀਆਂ ਕਰਦੀ ਤੇ ਬੂਹੇ ਡਰਨ ਲਗਦੇ ਨੇ
ਅਜੇ ਵੀ ਉੱਤਰ ਆਉਂਦੀ ਹੈ ਮੇਰੇ ਚੇਤੇ 'ਚ ਉਹ ਆਥਣ
ਮੇਰੇ ਸੀਨੇ 'ਚ ਜਗਦੇ ਦੀਪ ਅੱਖੀਆਂ ਭਰਨ ਲਗਦੇ ਨੇ
ਹਵਾ ਐਸੀ ਵੀ ਉੱਠਦੀ ਹੈ ਕਿ ਹਰ ਜ਼ੰਜੀਰ ਟੁੱਟਦੀ ਹੈ
ਇਹ ਟਿੱਬੇ ਢਹਿਣ ਲਗਦੇ ਨੇ ਇਹ ਟੋਏ ਭਰਨ ਲਗਦੇ ਨੇ
ਹਨ੍ਹੇਰੇ ਦੀ ਪਕੜ 'ਚੋਂ ਨਿਕਲ ਆਉਂਦੇ ਨੇ ਜਦੋਂ ਦੀਵੇ
ਸਮੇਂ ਦੇ ਨੈਣ ਖੁੱਲ੍ਹ ਜਾਂਦੇ ਨੇ ਤੇ ਚਾਨਣ ਝਰਨ ਲਗਦੇ ਨੇ

-ਸੁਖਵਿੰਦਰ ਅੰਮ੍ਰਿਤ

# ਅੱਠ ਵਾਰ ਦੀ ਉਲੰਪਿਕ ਚੈਂਪੀਅਨ ਭਾਰਤੀ ਹਾਕੀ ਦੇ ਸੌ ਸਾਲ ਪੂਰੇ ਹੋਣ ’ਤੇ ਮਨਾਏ ਜਸ਼ਨ

## 1925 ’ਚ ਗਵਾਲੀਅਰ ’ਚ ਹੋਇਆ ਸੀ ਭਾਰਤੀ ਹਾਕੀ ਫੈਡਰੇਸ਼ਨ ਦਾ ਗਠਨ

## ਭਾਰਤੀ ਹਾਕੀ ਨੇ ਅਗਲੇ ਉਲੰਪਿਕ ਤਗ਼ਮੇ ਵੱਲ ਕਦਮ ਵਧਾਏ: ਮਾਂਡਵੀਆ



ਨਵੀਂ ਦਿੱਲੀ/ਏ.ਟੀ. ਨਿਊਜ਼: ਉਲੰਪਿਕ ਸੋਨ ਤਗ਼ਮਾ ਜੇਤੂ 90 ਸਾਲ ਦੇ ਗੁਰਬਖ਼ਸ਼ ਸਿੰਘ ਤੋਂ ਲੈ ਕੇ ਪੈਰਿਸ ਉਲੰਪਿਕ 2024 ’ਚ ਕਾਂਸੀ ਤਗ਼ਮਾ ਜਿੱਤਣ ਵਾਲੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਤੱਕ ਕਈ ਦਿੱਗਜਾਂ ਨੇ ਭਾਰਤੀ ਹਾਕੀ ਦੇ ਸੌ ਸਾਲ ਪੂਰੇ ਹੋਣ ਮੌਕੇ ਆਪਣੇ ਤਜਰਬੇ ਸਾਂਝੇ ਕੀਤੇ। ਸੌ ਸਾਲ ਪਹਿਲਾਂ 1925 ਵਿੱਚ ਗਵਾਲੀਅਰ ’ਚ ਭਾਰਤੀ ਹਾਕੀ ਫੈਡਰੇਸ਼ਨ ਦਾ ਗਠਨ ਹੋਇਆ ਸੀ।

ਅੱਠ ਵਾਰ ਦੀ ਉਲੰਪਿਕ ਚੈਂਪੀਅਨ ਭਾਰਤੀ ਹਾਕੀ ਟੀਮ ਦੇ ਮਹਾਨਾਇਕਾਂ ਨੂੰ ਇਸ ਮੌਕੇ ਮੇਜਰ ਧਿਆਨਚੰਦ ਨੈਸ਼ਨਲ ਸਟੇਡੀਅਮ ’ਚ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕੀਤੀਆਂ ਜਾਣ ਵਾਲੀਆਂ ਹੋਰਨਾਂ ਸ਼ਖ਼ਸੀਅਤਾਂ ’ਚ ਗੁਰਬਖ਼ਸ਼ ਸਿੰਘ (1964 ਤੇ 1968), ਹਰਬਿੰਦਰ ਸਿੰਘ (1964, 1968 ਤੇ 1972), ਅਸ਼ੋਕ ਕੁਮਾਰ (1972 ਉਲੰਪਿਕ ਤੇ 1975 ਵਿਸ਼ਵ ਕੱਪ), ਬੀ ਪੀ ਗੋਵਿੰਦਾ (1972 ਉਲੰਪਿਕ ਤੇ 1975 ਵਿਸ਼ਵ ਕੱਪ), ਅਸਲਮ ਸ਼ੇਖ ਖਾਨ (1975 ਵਿਸ਼ਵ ਕੱਪ), ਜ਼ਫ਼ਰ ਇਕਬਾਲ (1980 ਉਲੰਪਿਕ), ਬ੍ਰਿਗੇਡੀਅਰ ਹਰਚਰਨ ਸਿੰਘ (1972 ਉਲੰਪਿਕ) ਤੋਂ ਇਲਾਵਾ ਰੋਮੀਓ ਜੇਮਜ਼, ਅਸੁੰਥਾ ਲਾਕੜਾ ਅਤੇ ਸੁਭੱਦਰਾ ਪ੍ਰਧਾਨ ਸ਼ਾਮਲ ਹਨ।

ਇਸ ਮੌਕੇ ਖੇਡ ਮੰਤਰੀ ਮਨਸੁੱਖ ਮਾਂਡਵੀਆ ਨੇ ਕਿਹਾ, “ਹਾਕੀ ਰਾਹੀਂ ਹੀ ਉਲੰਪਿਕ ਵਿੱਚ ਭਾਰਤ ਨੂੰ ਪਛਾਣ ਮਿਲੀ ਅਤੇ ਦੁਨੀਆ ਨੂੰ ਦਿਖਾਇਆ ਕਿ ਖੇਡਾਂ ’ਚ ਸਾਡਾ ਦੇਸ਼ ਕੀ ਕਰ ਸਕਦਾ ਹੈ ਅਤੇ ਉਦੋਂ ਤੋਂ ਅਸੀਂ ਪਿੱਛੇ ਮੁੜ ਕੇ ਨਹੀਂ ਦੇਖਿਆ। ਖੇਡਾਂ ਨੇ ਕਾਫੀ ਉਤਾਰ-ਚੜ੍ਹਾਅ ਦੇਖੇ ਹਨ। ਆਪਣੇ ਸ਼ਾਨਾਮੱਤੇ ਇਤਿਹਾਸ ਦੇ ਨਾਲ ਭਾਰਤੀ ਹਾਕੀ ਨੇ ਅਗਲੇ ਉਲੰਪਿਕ ਤਗ਼ਮੇ ਵੱਲ ਕਦਮ ਵਧਾ ਦਿੱਤੇ ਹਨ।”

ਇਸ ਮੌਕੇ ਦੇਸ਼ ਭਰ ਵਿੱਚ ਇੱਕ ਹਜ਼ਾਰ ਤੋਂ ਵੱਧ ਹਾਕੀ ਮੈਚ ਕਰਵਾਏ ਗਏ। ਇਸ ਦੇ ਨਾਲ ਹੀ ਨੈਸ਼ਨਲ ਸਟੇਡੀਅਮ ਵਿੱਚ ਭਾਰਤੀ ਹਾਕੀ ਦੇ ਸ਼ਾਨਾਮੱਤੇ ਇਤਿਹਾਸ ਦੀ ਝਾਂਕੀ ਪੇਸ਼ ਕਰਦੀਆਂ ਦੁਰਲੱਭ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ ਗਿਆ, ਜਿਸ ’ਚ 1925 ਐਮਸਟਰਡਮ ਉਲੰਪਿਕ ਤੋਂ ਲੈ ਕੇ ਪੈਰਿਸ ਉਲੰਪਿਕ 2024 ਤੱਕ ਦੇ ਖ਼ਾਸ ਪਲਾਂ ਦੀ ਝਲਕ ਦੇਖੀ ਜਾ ਸਕਦੀ ਹੈ। ਮਾਂਡਵੀਆ ਦੀ ਕਪਤਾਨੀ ਵਾਲੀ ਖੇਡ ਮੰਤਰੀ ਇਲੈਵਨ ਤੇ ਦਿਲੀਪ ਟਿਰਕੀ ਦੀ ਹਾਕੀ ਇੰਡੀਆ ਇਲੈਵਨ ਦਰਮਿਆਨ ਵੀ ਮੈਚ ਖੇਡਿਆ ਗਿਆ, ਜਿਸ ਵਿੱਚ ਕੌਮੀ ਮਹਿਲਾ ਤੇ ਪੁਰਸ਼ ਟੀਮਾਂ ਦੇ ਖਿਡਾਰੀਆਂ ਨੇ ਵੀ ਹਿੱਸਾ ਲਿਆ।

# ਐੱਫ. ਆਈ. ਐੱਚ. ਮਹਿਲਾ ਜੂਨੀਅਰ ਵਿਸ਼ਵ ਹਾਕੀ ਕੱਪ 25 ਨਵੰਬਰ ਤੋਂ

## ਹਾਕੀ ਇੰਡੀਆ ਵੱਲੋਂ ਜੋਤੀ ਸਿੰਘ ਦੀ ਅਗਵਾਈ ਹੇਠ 20 ਮੈਂਬਰੀ ਟੀਮ ਦਾ ਐਲਾਨ



ਨਵੀਂ ਦਿੱਲੀ/ਏ.ਟੀ.ਨਿਊਜ਼: ਹਾਕੀ ਇੰਡੀਆ ਨੇ ਚਿਲੀ ਦੇ ਸ਼ਹਿਰ ਸੈਂਟਿਆਗੋ ਵਿੱਚ 25 ਨਵੰਬਰ ਤੋਂ 13 ਦਸੰਬਰ ਤੱਕ ਹੋਣ ਵਾਲੇ ਐੱਫ ਆਈ ਐੱਚ ਮਹਿਲਾ ਜੂਨੀਅਰ ਵਿਸ਼ਵ ਕੱਪ ਲਈ ਜੋਤੀ ਸਿੰਘ ਦੀ ਅਗਵਾਈ ਹੇਠ 20 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ। ਟੀਮ ਵਿੱਚ 18 ਮੁੱਖ ਖਿਡਾਰਨਾਂ ਅਤੇ ਦੋ ਰਾਖਵੀਆਂ ਖਿਡਾਰਨਾਂ ਸ਼ਾਮਲ ਹਨ। ਮੁੱਖ ਕੋਚ ਤੁਸ਼ਾਰ ਖਾਂਡੇਕਰ ਨੇ ਪ੍ਰੈਸ ਬਿਆਨ ਵਿੱਚ ਕਿਹਾ, “ਮੈਂ ਟੀਮ ਅਤੇ ਇਸ ਦੇ ਮੌਜੂਦਾ ਪ੍ਰਦਰਸ਼ਨ ਤੋਂ ਖੁਸ਼ ਹਾਂ। ਮੇਰਾ ਮੁੱਖ ਸਿਧਾਂਤ ਅਨੁਸ਼ਾਸਨ ਹੈ ਅਤੇ ਟੀਮ ਬਣਾਉਂਦੇ ਸਮੇਂ ਮੈਂ ਇਸ ਨੂੰ ਧਿਆਨ ਵਿੱਚ ਰੱਖਿਆ ਹੈ। ਅਸੀਂ ਸਖ਼ਤ ਮਿਹਨਤ ਕੀਤੀ ਹੈ ਅਤੇ ਪਿਛਲੇ ਕੁਝ ਮਹੀਨਿਆਂ ਵਿੱਚ ਸਾਡੀਆਂ ਖਿਡਾਰਨਾਂ ਨੇ ਆਪਣੀ ਖੇਡ ਵਿੱਚ ਕਾਫ਼ੀ ਸੁਧਾਰ ਕੀਤਾ ਹੈ।” ਭਾਰਤ ਨੂੰ ਪੂਲ ‘ਸੀ’ ਵਿੱਚ ਰੱਖਿਆ ਗਿਆ ਹੈ ਅਤੇ ਟੀਮ ਆਪਣੀ ਮੁਹਿੰਮ ਦੀ ਸ਼ੁਰੂਆਤ ਪਹਿਲੀ ਦਸੰਬਰ ਨੂੰ ਨਾਮੀਬੀਆ ਖ਼ਿਲਾਫ਼ ਕਰੇਗੀ। ਇਸ ਤੋਂ ਬਾਅਦ ਟੀਮ 3 ਦਸੰਬਰ ਨੂੰ ਜਰਮਨੀ ਅਤੇ ਫਿਰ 5 ਦਸੰਬਰ ਨੂੰ ਆਇਰਲੈਂਡ ਦਾ ਸਾਹਮਣਾ ਕਰੇਗੀ। ਹਰ ਪੂਲ ਦੀਆਂ ਸਿਖਰਲੀਆਂ ਟੀਮਾਂ ਨਾਕਆਊਟ ਗੇੜ ਵਿੱਚ ਪਹੁੰਚਣਗੀਆਂ ਜੋ 7 ਤੋਂ 13 ਦਸੰਬਰ ਤੱਕ ਖੇਡਿਆ ਜਾਵੇਗਾ। ਸ੍ਰੀ ਖਾਂਡੇਕਰ ਨੇ ਕਿਹਾ, “ਅਸੀਂ ਸਾਰੇ ਚਿਲੀ ਦੀ ਯਾਤਰਾ ਲਈ ਤਿਆਰ ਹਾਂ ਅਤੇ ਉਤਸ਼ਾਹਿਤ ਹਾਂ। ਲੜਕੀਆਂ ਵਿਸ਼ਵ ਕੱਪ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਲਈ ਪੂਰੀ ਤਰ੍ਹਾਂ ਪ੍ਰੇਰਿਤ ਹਨ।” ਟੀਮ ਵਿੱਚ ਗੋਲਕੀਪਰ ਨਿਧੀ, ਏਂਜਿਲ ਹਰਸ਼ਾ ਰਾਣੀ ਮਿੰਜ਼, ਡਿਫੈਂਡਰ ਮਨੀਸ਼ਾ, ਲਾਲਥਨਲੁਆਂਗੀ, ਸਾਕਸ਼ੀ ਸ਼ੁਕਲਾ, ਪੂਜਾ ਸਾਹੂ, ਨੰਦਿਨੀ, ਮਿਡਫੀਲਡਰ ਸਾਕਸ਼ੀ ਰਾਣਾ, ਇਸ਼ੀਕਾ, ਸੁਨੇਲਿਤਾ ਟੋਪੋ, ਜੋਤੀ ਸਿੰਘ (ਕਪਤਾਨ), ਖੈਦੇਮ ਸ਼ਿਲੇਮਾ ਚਾਨੂ, ਬਿਨੀਮਾ ਧਾਨ, ਫਾਰਵਰਡ ਸੋਨਮ, ਪੁਰਨਿਮਾ ਯਾਦਵ, ਕਨਿਕਾ ਸਿਵਾਚ, ਹਿਨਾ ਬਾਨੋ ਅਤੇ ਸੁਖਵੀਰ ਕੌਰ ਸ਼ਾਮਲ ਹਨ।

# ਡਬਲਿਊ. ਟੀ. ਏ. ਫ਼ਾਈਨਲ ’ਚ ਰਿਬਾਕੀਨਾ ਰਹੀ ਜੇਤੂ



ਰਿਆਧ/ਏ.ਟੀ.ਨਿਊਜ਼: ਵਿਸ਼ਵ ਦੀ ਛੇਵਾਂ ਦਰਜਾ ਪ੍ਰਾਪਤ ਤੇ ਵਿੰਬਲਡਨ ਚੈਂਪੀਅਨ ਐਲੀਨਾ ਰਿਬਾਕੀਨਾ ਨੇ ਅੱਵਲ ਨੰਬਰ ਖਿਡਾਰਨ ਆਰੀਨਾ ਸਬਾਲੇਂਕਾ ਨੂੰ 6-3, 7-6 (0) ਨਾਲ ਹਰਾ ਕੇ ਡਬਲਿਊ ਟੀ ਏ ਫਾਈਨਲਸ ਦਾ ਖ਼ਿਤਾਬ ਜਿੱਤ ਲਿਆ ਹੈ।

ਰਿਬਾਕੀਨਾ ਨੇ ਲੰਘੇ ਦਿਨ ਰਿਆਧ ਦੇ ਇੰਡੋਰ ਸਟੇਡੀਅਮ ’ਚ ਹੋਏ ਮੁਕਾਬਲੇ ਦੌਰਾਨ ਅੱਠ ਏਸ ਲਾਏ ਤੇ ਮੈਚ ਦਾ ਇਕਲੌਤਾ ਬਰੇਕ ਵੀ ਹਾਸਲ ਕੀਤਾ। ਰਿਬਾਕੀਨਾ ਨੇ ਆਪਣੀ ਖ਼ਿਤਾਬੀ ਮੁਹਿੰਮ ਦੌਰਾਨ ਦੂਜਾ ਦਰਜਾ ਪ੍ਰਾਪਤ ਇਗਾ ਸਵਿਆਤੇਕ, ਅਮੈਂਡਾ ਅਨਿਸੀਮੋਵਾ ਤੇ ਜੈਸਿਕਾ ਪੇਗੁਲਾ ’ਤੇ ਜਿੱਤ ਦਰਜ ਕੀਤੀ।

ਐਲੀਨਾ ਰਿਬਾਕੀਨਾ ਨੇ ਖ਼ਿਤਾਬ ਜਿੱਤਣ ਮਗਰੋਂ ਕਿਹਾ, “ਇਹ ਹਫ਼ਤਾ ਸ਼ਾਨਦਾਰ ਰਿਹਾ। ਮੈਨੂੰ ਕਿਸੇ ਨਤੀਜੇ ਦੀ ਉਮੀਦ ਨਹੀਂ ਸੀ ਅਤੇ ਇੱਥੋਂ ਤੱਕ ਸਫ਼ਰ ਕਰਨਾ ਅਜਿਹਾ ਹੈ ਜਿਸ ’ਤੇ ਯਕੀਨ ਨਹੀਂ ਹੋ ਰਿਹਾ।”

ਰਿਬਾਕੀਨਾ ਦਾ ਲਗਾਤਾਰ ਤੀਜੇ ਡਬਲਿਊ ਟੀ ਏ ਫਾਈਨਲਸ ’ਚ ਪਹਿਲਾ ਖ਼ਿਤਾਬੀ ਮੁਕਾਬਲਾ ਸੀ। ਸਿਖਰਲੀਆਂ ਅੱਠ ਖਿਡਾਰਨਾਂ ਵਾਲੇ ਇਸ ਟੂਰਨਾਮੈਂਟ ’ਚ ਜਿੱਤ ਬਦਲੇ ਉਸ ਨੂੰ 52.3 ਲੱਖ ਡਾਲਰ ਦੀ ਇਨਾਮੀ ਰਾਸ਼ੀ ਮਿਲੀ। ਡਬਲਿਊ ਟੀ. ਏ. ਨੇ. ਕਿਹਾ ਕਿ ਇਹ ਮਹਿਲਾ ਖੇਡਾਂ ਦੇ ਇਤਿਹਾਸ ’ਚ ਸਭ ਤੋਂ ਵੱਡੀ ਰਾਸ਼ੀ ਹੈ। ਸਬਾਲੇਂਕਾ ਨੂੰ ਉਪਜੇਤੂ ਵਜੋਂ 27 ਲੱਖ ਡਾਲਰ ਮਿਲੇ।

# ਪੰਜਾਬ ਬਣਿਆ ਦੂਜੀਆਂ ਕੌਮੀ ਸੱਭਿਆਚਾਰਕ ਪਾਈਥੀਅਨ ਖੇਡਾਂ ’ਚ ਓਵਰਆਲ ਚੈਂਪੀਅਨ



ਬੰਗਲੂਰੂ /ਏ.ਟੀ.ਨਿਊਜ਼ : ਵਧੀਆ ਹੁਨਰ, ਸਟੀਕ ਵਾਰਾਂ ਅਤੇ ਬਿਹਤਰ ਜੰਗਜੂ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਨੇ ਇੱਕ ਵਾਰ ਫਿਰ ਕਰਨਾਟਕ ਦੀ ਬੰਗਲੁਰੂ ਸਿਟੀ ਯੂਨੀਵਰਸਿਟੀ ਦੇ ਕੈਂਪਸ ਵਿੱਚ ਆਯੋਜਿਤ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ-2025 ਵਿੱਚ ਸਮੁੱਚੀ ਗੱਤਕਾ ਚੈਂਪੀਅਨਸ਼ਿਪ ਜਿੱਤ ਕੇ ਆਪਣਾ ਦਬਦਬਾ ਕਾਇਮ ਰੱਖਿਆ। ਹਰਿਆਣਾ ਦੂਜੇ ਸਥਾਨ ’ਤੇ ਰਿਹਾ। ਗੱਤਕਾ ਮੁਕਾਬਲਿਆਂ ਨੇ ਇਸ ਸਮਾਗਮ ਨੂੰ ਭਾਰਤ ਦੀ ਰਵਾਇਤੀ ਮਾਰਸ਼ਲ ਕਲਾ ਦਾ ਇੱਕ ਮਨਮੋਹਕ ਪ੍ਰਦਰਸ਼ਨ ਪੇਸ਼ ਕੀਤਾ ਜੋ ਕਿ ਪਾਈਥੀਅਨ ਖੇਡਾਂ ਦੇ ਮੁੱਖ ਆਕਰਸ਼ਣਾਂ ਵਿੱਚੋਂ ਇੱਕ ਸੀ।

ਦੋ ਦਿਨਾਂ ਤੋਂ ਵੱਧ ਚੱਲੇ ਤਿੱਖੇ ਅਤੇ ਰੋਮਾਂਚਕ ਮੁਕਾਬਲਿਆਂ ਵਿੱਚ ਪੰਜਾਬ ਦੇ ਮੁੰਡੇ ਅਤੇ ਹਰਿਆਣਾ ਦੀਆਂ ਕੁੜੀਆਂ ਨੇ ਬਿਹਤਰੀਨ ਖੇਡ ਕਲਾ ਅਤੇ ਮਾਰਸ਼ਲ ਤਕਨੀਕਾਂ ਦਾ ਪ੍ਰਦਰਸ਼ਨ ਕਰਕੇ ਆਪੋ-ਆਪਣੇ ਵਰਗਾਂ ਵਿੱਚ ਚੋਟੀ ਦੇ ਖਿਤਾਬ ਜਿੱਤੇ। ਹਰਿਆਣਾ ਦੇ ਮੁੰਡੇ ਅਤੇ ਪੰਜਾਬ ਦੀਆਂ ਕੁੜੀਆਂ ਦੂਜੇ ਸਥਾਨ ’ਤੇ ਰਹੀਆਂ ਜਦੋਂ ਕਿ ਉਤਰਾਖੰਡ ਅਤੇ ਛੱਤੀਸਗੜ੍ਹ ਨੇ ਮੁੰਡਿਆਂ ਵਿੱਚ ਤੀਜਾ ਸਥਾਨ ਸਾਂਝਾ ਕੀਤਾ ਅਤੇ ਚੰਡੀਗੜ੍ਹ ਅਤੇ ਆਂਧਰਾ ਪ੍ਰਦੇਸ਼ ਨੇ ਸਾਂਝੇ ਤੌਰ ’ਤੇ ਕੁੜੀਆਂ ਦੇ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਗੱਤਕਾ ਮੁਕਾਬਲੇ ਦਾ ਉਦਘਾਟਨ ਮਾਡਰਨ ਪਾਈਥੀਅਨ ਕਲਚਰਲ ਗੇਮਜ਼ ਦੇ ਸੰਸਥਾਪਕ ਅਤੇ ਪਾਈਥੀਅਨ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਬਿਜੇਂਦਰ ਗੋਇਲ ਨੇ ਬਹੁਤ ਉਤਸ਼ਾਹ ਅਤੇ ਜੀਵੰਤ ਰਵਾਇਤੀ ਪ੍ਰਦਰਸ਼ਨਾਂ ਵਿਚਕਾਰ ਕੀਤਾ। ਬਾਅਦ ਵਿੱਚ ਸੈਮੀਫਾਈਨਲ ਮੁਕਾਬਲਿਆਂ ਦਾ ਉਦਘਾਟਨ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਬੀ.ਐਚ. ਅਨਿਲ ਕੁਮਾਰ, ਆਈ.ਏ.ਐਸ. ਵੱਲੋਂ ਕੀਤਾ ਗਿਆ।

ਸਮਾਪਤੀ ਦਿਨ ਦੇ ਅੰਤਿਮ ਗੱਤਕਾ ਮੁਕਾਬਲਿਆਂ ਦਾ ਉਦਘਾਟਨ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨ.ਜੀ.ਏ.ਆਈ.) ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਕੀਤਾ ਜਿਨ੍ਹਾਂ ਨੇ ਗੱਤਕਾਬਾਜ਼ਾਂ ਦੀ ਮਿਸਾਲੀ ਖੇਡ ਭਾਵਨਾ ਅਤੇ ਅਨੁਸ਼ਾਸਨ ਪ੍ਰਦਰਸ਼ਿਤ ਕਰਨ ਲਈ ਪ੍ਰਸ਼ੰਸਾ ਕੀਤੀ। ਇਸ ਸਮਾਗਮ ਵਿੱਚ ਸੁਖਚੈਨ ਸਿੰਘ ਕਲਸਾਣੀ, ਜਸਪ੍ਰੀਤ ਸਿੰਘ ਸੈਣੀ, ਆਰਥੀ ਦੀਵਾਨ, ਸ੍ਰੀਜੀਤ ਸੁਰੇਂਦਰ ਅਤੇ ਕੋਚ ਵੇਣੂਗੋਪਾਲ ਵੇਲੋਲੀ (ਬੈਂਗਲੁਰੂ) ਸਮੇਤ ਸੀਨੀਅਰ ਗੱਤਕਾ ਕੋਚ ਜਗਦੀਸ਼ ਸਿੰਘ ਤੇ ਰੈਫ਼ਰੀਆਂ ਵਿੱਚ ਹਰਨਾਮ ਸਿੰਘ, ਹਰਸਿਮਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਸ਼ਨਪ੍ਰੀਤ ਸਿੰਘ, ਸ਼ੈਰੀ ਸਿੰਘ, ਨਰਿੰਦਰਪਾਲ ਸਿੰਘ, ਅਮਨ ਸਿੰਘ ਛੱਤੀਸਗੜ੍ਹ ਆਦਿ ਹਾਜ਼ਰ ਸਨ।

# ਨੋਵਾਕ ਜੋਕੋਵਿਚ ਨੇ ਆਪਣੇ ਨਾਂਅ ਕੀਤੀ ਹੈਲੇਨਿਕ ਚੈਂਪੀਅਨਸ਼ਿਪ

## ਸੱਤ ਵਾਰ ਏ. ਟੀ. ਪੀ. ਫਾਈਨਲਜ਼ ਜਿੱਤ ਚੁੱਕਿਆ ਹੈ ਜੋਕੋਵਿਚ




ਏਥਨਜ਼/ਏ.ਟੀ.ਨਿਊਜ਼: ਚੌਵੀ ਗਰੈਂਡਸਲੈਮ ਜੇਤੂ ਨੋਵਾਕ ਜੋਕੋਵਿਚ ਨੇ ਹੈਲੇਨਿਕ ਚੈਂਪੀਅਨਸ਼ਿਪ ਜਿੱਤ ਲਈ ਹੈ। ਇਸ ਦੇ ਨਾਲ ਹੀ ਉਸ ਨੇ ਲਗਾਤਾਰ ਦੂਜੇ ਸਾਲ ਏ ਟੀ ਪੀ ਫਾਈਨਲਜ਼ ’ਚੋਂ ਹਟਣ ਦਾ ਐਲਾਨ ਕੀਤਾ ਹੈ।

ਸਰਬਿਆਈ ਖਿਡਾਰੀ ਜੋਕੋਵਿਚ ਨੇ ਲਗਪਗ ਤਿੰਨ ਘੰਟੇ ਚੱਲੇ ਫਾਈਨਲ ’ਚ ਲੋਰੈਂਜ਼ੋ ਮੁਸੈਟੀ ਨੂੰ ਹਰਾ ਕੇ ਹੈਲੇਨਿਕ ਚੈਂਪੀਅਨਸ਼ਿਪ ਜਿੱਤਣ ਦੇ ਕੁਝ ਘੰਟਿਆਂ ਬਾਅਦ ਹੀ ਇਹ ਫ਼ੈਸਲਾ ਕੀਤਾ। ਜੋਕੋਵਿਚ ਨੇ ਕਿਹਾ ਕਿ ਮੋਢੇ ਦੀ ਸੱਟ ਕਾਰਨ ਉਹ ਤੂਰਿਨ (ਇਟਲੀ) ਵਿੱਚ ਸ਼ੁਰੂ ਹੋਣ ਵਾਲੇ ਸਿਖਰਲੇ ਅੱਠ ਖਿਡਾਰੀਆਂ ਦੇ ਸੈਸ਼ਨ ਦੇ ਆਖਰੀ ਟੂਰਨਾਮੈਂਟ ’ਚ ਨਹੀਂ ਖੇਡ ਸਕੇਗਾ।

ਜੋਕੋਵਿਚ ਸੱਤ ਵਾਰ ਏ ਟੀ ਪੀ ਫਾਈਨਲਜ਼ ਜਿੱਤ ਚੁੱਕਿਆ ਹੈ ਪਰ ਪਿਛਲੇ ਸਾਲ ਸੱਟ ਕਾਰਨ ਇਸ ਟੂਰਨਾਮੈਂਟ ਤੋਂ ਬਾਹਰ ਰਿਹਾ ਸੀ। ਉਸ ਨੇ ਲੰਘੇ ਦਿਨ ਮੁਸੈਟੀ ਨੂੰ 4-6, 6-3, 7-5 ਨਾਲ ਹਰਾ ਕੇ ਆਪਣੇ ਕੈਰੀਅਰ ਦਾ 101ਵਾਂ ਖਿਤਾਬ ਜਿੱਤਿਆ। ਉਸ ਨੇ ਹਾਰਡ ਕੋਰਟ ’ਤੇ ਆਪਣਾ 72ਵਾਂ ਖ਼ਿਤਾਬ ਜਿੱਤ ਕੇ ਪੁਰਸ਼ ਵਰਗ ’ਚ ਰਿਕਾਰਡ ਕਾਇਮ ਕੀਤਾ, ਜੋ ਰੋਜਰ ਫੈਡਰਰ ਤੋਂ ਇੱਕ ਵੱਧ ਹੈ।

# ਪੰਜਾਬੀ ਫ਼ਿਲਮਾਂ ਨੂੰ ਨਵੀਂ ਸੋਚ ਤੇ ਅਰਥਪੂਰਨ ਕਹਾਣੀਆਂ ਦੀ ਲੋੜ




**ਰਜਨੀ ਭੰਗਾਣੀਆਂ**

ਪੰਜਾਬੀ ਸਿਨੇਮਾ ਸਾਡੀ ਸੱਭਿਆਚਾਰਕ ਪਛਾਣ ਦਾ ਅਹਿਮ ਹਿੱਸਾ ਹੈ। ਇਹ ਸਾਡੀ ਬੋਲੀ, ਰਸਮਾਂ, ਹਾਸੇ-ਮਜ਼ਾਕ ਤੇ ਜੀਵਨ ਸ਼ੈਲੀ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਦਾ ਹੈ, ਪਰ ਜਿਵੇਂ ਸਮਾਂ ਬਦਲ ਰਿਹਾ ਹੈ, ਸਿਨੇਮਾ ਦੀ ਦਿਸ਼ਾ ਵੀ ਬਦਲਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਤਕਨਾਲੋਜੀ ਤੇ ਵਿਸ਼ਵ ਪੱਧਰ ਦੇ ਵਿਸ਼ੇ ਸਿਨੇਮਾ ਵਿੱਚ ਆ ਰਹੇ ਹਨ, ਉੱਥੇ ਪੰਜਾਬੀ ਫ਼ਿਲਮਾਂ ਨੂੰ ਵੀ ਨਵੀਂ ਸੋਚ ਤੇ ਅਰਥਪੂਰਨ ਕਹਾਣੀਆਂ ਦੀ ਲੋੜ ਹੈ।

ਚੰਗੀ ਫ਼ਿਲਮ ਉਹ ਹੁੰਦੀ ਹੈ ਜੋ ਦਰਸ਼ਕ ਦੇ ਦਿਲ ਨੂੰ ਛੂਹੇ। ਪੰਜਾਬੀ ਫ਼ਿਲਮਾਂ ਵਿੱਚ ਹੁਣ ਕੇਵਲ ਹਾਸੇ ਜਾਂ ਵਿਆਹ-ਸ਼ਾਦੀਆਂ ਦੀ ਗੱਲ ਨਹੀਂ ਹੋਣੀ ਚਾਹੀਦੀ, ਸਗੋਂ ਉਹ ਸਾਡੀ ਜ਼ਿੰਦਗੀ ਦੇ ਅਸਲੀ ਰੰਗ ਦਿਖਾਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਪੰਜਾਬੀ ਸਿਨੇਮਾ ਨੂੰ ਹੁਣ ਗਹਿਰਾਈ ਵਾਲੇ ਵਿਸ਼ਿਆਂ ਵੱਲ ਵਧਣ ਦੀ ਜ਼ਰੂਰਤ ਹੈ, ਜਿੱਥੇ ਹਾਸਾ ਵੀ ਹੋਵੇ ਤੇ ਸੋਚ-ਵਿਚਾਰ ਵੀ। ਅਕਸਰ ਪੰਜਾਬੀ ਸਿਨੇਮਾ ਨਾਲ ਜੁੜੇ ਦਰਸ਼ਕ ਸਿਨੇਮਾ ਵਿੱਚ ਫ਼ਿਲਮ ਦੇਖ ਕੇ ਉਸ ਦੀ ਕਹਾਣੀ ਨੂੰ ਨਕਾਰ ਦਿੰਦੇ ਹਨ ਕਿ ਇਸ ਫ਼ਿਲਮ ਦੀ ਕਹਾਣੀ ਚੰਗੀ ਨਹੀਂ ਸੀ ਜਾਂ ਕਹਾਣੀ ਦੇ ਮੁਤਾਬਿਕ ਕਲਾਕਾਰ ਕੰਮ ਨਹੀਂ ਕਰ ਰਹੇ ਸਨ। ਚੰਗੀ ਫ਼ਿਲਮ ਹਰ ਕੋਈ ਦੇਖਣਾ ਚਾਹੁੰਦਾ ਹੈ, ਪਰ ਇੱਥੇ ਚੰਗੀ ਫ਼ਿਲਮ ਦਾ ਇਹ ਅਰਥ ਨਹੀਂ ਕਿ ਉਸ ਵਿੱਚ ਪਿਆਰ, ਮੁਹੱਬਤ ਅਤੇ ਮਾਰ ਕੁੱਟ ਦੇ ਦ੍ਰਿਸ਼ ਫ਼ਿਲਮਾਏ ਗਏ ਹੋਣ। ਇੱਥੇ ਗੱਲ ਉਸ ਸਿਨੇਮਾ ਦੀ ਆਉਂਦੀ ਹੈ ਜਿੱਥੇ ਪੂਰੀ ਤਰ੍ਹਾਂ ਕਹਾਣੀ 'ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਉਸ ਕਹਾਣੀ ਦੇ ਮੁਤਾਬਿਕ ਕਿਰਦਾਰ ਬਿਠਾਏ ਜਾਂਦੇ ਹਨ। ਕਿਰਦਾਰ ਵੀ ਕਹਾਣੀ ਵਿੱਚ ਆਪਣੇ ਆਪ ਨੂੰ ਜਿੰਦਾ ਕਰਦੇ ਹੋਣ, ਦੇਖਣ ਵਾਲੇ ਨੂੰ ਉਹ ਕਹਾਣੀ ਆਪ ਬੀਤੀ ਨਜ਼ਰ ਆਵੇ। ਸੋ ਫ਼ਿਲਮ ਦਰਸ਼ਕਾਂ ਦਾ ਮਨੋਰੰਜਨ ਕਰੇ ਤੇ ਜੀਵੰਤ ਸਿਨੇਮਾ ਲੱਗੇ।




ਪੰਜਾਬੀ ਸਿਨੇਮਾ ਦਾ ਸਭ ਤੋਂ ਵੱਡਾ ਖ਼ਜ਼ਾਨਾ ਉਸ ਦੀ ਮਿੱਟੀ ਹੈ ਜਿਸ ਵਿੱਚ ਸਾਡੇ ਸੱਭਿਆਚਾਰ ਦੀ ਖ਼ੁਸ਼ਬੂ ਆਉਂਦੀ ਹੈ ਜਿਵੇਂ ਸਾਡੀ ਮਾਂ ਬੋਲੀ, ਪਿੰਡਾਂ ਦਾ ਜੀਵਨ, ਕਿਸਾਨਾਂ ਦੀ ਮਿਹਨਤ, ਮਜ਼ਦੂਰਾਂ ਦੀਆਂ ਕਹਾਣੀਆਂ ਤੇ ਉਹ ਇਮੀਗ੍ਰੇਸ਼ਨ ਦੇ ਸੁਫ਼ਨੇ ਜਿਹੜੇ ਹਰ ਘਰ ਵਿੱਚ ਸੰਜੋਏ ਜਾਂਦੇ ਹਨ। ਜਿੱਥੇ ਛੋਟੇ ਘਰੋਂ ਉੱਠ ਕੇ ਵੀ ਨੌਜਵਾਨ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਦੇ ਹਨ। ਚੰਗੀ ਕਹਾਣੀ ਸਾਡੇ ਆਲੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ, ਪਰ ਅਫ਼ਸੋਸ! ਜ਼ਿਆਦਾਤਰ ਫ਼ਿਲਮਾਂ ਕੇਵਲ ਹਾਸੇ-ਮਜ਼ਾਕ 'ਤੇ ਹੀ ਸਿਮਟ ਗਈਆਂ ਹਨ ਜਿਨ੍ਹਾਂ ਨੂੰ ਦੇਖ ਕੇ ਲੱਗਦਾ ਹੈ ਕਿ ਅਸਲ ਵਿੱਚ ਜ਼ਿੰਦਗੀ ਸਿਰਫ਼ ਹਾਸੇ ਮਜ਼ਾਕ 'ਤੇ ਹੀ ਟਿਕੀ ਹੈ।

ਦੂਜਾ ਪੱਖ ਇਹ ਵੀ ਹੈ ਕਿ ਅਰਥਪੂਰਨ ਵਿਸ਼ਿਆਂ 'ਤੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪੰਜਾਬੀ ਕਿਸਾਨਾਂ ਦੀ ਜ਼ਿੰਦਗੀ 'ਤੇ ਬਹੁਤ ਕੁਝ ਬਣ ਸਕਦਾ ਹੈ। ਇਸ ਦੇ ਇਲਾਵਾ ਪਿੰਡ ਦੀਆਂ ਔਰਤਾਂ ਦੀ ਸੰਘਰਸ਼ ਭਰੀ ਕਹਾਣੀ ਬਾਰੇ ਸੋਚ ਸਕਦੇ ਹਾਂ, ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਸੁਫ਼ਨੇ ਤੇ ਹਕੀਕਤ ਬਾਰੇ ਗੱਲਾਂ ਤੇ ਆਧੁਨਿਕ ਪੰਜਾਬ ਦੀ ਦਿਲਚਸਪ ਸਿਆਸਤ ਆਦਿ ਇਨ੍ਹਾਂ ਵਿਸ਼ਿਆਂ ਉੱਤੇ ਜੇ ਇਮਾਨਦਾਰੀ ਨਾਲ ਫ਼ਿਲਮ ਬਣਾਈ ਜਾਵੇ ਤਾਂ ਸਿਰਫ਼ ਮੁੱਠੀ ਭਰ ਦਰਸ਼ਕ ਨਹੀਂ, ਬਲਕਿ ਸਮੁੱਚਾ ਦਰਸ਼ਕ ਵਰਗ ਉਸ ਨੂੰ ਪਸੰਦ ਕਰੇਗਾ।ਕੋਈ ਵੀ ਸਿਨੇਮਾ ਉਦਯੋਗ ਉਸ ਸਮੇਂ ਤੱਕ ਨਹੀਂ ਟਿਕ ਸਕਦਾ ਜਦੋਂ ਤੱਕ ਨਿਰਮਾਤਾ ਨੂੰ ਆਰਥਿਕ ਲਾਭ ਨਾ ਹੋਵੇ। ਫ਼ਿਲਮ ਚੰਗੀ ਬਣੇਗੀ ਤਾਂ ਹੀ ਉਹ ਚੱਲੇਗੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਹਾਸੇ ਜਾਂ ਹਲਕੇ ਵਿਸ਼ਿਆਂ 'ਤੇ ਹੀ ਧਿਆਨ ਦਿੱਤਾ ਜਾਵੇ। ਜੇ ਕਹਾਣੀ ਵਿੱਚ ਦਮ ਹੋਵੇ ਤਾਂ ਦਰਸ਼ਕ ਆਪਣਾ ਪੈਸਾ ਖ਼ੁਸ਼ੀ ਨਾਲ ਖ਼ਰਚ ਕਰਦੇ ਹਨ। ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਵਿਸ਼ੇ ਲੈ ਕੇ ਆਉਣ ਵਾਲੇ ਕਹਾਣੀਕਾਰਾਂ ਤੇ ਡਾਇਰੈਕਟਰਾਂ 'ਤੇ ਭਰੋਸਾ ਕਰਨ। ਅੱਜਕੱਲ੍ਹ ਓ.ਟੀ.ਟੀ. ਪਲੈਟਫ਼ਾਰਮਾਂ ਨਾਲ ਵੀ ਕਮਾਈ ਦੇ ਨਵੇਂ ਰਸਤੇ ਖੁੱਲ੍ਹੇ ਹਨ। ਇਸ ਲਈ ਅਰਥਪੂਰਨ ਸਿਨੇਮਾ ਹੁਣ ਆਰਥਿਕ ਤੌਰ 'ਤੇ ਵੀ ਸੰਭਵ ਹੈ।










ਨਵੀਂ ਸੋਚ ਤੇ ਨਵੀਂ ਪੀੜ੍ਹੀ ਦੇ ਤਜਰਬੇ ਨਾਲ ਸਾਡੇ ਸਿਨੇਮਾ ਨੂੰ ਅੱਗੇ ਵਧਣ ਦੀ ਜ਼ਰੂਰਤ ਹੈ ਜਿੱਥੇ ਨਵੇਂ ਵਿਸ਼ੇ ਤੇ ਨਵੀਆਂ ਕਹਾਣੀਆਂ ਹੋਣ। ਪੰਜਾਬੀ ਸਿਨੇਮਾ ਨੂੰ ਹੁਣ ਆਪਣੇ ਦਾਇਰੇ ਨੂੰ ਵਿਸ਼ਾਲ ਕਰਨ ਦੀ ਲੋੜ ਹੈ। ਸਾਡੇ ਕੋਲ ਬੇਅੰਤ ਕਹਾਣੀਆਂ ਹਨ ਜਿਨ੍ਹਾਂ ਵਿੱਚ ਸਿੱਖ ਇਤਿਹਾਸ ਦੀਆਂ ਸੂਰਵੀਰ ਕਥਾਵਾਂ, ਪੰਜਾਬ ਦੀ ਧਰਤੀ ਨਾਲ ਜੁੜੇ ਲੋਕ, ਕਲਾ ਤੇ ਰੰਗਮੰਚ, ਸਿੱਖਿਆ, ਵਿਗਿਆਨ, ਖੇਡਾਂ ਤੇ ਸਮਾਜਿਕ ਬਦਲਾਅ ਦੀਆਂ ਕਹਾਣੀਆਂ। ਇਨ੍ਹਾਂ ਵਿਸ਼ਿਆਂ 'ਤੇ ਜੇ ਫ਼ਿਲਮ ਬਣੇ ਤਾਂ ਸਿਨੇਮਾ ਸਿਰਫ਼ ਮਨੋਰੰਜਨ ਨਹੀਂ ਰਹੇਗਾ, ਸਗੋਂ ਇੱਕ ਸਿੱਖਿਆ ਤੇ ਪ੍ਰੇਰਣਾ ਦਾ ਮਾਧਿਅਮ ਬਣੇਗਾ।ਨਵੀਂ ਪੀੜ੍ਹੀ ਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਉਨ੍ਹਾਂ ਦੇ ਅੰਦਰ ਸੋਚ ਪੈਦਾ ਕਰ ਸਕਣ।

(ਬਾਕੀ ਸਫ਼ਾ 27 'ਤੇ)

# ਕਾਲੇ ਜਾਦੂ ਦੀ ਦਹਿਸ਼ਤ ਕਾਰਨ ਬਾਲੀਵੁੱਡ ਦੀ ਗੁੰਮ ਹੋਈ ਸੁਪਰ ਸਟਾਰ ਮਾਧਵੀ

## ਮਾਧਵੀ ਨੂੰ ਛੱਡਣੀ ਪਈ ਸੀ ਫ਼ਿਲਮ ਇੰਡਸਟਰੀ ਤੇ ਦੇਸ਼





80 ਦੇ ਦਹਾਕੇ ਵਿੱਚ ਬਾਲੀਵੁੱਡ ਵਿੱਚ ਇੱਕ ਅਜਿਹੀ ਅਦਾਕਾਰਾ ਚਮਕੀ ਜਿਸ ਨੇ ਨਾ ਸਿਰਫ਼ ਹਿੰਦੀ ਸਿਨੇਮਾ ਨੂੰ ਆਪਣੇ ਨਾਮ ਨਾਲ ਰੰਗ ਦਿੱਤਾ, ਸਗੋਂ ਦੱਖਣੀ ਭਾਰਤੀ ਫ਼ਿਲਮਾਂ ਵਿੱਚ ਵੀ ਰਾਜ ਕੀਤਾ। ਉਸ ਦਾ ਨਾਮ ਸੀ ਮਾਧਵੀ - ਸੁਪਰਸਟਾਰ ਜੋ 300 ਤੋਂ ਵੱਧ ਫ਼ਿਲਮਾਂ ਵਿੱਚ ਨਜ਼ਰ ਆਈ, ਜਤਿੰਦਰ ਅਤੇ ਅਮਿਤਾਭ ਬੱਚਨ ਵਰਗੇ ਕਲਾਕਾਰਾਂ ਨਾਲ ਸਕ੍ਰੀਨ ਸਾਂਝੀ ਕੀਤੀ ਅਤੇ ਆਪਣੇ ਡਾਂਸ ਅਤੇ ਅਭਿਨੈ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਪਰ ਇਸ ਸਭ ਚਮਕ-ਦਮਕ ਵਿੱਚੋਂ ਅਚਾਨਕ ਗਾਇਬ ਹੋ ਜਾਣ ਵਾਲੀ ਇਸ ਅਦਾਕਾਰਾ ਦੀ ਕਹਾਣੀ ਕਿਸੇ ਫ਼ਿਲਮੀ ਸਕ੍ਰਿਪਟ ਵਾਂਗ ਲੱਗਦੀ ਹੈ। ਕਾਲਾ ਜਾਦੂ ਵਿੱਚ ਫ਼ਸਕੇ ਉਸਨੇ ਆਪਣੇ ਕੈਰੀਅਰ ਨੂੰ ਬਰਬਾਦ ਕਰ ਲਿਆ, ਮੌਤ ਦੇ ਡਰ ਬਾਰੇ ਵਹਿਮ ਕਾਰਣ ਦੇਸ਼ ਛੱਡ ਗਈ।

ਮਾਧਵੀ ਦਾ ਜਨਮ 14 ਸਤੰਬਰ 1962 ਨੂੰ ਆਂਧਰਾ ਪ੍ਰਦੇਸ਼ ਦੇ ਏਲੂਰੂ ਵਿੱਚ ਹੋਇਆ। ਉਸਦਾ ਅਸਲ ਨਾਮ ਕਨਕ ਵਿਜੈਲਕਸ਼ਮੀ ਸੀ। ਬਚਪਨ ਤੋਂ ਹੀ ਨੱਚਣ ਵਿੱਚ ਰੁਚੀ ਰੱਖਣ ਵਾਲੀ ਮਾਧਵੀ ਨੇ ਆਪਣੇ ਪਰਿਵਾਰ ਦੇ ਸਮਰਥਨ ਨਾਲ ਭਰਤਨਾਟ ਕੇਂਦਰ ਵਿੱਚ ਟਰੇਨਿੰਗ ਲਈ। ਉਹ ਸਿਰਫ਼ 8 ਸਾਲ ਦੀ ਉਮਰ ਵਿੱਚ ਹੀ ਡਾਂਸ ਕਰਨ ਵਿੱਚ ਨਿਪੁੰਨ ਹੋ ਗਈ ਅਤੇ ਹਜ਼ਾਰਾਂ ਸ਼ੋਅ ਕੀਤੇ। ਤੇਲਗੂ ਫ਼ਿਲਮਾਂ ਤੋਂ ਉਸਨੇ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਜਲਦੀ ਹੀ ਤਾਮਿਲ, ਕੰਨੜ, ਮਲਯਾਲਮ, ਓੜੀਆ, ਬੰਗਾਲੀ ਅਤੇ ਹਿੰਦੀ ਸਿਨੇਮਾ ਵਿੱਚ ਪਹੁੰਚ ਗਈ। 70 ਅਤੇ 80 ਦੇ ਦਹਾਕੇ ਵਿੱਚ ਉਹ ਪੈਨ-ਇੰਡੀਆ ਸਟਾਰ ਬਣ ਗਈ। ਉਸਦੀ ਸੁੰਦਰਤਾ, ਨੱਚਣ ਦੀ ਕਲਾ ਅਤੇ ਡਾਇਲਾਗ ਡਿਲੀਵਰੀ ਨੇ ਲੋਕਾਂ ਨੂੰ ਪ੍ਰਭਾਵਿਤ ਕੀਤਾ।

ਉਸਦੇ ਕੈਰੀਅਰ ਦੀ ਸ਼ੁਰੂਆਤ ਤੇਲਗੂ ਫ਼ਿਲਮਾਂ ਨਾਲ ਹੋਈ, ਜਿੱਥੇ ਉਹ 'ਸੇਥ ਮਹਾਲਿੰਗਮ' (1971) ਵਿੱਚ ਬਾਲ ਅਭਿਨੇਤਰੀ ਵਜੋਂ ਨਜ਼ਰ ਆਈ। ਪਰ ਅਸਲ ਪਛਾਣ ਹਿੰਦੀ ਸਿਨੇਮਾ ਵਿੱਚ ਮਿਲੀ। 'ਏਕ ਦੂਜੇ ਲਈ' (1981) ਵਿੱਚ ਉਸ ਨੇ ਕਮਲ ਹਾਸਨ ਨਾਲ ਜੋੜੀ ਬੰਨ੍ਹੀ ਜਿਸ ਨੇ ਉਸ ਨੂੰ ਰਾਤੋ-ਰਾਤ ਸਟਾਰ ਬਣਾ ਦਿੱਤਾ। ਇਸ ਤੋਂ ਬਾਅਦ ਉਹ ਨਿਰੰਤਰ ਹਿੱਟ ਫ਼ਿਲਮਾਂ ਦਿੰਦੀ ਰਹੀ। 'ਅੰਧਾ ਕਾਨੂੰਨ' (1983) ਵਿੱਚ ਉਹ ਰਾਜ ਕੁਮਾਰ ਨਾਲ ਨਜ਼ਰ ਆਈ, ਜਿੱਥੇ ਉਸ ਨੇ ਇੱਕ ਮਜ਼ਬੂਤ ਔਰਤ ਦਾ ਰੋਲ ਨਿਭਾਇਆ। 'ਗ੍ਰਿਫ਼ਤਾਰ' (1985) ਵਿੱਚ ਅਮਿਤਾਭ ਬੱਚਨ ਅਤੇ ਕਮਲ ਹਾਸਨ ਨਾਲ ਉਸਦਾ ਡਿਊਏਟ ਗੀਤ 'ਧੂਪ ਵਿੱਚ ਨਿਕਲਾ ਨਾ ਕਰੋ' ਅੱਜ ਵੀ ਯਾਦ ਕੀਤਾ ਜਾਂਦਾ ਹੈ। 'ਹਿੰਮਤਵਾਲਾ' (1979), 'ਫ਼ਤਹਿ' (1986), 'ਅਰਜਨ' (1988) ਅਤੇ 'ਪਿਆਰ ਕਾ ਮੰਦਰ' (1988) ਵਰਗੀਆਂ ਫ਼ਿਲਮਾਂ ਵਿੱਚ ਉਸਨੇ ਨੇ ਰੋਮਾਂਟਿਕ ਅਤੇ ਐਕਸ਼ਨ ਰੋਲਾਂ ਨਾਲ ਧਮਾਲਾਂ ਪਾਈਆਂ। ਇਨ੍ਹਾਂ ਫ਼ਿਲਮਾਂ ਨੇ ਉਸ ਨੂੰ ਲੇਡੀ ਸੁਪਰਸਟਾਰ ਦਾ ਖ਼ਤਾਬ ਦਿੱਤਾ। ਇਸ ਤੋਂ ਇਲਾਵਾ 'ਲੋਹਾ' (1987), 'ਸ਼ੇਸ਼ਨਾਗ' (1990), 'ਸਵਰਗ' (1990) ਅਤੇ 'ਅਗਨੀਪਥ' (1990) ਵਿੱਚ ਉਸ ਨੇ ਨੈਗੇਟਿਵ ਰੋਲ ਵੀ ਨਿਭਾਏ । 17 ਸਾਲਾਂ ਦੇ ਸਫ਼ਰ ਵਿੱਚ ਉਹ ਸੱਤ ਭਾਸ਼ਾਵਾਂ ਵਿੱਚ ਕੰਮ ਕਰ ਚੁੱਕੀ ਸੀ ਅਤੇ ਹਰ ਫ਼ਿਲਮ ਵਿੱਚ ਉਸ ਨੇ ਆਪਣਾ ਅਲੱਗ ਰੰਗ ਭਰਿਆ। ਉਸਦੇ ਨਾਮ 'ਤੇ 300 ਤੋਂ ਵੱਧ ਫ਼ਿਲਮਾਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਬਲੌਕਬਸਟਰ ਰਹੀਆਂ। ਪਰ ਇਸ ਸਭ ਚਮਕ ਦੇ ਪਿੱਛੇ ਇੱਕ ਕਾਲਾ ਰਹੱਸ ਸੀ ਜੋ ਹੋਲੀ-ਹੋਲੀ ਉਸਦੀ ਜ਼ਿੰਦਗੀ ਨੂੰ ਘੇਰ ਰਿਹਾ ਸੀ। 90 ਦੇ ਦਹਾਕੇ ਦੇ ਸ਼ੁਰੂ ਵਿੱਚ, ਜਦੋਂ ਉਹ ਕੈਰੀਅਰ ਦੇ ਸਿਖਰ 'ਤੇ ਸੀ, ਤਾਂ ਉਸ ਨੇ ਬਿਜ਼ਨੈੱਸਮੈਨ ਰਾਲਫ਼ ਸ਼ਰਮਾ ਨਾਲ ਪਿਆਰ ਕੀਤਾ ਅਤੇ 1996 ਵਿੱਚ ਵਿਆਹ ਕਰ ਲਿਆ। ਕਈ ਰਿਪੋਰਟਾਂ ਅਨੁਸਾਰ ਇਹ ਵਿਆਹ ਹੀ ਉਸ ਨੂੰ ਫ਼ਿਲਮਾਂ ਤੋਂ ਦੂਰ ਲੈ ਗਿਆ। ਪਰ ਅਸਲ ਕਹਾਣੀ ਇਸ ਤੋਂ ਵੀ ਜ਼ਿਆਦਾ ਡਰਾਮੈਟਿਕ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਸੁਪਰਸਟਾਰ ਬਣਨ ਤੋਂ ਬਾਅਦ ਉਸ 'ਤੇ ਕਿਸੇ ਦੀ ਬੁਰੀ ਨਜ਼ਰ ਲੱਗ ਗਈ। ਉਹ ਕਾਲੇ ਜਾਦੂ - ਦੇ ਅਨੈਤਿਕ ਅਤੇ ਅੰਧਵਿਸ਼ਵਾਸ ਦੇ ਭਰਮ ਵਿੱਚ ਫ਼ਸ ਗਈ ਜੋ ਬਾਲੀਵੁੱਡ ਵਿੱਚ ਅੱਜ ਵੀ ਚੱਲਦੀ ਹੈ। ਇੱਕ ਇੰਟਰਵਿਊ ਵਿੱਚ ਖ਼ੁਦ ਮਾਧਵੀ ਨੇ ਖੁਲਾਸਾ ਕੀਤਾ ਕਿ ਉਸਦੇ ਘਰ ਵਿੱਚ ਅਚਾਨਕ ਖ਼ੂਨ ਦੇ ਧੱਬੇ ਨਜ਼ਰ ਆਉਣ ਲੱਗੇ। ਪਰਿਵਾਰਕ ਮੈਂਬਰਾਂ ਨੂੰ ਅਜਿਹੀਆਂ ਬਿਮਾਰੀਆਂ ਹੋਈਆਂ ਜਿਨ੍ਹਾਂ ਦਾ ਕੋਈ ਡਾਕਟਰੀ ਵਿਗਿਆਨ ਨਾਲ ਵਿਆਖਿਆ ਨਾ ਹੋ ਸਕੀ। ਰੋਜ਼ਾਨਾ ਘਰ ਵਿੱਚ ਅਜੀਬੋ-ਗਰੀਬ ਹਾਲਾਤ ਵਾਪਰਨ ਲੱਗੇ - ਕੁਝ ਨਾ ਕੁਝ ਟੁੱਟ-ਫ਼ੁੱਟ ਨਾਲ, ਅਣਜਾਣੀਆਂ ਆਵਾਜ਼ਾਂ ਅਤੇ ਇੱਕ ਅਜਿਹਾ ਡਰ ਜੋ ਲੱਗਦਾ ਸੀ ਕਿ ਕੋਈ ਉਨ੍ਹਾਂ ਦੀ ਜਾਨ ਲੈਣ ਲਈ ਪਿੱਛੇ ਪਿਆ ਹੈ। ਇਹ ਸਭ ਘਟਨਾਵਾਂ ਨੇ ਉਸ ਨੂੰ ਇੰਨਾ ਪਰੇਸ਼ਾਨ ਕੀਤਾ ਕਿ ਉਹ ਰਾਤਾਂ ਨੂੰ ਸੌਂ ਨਾ ਸਕੀ।

ਮਾਧਵੀ ਨੇ ਆਪਣੇ ਇੰਟਰਵਿਊ ਵਿੱਚ ਕਿਹਾ, 'ਇਹ ਸਭ ਇੰਨਾ ਡਰਾਉਣ ਵਾਲਾ ਸੀ ਕਿ ਲੱਗਦਾ ਸੀ ਜਿਵੇਂ ਕੋਈ ਅਦਿੱਖ ਨਾ ਵਿਖਣ ਵਾਲੀ ਸ਼ਕਤੀ ਸਾਡੇ ਵਿਰੁੱਧ ਹੈ। ਖ਼ੂਨ ਦੇ ਧੱਬੇ ਬਿਨਾਂ ਕਿਸੇ ਕਾਰਨ ਨਾਲ ਫ਼ੈਲ ਜਾਂਦੇ, ਪਰਿਵਾਰ ਵਾਲੇ ਅਚਾਨਕ ਬਿਮਾਰ ਪੈ ਜਾਂਦੇ ਅਤੇ ਡਾਕਟਰ ਵੀ ਹੈਰਾਨ ਹੋ ਜਾਂਦੇ। ਮੈਂ ਸੋਚਿਆ ਕਿ ਇਹ ਸਭ ਮੇਰੇ ਸਟਾਰਡਮ ਕਾਰਨ ਹੋ ਰਿਹਾ ਹੈ - ਕੋਈ ਈਰਖਾ ਜਾਂ ਨਫ਼ਰਤ ਨੇ ਇਹ ਕਾਲਾ ਜਾਦੂ ਕੀਤਾ ਹੈ।' ਇਹ ਖੁਲਾਸਾ ਨੇ ਬਾਲੀਵੁੱਡ ਨੂੰ ਹਿਲਾ ਦਿੱਤਾ।

(ਬਾਕੀ ਸਫ਼ਾ 27 'ਤੇ)

## ਅਮਰੀਕਾ ਕਿਉਂ ਹੋਇਆ ਸੀ

ਸ਼ਟਡਾਊਨ ਹੋਣ ਨਾਲ ਅਰਥਵਿਵਸਥਾ ਨੂੰ ਕਾਫ਼ੀ ਨੁਕਸਾਨ ਹੋਇਆ। ਕਾਂਗਰਸ ਬਜਟ ਦਫ਼ਤਰ ਦੇ ਅਨੁਸਾਰ, ਹੁਣ ਤੱਕ 11 ਬਿਲੀਅਨ ਡਾਲਰ (ਲਗਭਗ 1 ਲੱਖ ਕਰੋੜ) ਦਾ ਨੁਕਸਾਨ ਹੋ ਚੁੱਕਿਆ ਹੈ। ਇੱਥੇ ਇਹ ਜਾਣਕਾਰੀ ਹੋਣੀ ਜ਼ਰੂਰੀ ਹੈ ਕਿ ਅਮਰੀਕਾ ਵਿੱਚ ਸ਼ਟਡਾਊਨ ਕਦੋਂ ਹੁੰਦਾ ਹੈ। ਅਸਲ ਵਿੱਚ ਅਮਰੀਕਾ 'ਚ ਸ਼ਟਡਾਊਨ ਉਸ ਸਮੇਂ ਹੁੰਦਾ ਹੈ ਜਦੋਂ ਅਮਰੀਕੀ ਸੰਸਦ (ਕਾਂਗਰਸ) ਸਰਕਾਰੀ ਵਿਭਾਗਾਂ ਨੂੰ ਚੱਲਦਾ ਰੱਖਣ ਲਈ ਸਮੇਂ ਸਿਰ ਬਜਟ ਜਾਂ ਫੰਡਿੰਗ ਬਿੱਲ ਪਾਸ ਕਰਨ ਵਿੱਚ ਅਸਫਲ ਰਹਿੰਦੀ ਹੈ। ਅਮਰੀਕੀ ਕਾਨੂੰਨ ਦੇ ਅਨੁਸਾਰ, 'ਗੈਰ-ਜ਼ਰੂਰੀ' ਸਰਕਾਰੀ ਵਿਭਾਗ ਅਤੇ ਸੇਵਾਵਾਂ ਬਿਨਾਂ ਫੰਡਿੰਗ ਦੇ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਅਮਰੀਕਾ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਸ਼ਟਡਾਊਨ ਜਾਂ ਤਾਲਾਬੰਦੀ ਆਮ ਤੌਰ 'ਤੇ ਰਾਜਨੀਤਿਕ ਰੁਕਾਵਟ ਕਾਰਨ ਹੁੰਦੇ ਹਨ। ਹਾਲੀਆ ਸ਼ਟਡਾਊਨ ਦੇ ਮੁੱਖ ਕਾਰਨ ਇਸ ਤਰ੍ਹਾਂ ਹਨ: ਅਮਰੀਕੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ ਚਲਾਉਣ ਲਈ ਵੱਡੀ ਮਾਤਰਾ ਵਿੱਚ ਫੰਡਿੰਗ ਦੀ ਲੋੜ ਹੁੰਦੀ ਹੈ। ਜਦੋਂ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ (ਜਿਵੇਂ ਕਿ ਰਿਪਬਲਿਕਨ ਅਤੇ ਡੈਮੋਕਰੇਟ) ਸਰਕਾਰੀ ਖਰਚ ਨੂੰ ਅਧਿਕਾਰਤ ਕਰਨ ਵਾਲੇ ਫੰਡਿੰਗ ਬਿੱਲ (ਨਿਯੁਕਤੀ ਬਿੱਲ) 'ਤੇ ਸਹਿਮਤ ਨਹੀਂ ਹੋ ਸਕਦੀਆਂ, ਤਾਂ ਕਾਨੂੰਨੀ ਖਰਚ ਲਈ ਕੋਈ ਫੰਡ ਨਹੀਂ ਬਚਦਾ।

ਅਮਰੀਕਾ ਵਿੱਚ ਸਰਕਾਰੀ ਸ਼ੱਟਡਾਊਨ ਉਦੋਂ ਹੁੰਦਾ ਹੈ ਜਦੋਂ ਕਾਂਗਰਸ ਸਰਕਾਰੀ ਖ਼ਰਚਿਆਂ ਨੂੰ ਮਨਜ਼ੂਰੀ ਦੇਣ ਵਾਲੇ ਬਿੱਲਾਂ ਨੂੰ ਪਾਸ ਕਰਨ ਵਿੱਚ ਅਸਮਰੱਥ ਹੁੰਦੀ ਹੈ। ਇਹ ਅਕਸਰ ਉਦੋਂ ਹੁੰਦਾ ਹੈ ਜਦੋਂ ਰਾਸ਼ਟਰਪਤੀ ਦਾ ਬਜਟ ਪ੍ਰਸਤਾਵ ਕਾਂਗਰਸ ਵਿੱਚ ਪਾਸ ਹੋਣ ਵਿੱਚ ਅਸਫਲ ਰਹਿੰਦਾ ਹੈ। ਅਮਰੀਕੀ ਸੰਘੀ ਸਰਕਾਰ ਲਈ ਬਜਟ ਪਾਸ ਕਰਨ ਦੀ ਪ੍ਰਕਿਰਿਆ ਗੁੰਝਲਦਾਰ ਹੈ। ਕਾਂਗਰਸ ਨੂੰ ਹਰ ਵਿੱਤੀ ਸਾਲ ਵਿੱਚ 12 ਵੱਖਰੇ ਵਿੱਤੀ ਬਿੱਲ ਪਾਸ ਕਰਨੇ ਚਾਹੀਦੇ ਹਨ। ਜੇਕਰ ਇਹ ਬਿੱਲ ਸਮੇਂ ਸਿਰ ਪਾਸ ਨਹੀਂ ਹੁੰਦੇ, ਤਾਂ ਸਰਕਾਰ ਨੂੰ ਕੰਮ ਕਰਨ ਲਈ ਫੰਡਾਂ ਤੋਂ ਬਿਨਾਂ ਛੱਡ ਦਿੱਤਾ ਜਾਵੇਗਾ, ਜਿਸ ਨਾਲ ਸ਼ੱਟਡਾਊਨ ਹੋ ਜਾਵੇਗਾ। ਜਿਵੇਂ ਕਿ ਅਮਰੀਕਾ 'ਚ ਪਿਛਲੇ ਦਿਨੀਂ ਹੋਇਆ ਹੈ। ਦੁਨੀਆ ਵਿੱਚ ਕਿਸੇ ਵੀ ਇਲਾਕੇ ਵਿੱਚ ਕੋਈ ਘਟਨਾ ਵਾਪਰਦੀ ਹੈ ਉਥੇ ਹੀ ਅਮਰੀਕਾ ਪਹੁੰਚ ਕੇ ਆਪਣੀ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੰਦਾ ਹੈ ਪਰ ਅਮਰੀਕਾ ਖੁਦ ਆਪਣੇ ਦੇਸ਼ ਅੰਦਰ ਹੁੰਦੀ ਵੱਡੀ ਤਬਦੀਲੀ ਨੂੰ ਰੋਕ ਨਹੀਂ ਸਕਿਆ, ਜਿਸ ਦਾ ਨਤੀਜਾ ਸ਼ਟਡਾਊਨ ਦੇ ਰੂਪ ਵਿੱਚ ਨਿਕਲਿਆ। ਇਸ ਸ਼ਟਡਾਊਨ ਕਾਰਨ ਅਮਰੀਕਾ ਦੇ ਲੋਕਾਂ ਨੂੰ ਢੇਰਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਅਮਰੀਕਾ ਦੇ ਲੋਕ ਪ੍ਰੇਸ਼ਾਨ ਹੋ ਰਹੇ ਸਨ ਅਤੇ ਸਰਕਾਰ ਨੂੰ ਅਪੀਲ ਕਰ ਰਹੇ ਸਨ ਕਿ ਉਹ ਸ਼ਟਡਾਊਨ ਦੀ ਦਿਨੋਂ ਦਿਨ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਦਾ ਕੋਈ ਨਾ ਕੋਈ ਹੱਲ ਕੱਢੇ।

ਅਮਰੀਕਾ ਦੇ ਵੱਡੀ ਗਿਣਤੀ ਲੋਕ 'ਸ਼ਟਡਾਊਨ' ਲਈ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਜ਼ਿੰਮੇਵਾਰ ਕਹਿ ਰਹੇ ਹਨ ਅਤੇ ਸਵਾਲ ਕਰ ਦੇ ਹਨ ਕਿ ਟਰੰਪ ਦਾ ਧਿਆਨ ਦੂਜੇ ਦੇਸ਼ਾਂ ਵੱਲ ਵਧੇਰੇ ਰਹਿੰਦਾ ਹੈ ਅਤੇ ਆਪਣੇ ਦੇਸ਼ ਵੱਲ ਧਿਆਨ ਦੇਣ ਲਈ ਉਹਨਾਂ ਕੋਲ ਸਮਾਂ ਘੱਟ ਰਹਿ ਜਾਂਦਾ ਹੈ, ਜਿਸ ਕਾਰਨ ਅਮਰੀਕਾ ਵਿੱਚ 'ਸ਼ਟਡਾਊਨ' ਵਰਗੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਭਾਵੇਂ ਕਿ ਅਮਰੀਕਾ ਸਰਕਾਰ ਅਮਰੀਕਾ ਦੇ ਵਸਨੀਕਾਂ ਨੂੰ ਹਰ ਸਹੂਲਤਾਂ ਦੇਣ ਦਾ ਵਾਅਦਾ ਕਰਦੀ ਹੈ ਅਤੇ ਇਸ ਲਈ ਉਪਰਾਲੇ ਵੀ ਕਰਦੀ ਹੈ ਪਰ ਟਰੰਪ ਪ੍ਰਸ਼ਾਸਨ ਦੀਆਂ ਕੁਝ ਨੀਤੀਆਂ ਅਜਿਹੀਆਂ ਹਨ ਜੋ ਕਿ ਸਿੱਧਾ ਆਮ ਲੋਕਾਂ ਨੂੰ ਅਤੇ ਸਰਕਾਰੀ ਕੰਮਕਾਜ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਸ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜੇ ਕਾਰਨ ਹਨ, ਜਿਸ ਕਾਰਨ ਅਮਰੀਕਾ 'ਚ ਸ਼ਟਡਾਊਨ ਦੇ ਹਾਲਾਤ ਪੈਦਾ ਹੋਏ। ਇਸ ਸਵਾਲ ਦਾ ਜਵਾਬ ਦਿੰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਅਮਰੀਕਾ 'ਚ ਸ਼ਟਡਾਊਨ ਦਾ ਵੱਡਾ ਕਾਰਨ ਇਹ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਆਪਣੀ ਮਨਮਰਜ਼ੀ ਕਰਨਾ ਚਾਹੁੰਦੇ ਹਨ ਅਤੇ ਉਹ ਪੂਰੀ ਦੁਨੀਆ 'ਤੇ ਆਪਣੇ ਫ਼ੈਸਲੇ ਥੋਪਣ ਦਾ ਯਤਨ ਕਰਦੇ ਹਨ। ਅਮਰੀਕਾ ਦੀ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ (ਜਿਵੇਂ ਕਿ ਰਿਪਬਲਿਕਨ ਅਤੇ ਡੈਮੋਕਰੇਟ) ਵਿਚਾਲੇ ਤਾਲਮੇਲ ਦੀ ਘਾਟ ਹੈ। ਜਿਸ ਕਾਰਨ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਾਲੇ ਅਕਸਰ ਟਕਰਾਓ ਵਰਗਾ ਮਾਹੌਲ ਪੈਦਾ ਹੋ ਜਾਂਦਾ ਹੈ। ਹੁਣ ਅਮਰੀਕਾ 'ਚ ਸ਼ਟਡਾਊਨ ਸਮਾਪਤ ਹੋ ਗਿਆ ਹੈ, ਜਿਸ ਕਾਰਨ ਸ਼ਟਡਾਊਨ ਤੋਂ ਬਾਅਦ ਦੇ ਹਾਲਾਤਾਂ ਦਾ ਅਮਰੀਕੀ ਲੋਕਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਸ਼ਟਡਾਊਨ ਸਮਾਪਤ ਹੋ ਗਿਆ ਹੈ ਪਰ ਇਸ ਦਾ ਅਸਰ ਅਮਰੀਕਾ ਅਤੇ ਉਸ ਦੀ ਅਰਥ ਵਿਵਸਥਾ ਉੱਪਰ ਕਾਫੀ ਸਮਾਂ ਰਹਿਣ ਦੇ ਆਸਾਰ ਹਨ।

***

## ਪੰਥ ਦੀ ਸਿਆਸੀ

ਇਹ ਇੱਕ ਭਰਮ ਹੈ ਕਿ ਤਰਨਤਾਰਨ ਦੀ ਜਿੱਤ ਨੇ ਬਾਦਲ ਦਲ ਦੀ ਸਿਆਸਤ ਵਿੱਚ ਵਾਪਸੀ ਕਰ ਦਿਤੀ।

ਸਿਆਸੀ ਮਾਹਿਰ ਡਾਕਟਰ ਪਰਮੋਦ ਕੁਮਾਰ ਕਹਿੰਦੇ ਹਨ ਕਿ ਅਕਾਲੀ ਦਲ ਦਾ ਦੂਜੇ ਨੰਬਰ ਉੱਪਰ ਆਉਣਾ ਦਿਖਾਉਂਦਾ ਹੈ ਕਿ ਅਕਾਲੀ ਦਲ ਮੁੜ ਵਾਪਸੀ ਦੀ ਰਾਹ 'ਤੇ ਆ ਰਿਹਾ ਹੈ। ਉਹ ਕਹਿੰਦੇ ਹਨ, 'ਅਕਾਲੀ ਦਲ ਦਾ ਗਰਮ ਖਿਆਲੀਆਂ ਅਤੇ ਕਾਂਗਰਸ ਤੋਂ ਅੱਗੇ ਆਉਣਾ ਸਾਲ 2027 ਲਈ ਉਨ੍ਹਾਂ ਦੀਆਂ ਉਮੀਦਾਂ ਨੂੰ ਵਧਾਉਂਦਾ ਹੈ ਅਤੇ ਇਸ ਨਾਲ ਬੀਜੇਪੀ ਵੀ ਅਕਾਲੀ ਦਲ ਨਾਲ ਗਠਜੋੜ ਬਾਰੇ ਸੋਚੇਗੀ।' ਡਾ. ਪਰਮੋਦ ਕਹਿੰਦੇ ਹਨ, 'ਜੋ ਲੋਕ ਮੰਨ ਰਹੇ ਸਨ ਕਿ ਅਕਾਲੀ ਦਲ ਨੂੰ ਸਿੱਖਾਂ ਦਾ ਸਮਰਥਨ ਨਹੀਂ ਮਿਲ ਰਿਹਾ, ਉਨ੍ਹਾਂ ਲਈ ਸਾਫ਼ ਹੋ ਗਿਆ ਹੈ ਕਿ ਹੁਣ ਲੋਕ ਅਕਾਲੀ ਦਲ ਨਾਲ ਵੀ ਹਨ।'

ਹਮੀਰ ਸਿੰਘ ਵਿਸ਼ਲੇਸ਼ਕ ਦਾ ਕਹਿਣਾ ਹੈ ਕਿ ਜੇ ਅਕਾਲੀ ਵੋਟਰ ਵੰਡੇ ਰਹੇ, ਤਾਂ ਅਕਾਲੀ ਧੜੇ ਹਾਰਦੇ ਹੀ ਰਹਿਣਗੇ।

ਚੋਣ ਨਤੀਜਿਆਂ ਬਾਰੇ ਗੱਲ ਕਰਦਿਆਂ ਅਰਸ਼ਦੀਪ ਕਲੇਰ ਨੇ ਕਿਹਾ ਕਿ ਲੋਕਾਂ ਦੀ ਕਚਹਿਰੀ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਜਿੱਤਿਆ ਹੈ ਤੇ ਲੋਕਾਂ ਨੇ 2027 ਦੀਆਂ ਚੋਣਾਂ ਲਈ ਇਸ ਗੱਲ 'ਤੇ ਮੋਹਰ ਲਗਾ ਦਿੱਤੀ ਹੈ ਕਿ ਲੋਕਾਂ ਦੀ ਪਹਿਲੀ ਪਸੰਦ ਸ਼੍ਰੋਮਣੀ ਅਕਾਲੀ ਦਲ ਹੈ। ਅਰਸ਼ਦੀਪ ਕਲੇਰ ਨੇ ਕਿਹਾ ਕਿ ਮਨਦੀਪ ਸਿੰਘ ਨੇ ਆਪ ਮੰਨਿਆ ਹੈ ਕਿ ਜੇ ਉਹ ਚੋਣ ਨਾ ਲੜਦੇ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਜਾਣਾ ਸੀ। ਇਸ ਗੱਲ ਤੋਂ ਸਪਸ਼ਟ ਹੈ ਕਿ ਇਹ ਧਿਰਾਂ ਏਜੰਸੀਆਂ ਦੇ ਇਸ਼ਾਰੇ 'ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਹਰਾਉਣ ਲਈ ਹੀ ਚੋਣ ਲੜਦੀਆਂ ਹਨ।

***

## ਪਾਕਿਸਤਾਨ ਵਿੱਚ ਗੁੰਮ ਸਿੱਖ ਤੀਰਥ ਯਾਤਰੀ

ਭਾਰਤ ਸਰਕਾਰ ਅਤੇ ਕੇਂਦਰੀ ਏਜੰਸੀਆਂ ਦੀ ਹੈ। ਇਹ ਏਜੰਸੀਆਂ ਦੀ ਨਾਕਾਮੀ ਹੈ ਕਿ ਉਹ ਇਹ ਨਹੀਂ ਭਾਂਪ ਸਕੀਆਂ ਕਿ ਸਰਬਜੀਤ ਪਹਿਲਾਂ ਹੀ ਇੱਕ ਪਾਕਿਸਤਾਨੀ ਨਾਗਰਿਕ ਨਾਲ ਸੰਪਰਕ ਵਿੱਚ ਸੀ।' ਪਰਤਾਪ ਸਿੰਘ ਨੇ ਇਹ ਵੀ ਜੋੜਿਆ ਕਿ ਸਰਬਜੀਤ ਦੇ ਇਸ ਫੈਸਲੇ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਸਿੱਖ ਵਿਦਵਾਨ ਪਰਮਿੰਦਰ ਸਿੰਘ ਸ਼ੌਂਕੀ ਦਾ ਇਸ ਮਾਮਲੇ ਬਾਰੇ ਕਹਿਣਾ ਹੈ ਕਿ ਸਮੱਸਿਆ ਸਿਰਫ਼ ਇਹ ਨਹੀਂ ਕਿ ਇੱਕ ਸਿੱਖ ਬੀਬੀ ਨੇ ਮੁਸਲਮਾਨ ਨਾਲ ਵਿਆਹ ਕਰ ਲਿਆ। ਅਸਲ ਸਮੱਸਿਆ ਇਹ ਹੈ ਕਿ ਸਿੱਖ ਕੁੜੀਆਂ ਦੇ ਵਿਆਹ ਹਿੰਦੂਆਂ ਨਾਲ ਵੀ ਬਹੁਤ ਜ਼ਿਆਦਾ ਹੋ ਰਹੇ ਹਨ। ਪਰ ਗੋਦੀ ਮੀਡੀਆ ਅਤੇ ਹਿੰਦੂਤਵੀ ਸ਼ਕਤੀਆਂ ਇਸ ਨੂੰ ਬਲੈਕ ਐਂਡ ਵਾਈਟ ਪਰਿਪੇਖ ਵਿੱਚ ਵਿਖਾਉਂਦੀਆਂ ਹਨ – ਮੁਸਲਮਾਨ ਨਾਲ ਵਿਆਹ ਨੂੰ ਅਪਰਾਧ ਵਜੋਂ ਅਤੇ ਹਿੰਦੂ ਨਾਲ ਨੂੰ ਆਮ ਗੱਲ ਵਜੋਂ। ਵਿਦਵਾਨ ਸ਼ੌਂਕੀ ਨੇ ਉਦਾਹਰਣਾਂ ਵੀ ਦਿੱਤੀਆਂ ਕਿ ਦਿੱਲੀ, ਯੂਪੀ, ਉੱਤਰਾਖੰਡ ਅਤੇ ਪੰਜਾਬ ਵਿੱਚ ਹਜ਼ਾਰਾਂ ਸਿੱਖ ਕੁੜੀਆਂ ਹਿੰਦੂ ਪਰਿਵਾਰਾਂ ਵਿੱਚ ਵਿਆਹੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀ ਔਲਾਦ ਹਿੰਦੂ-ਸਿੱਖ ਮਿਲੇ ਜੁਲੇ ਰੀਤੀ-ਰਿਵਾਜ਼ ਅਪਣਾਉਂਦੀ ਹੈ। ਕੀ ਅਜਿਹੀ ਔਲਾਦ ਸਿੱਖ ਰਹਿ ਸਕਦੀ ਹੈ? ਇਹ ਅਨਮਤੀ ਵਰਤਾਰਾ ਸਿੱਖ ਸੱਭਿਆਚਾਰ ਉੱਤੇ ਭਾਰੀ ਪੈ ਰਿਹਾ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਵੀ ਟਿੱਪਣੀ ਕੀਤੀ, ਸ਼੍ਰੋਮਣੀ ਕਮੇਟੀ ਨੂੰ ਸਿੱਖੀ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਪਰ ਉਹ ਇਸ ਮਾਮਲੇ ਵਿੱਚ ਏਜੰਸੀਆਂ ਨੂੰ ਦੋਸ਼ ਦੇਕੇ ਇਸ ਸਿੱਖ ਵਿਰੋਧੀ ਸੱਭਿਆਚਾਰਕ ਵਰਤਾਰੇ ਤੋਂ ਸੁਰਖ਼ਰੂ ਹੋਣਾ ਚਾਹੁੰਦੀ ਹੈ ਤੇ ਪੰਥਕ ਸੰਕਟ ਲਈ ਆਪਣੀ ਜ਼ਿੰਮੇਵਾਰੀ ਨਹੀਂ ਸਮਝ ਰਹੀ। ਖ਼ਾਲਸਾ ਨੇ ਕਿਹਾ ਕਿ ਅਸੀਂ ਤੀਸਰਾ ਪੰਥ ਹਾਂ – ਹਿੰਦੂ ਜਾਂ ਮੁਸਲਮਾਨ ਨਹੀਂ। ਸਾਡੇ ਰਿਸ਼ਤੇ ਸਿੱਖ ਪਰਿਵਾਰਾਂ ਵਿੱਚ ਹੀ ਹੋਣੇ ਚਾਹੀਦੇ ਹਨ, ਜਿਵੇਂ ਸਿੱਖ ਮਰਿਆਦਾ ਵਿੱਚ ਲਿਖਿਆ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ਼ਤਾਬਦੀਆਂ ਮਨਾਕੇ ਰਵਾਇਤੀ ਕਾਰਜ ਕਰ ਰਹੀ ਹੈ, ਪੰਥਕ ਸੰਕਟਾਂ ਦੇ ਹੱਲ ਨਹੀਂ ਲਭ ਰਹੀ। ਖਾਲਸਾ ਨੇ ਕਿਹਾ ਕਿ ਸਿੱਖ ਪੰਥ ਲਈ ਚਿੰਤਾਜਨਕ ਗੱਲ ਇਹ ਹੈ ਕਿ ਸਿੱਖ ਕੁੜੀਆਂ ਗੈਰ ਸਿਖਾਂ ਨਾਲ ਵਿਆਹ ਕਰਾ ਰਹੀਆਂ ਹਨ। ਉਹਨਾਂ ਵਿੱਚ ਸਿੱਖੀ ਦਾ ਮਾਣ ਨਹੀਂ ਰਿਹਾ। ਉਹ ਆਪਣੇ ਮਾਂ ਬਾਪ ਤੋਂ ਬਾਗੀ ਹੋਕੇ ਇਹ ਰਾਹ ਅਪਨਾ ਰਹੀਆਂ ਹਨ। ਨਵੀਂ ਪੀੜ੍ਹੀ ਵਿੱਚ ਸਿੱਖੀ ਨੂੰ ਅਪਣਾਉਣ ਵਾਲੇ ਘੱਟ ਹੋ ਰਹੇ ਹਨ। ਉਹਨਾਂ ਨੂੰ ਸਿਖ ਵਿਚਾਰਧਾਰਾ ਤੇ ਇਤਿਹਾਸ ਬਾਰੇ ਉਕਾ ਗਿਆਨ ਨਹੀਂ ਹੈ।

ਇੱਕ ਹੋਰ ਪੱਖ ਤੋਂ, ਸਿੱਖ ਬੁੱਧੀਜੀਵੀ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਗਰੀਬ ਸਿੱਖ ਈਸਾਈ ਬਣ ਰਹੇ ਹਨ, ਸਿੱਖ ਕੁੜੀਆਂ ਹਿੰਦੂ-ਮੁਸਲਮਾਨਾਂ ਨਾਲ ਵਿਆਹ ਕਰ ਰਹੀਆਂ ਹਨ, ਮੁੰਡੇ ਗੈਂਗਸਟਰਵਾਦ ਅਤੇ ਨਸ਼ਿਆਂ ਵਿੱਚ ਫਸ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਮੱਸਿਆਵਾਂ ਲਈ ਕੋਈ ਮੁਹਿੰਮ ਨਹੀਂ ਵਿੱਢੀ। ਸ਼੍ਰੋਮਣੀ ਕਮੇਟੀ ਆਪਣੇ ਬਜਟ ਦਾ ਵੱਡਾ ਹਿੱਸਾ ਗੁਰਦੁਆਰਿਆਂ ਦੀ ਸੰਭਾਲ 'ਤੇ ਖ਼ਰਚ ਕਰਦੀ ਹੈ, ਪਰ ਨੌਜਵਾਨਾਂ ਲਈ ਵਿਦਿਅਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਤੇ ਨਹੀਂ। 2025 ਦੇ ਬਜਟ ਵਿੱਚ ਐੱਸ.ਜੀ.ਪੀ.ਸੀ. ਨੇ 500 ਕਰੋੜ ਰੁਪਏ ਗੁਰਦੁਆਰਿਆਂ ਲਈ ਰੱਖੇ, ਪਰ ਸਿੱਖੀ ਪ੍ਰਚਾਰ ਲਈ ਸਿਰਫ਼ 50 ਕਰੋੜ। ਇਹ ਅਸੰਤੁਲਨ ਸਿੱਖ ਕੌਮ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।

### ਸਿੱਖਾਂ ਦੇ ਦੂਜੇ ਧਰਮਾਂ ਵਿੱਚ ਵਿਆਹ ਇੱਕ ਸੱਭਿਆਚਾਰਕ ਸੰਕਟ

ਸਿੱਖ ਕੁੜੀਆਂ ਵਿੱਚ ਦੂਜੇ ਧਰਮਾਂ ਵਿੱਚ ਵਿਆਹਾਂ ਦਾ ਰੁਝਾਨ ਵਧ ਰਿਹਾ ਹੈ, ਜੋ ਸਿੱਖ ਪੰਥ ਨੂੰ ਸੱਭਿਆਚਾਰਕ ਸੰਕਟ ਵਿੱਚ ਪਾ ਰਿਹਾ ਹੈ। ਇੱਕ ਅਧਿਐਨ ਅਨੁਸਾਰ ਪੰਜਾਬ ਵਿੱਚ 20% ਤੋਂ ਵੱਧ ਵਿਆਹ ਹੁਣ ਅੰਤਰਧਰਮੀ ਹਨ, ਜਿਨ੍ਹਾਂ ਵਿੱਚ ਹਿੰਦੂ-ਸਿੱਖ ਵਿਆਹ ਸਭ ਤੋਂ ਵੱਧ ਹਨ। ਹਾਲਾਂਕਿ ਮੁਸਲਮਾਨਾਂ ਨਾਲ ਵਿਆਹ ਨਾਮਾਤਰ ਹਨ, ਪਰ ਜਦੋਂ ਮੁਸਲਮਾਨਾਂ ਨਾਲ ਹੁੰਦੇ ਹਨ ਤਾਂ ਮੀਡੀਆ ਵਿੱਚ ਵੱਡੀ ਚਰਚਾ ਹੁੰਦੀ ਹੈ ਪਰ ਹਿੰਦੂ ਨਾਲ ਵਿਆਹ ਉੱਪਰ ਗੋਦੀ ਮੀਡੀਆ ਚੁੱਪ ਹੈ। ਇਸ ਵੱਡੇ ਸੰਕਟ ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣਾ ਧਿਆਨ ਪਾਕਿਸਤਾਨ ਜਾਣ ਵਾਲੀਆਂ ਇਕੱਲੀਆਂ ਔਰਤਾਂ ਦੇ ਵੀਜ਼ੇ 'ਤੇ ਲਗਾ ਦਿੱਤਾ ਹੈ। ਸਰਬਜੀਤ ਕੌਰ ਦੇ ਮਾਮਲੇ ਨੂੰ ਬਹਾਨਾ ਬਣਾ ਕੇ ਐੱਸ.ਜੀ.ਪੀ.ਸੀ. ਨੇ ਐਲਾਨ ਕੀਤਾ ਹੈ ਕਿ ਭਵਿੱਖ ਵਿੱਚ ਇਕੱਲੀਆਂ ਔਰਤਾਂ ਲਈ ਵੀਜ਼ਾ ਅਰਜ਼ੀਆਂ ਨਹੀਂ ਕੀਤੀਆਂ ਜਾਣਗੀਆਂ। ਕੀ ਇਹ ਅਸਲ ਸਮੱਸਿਆ ਨੂੰ ਟਾਲਣ ਦੀ ਕੋਸ਼ਿਸ਼ ਨਹੀਂ? ਜੇਕਰ ਸ਼੍ਰੋਮਣੀ ਕਮੇਟੀ ਅਤੇ ਹੋਰ ਸੰਗਠਨ ਨੇ ਹੁਣ ਵੀ ਕੰਮ ਨਹੀਂ ਕੀਤਾ, ਤਾਂ ਅਜਿਹੀਆਂ ਘਟਨਾਵਾਂ ਵਧਣਗੀਆਂ।

***

## ਬਾਦਲ ਦਲ ਨੇ ਕਿਵੇਂ ਕੀਤੀ ਧਮਾਕੇਦਾਰ ਵਾਪਸੀ?

ਇਸ ਦੇ ਉਲਟ, ਮਨਦੀਪ ਨੂੰ ਵੱਖ-ਵੱਖ ਅਕਾਲੀ ਧੜਿਆਂ ਵੱਲੋਂ ਸਮਰਥਨ ਤਾਂ ਮਿਲਿਆ, ਪਰ ਮੁੱਖ ਤੌਰ 'ਤੇ ਅਕਾਲੀ ਦਲ ਵਾਰਿਸ ਪੰਜਾਬ ਨੇ ਹੀ ਉਸਦੀ ਉਮੀਦਵਾਰੀ 'ਤੇ ਫ਼ੈਸਲਾ ਕੀਤਾ ਅਤੇ ਸਭ ਤੋਂ ਵੱਡਾ ਦਾਅਵੇਦਾਰ ਰਿਹਾ—ਪਰ ਉਨ੍ਹਾਂ ਵਿੱਚ ਆਪਸੀ ਸਹਿਯੋਗ ਦੀ ਕਮੀ ਰਹੀ ਅਤੇ ਉਹ ਸ਼ੁਰੂਆਤੀ ਹਮਾਇਤ ਨੂੰ ਇਕੱਠਾ ਕਰਕੇ ਇੱਕ ਚੰਗੀ ਕੋਆਰਡੀਨੇਸ਼ਨ ਵਾਲੀ ਮੁਹਿੰਮ ਵਿੱਚ ਨਹੀਂ ਬਦਲ ਸਕੇ। ਹਰ ਧੜਾ ਆਪਣਾ-ਆਪਣਾ ਕੰਮ ਕਰਦਾ ਦਿਖਿਆ ਅਤੇ ਪਰਸਪਰ ਸਾਂਝ ਗ਼ਾਇਬ ਸੀ। ਸੱਚਾਈ ਇਹ ਹੈ ਕਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਵਿੱਚ ਵਾਰਿਸ ਪੰਜਾਬ ਦੇ ਜਜ਼ਬਾਤੀ ਅਪੀਲ ਅਤੇ ਪ੍ਰਤੀਕਰਮ ਰਾਜਨੀਤੀ ਤੋਂ ਅੱਗੇ ਨਹੀਂ ਵਧ ਸਕਿਆ। ਉਹ ਅਜੇ ਵੀ ਢਾਂਚਾਗਤ ਰਾਜਨੀਤੀ ਤੋਂ ਦੂਰ ਦਿਸਦੇ ਹਨ।

ਜਸਪਾਲ ਸਿੰਘ ਸਿੱਧੂ ਕਹਿੰਦੇ ਹਨ, 'ਤਰਨ ਤਾਰਨ ਜ਼ਿਮਨੀ ਚੋਣ ਦਿਖਾਉਂਦੀ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਫ਼ੈਕਟਰ ਹੁਣ ਕੰਮ ਨਹੀਂ ਕਰ ਰਿਹਾ।'

ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ (ਪੁਨਰ ਸੁਰਜੀਤ) ਲਈ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਦੂਜੇ ਨੰਬਰ 'ਤੇ ਆਉਣਾ ਇੱਕ ਵੱਡੀ ਚੁਣੌਤੀ ਹੈ। ਪਾਰਟੀ ਬਣਾਉਣ ਤੋਂ ਬਾਅਦ, ਉਹ ਵੀ ਇਕਜੁੱਟ ਇਕਾਈ ਵਜੋਂ ਜਾਂ ਮੈਦਾਨੀ ਪੱਧਰ 'ਤੇ ਵੱਡੇ ਤੌਰ 'ਤੇ ਜ਼ਿਆਦਾ ਕੰਮ ਕਰਦੇ ਨਹੀਂ ਦਿਸੇ, ਹਾਲਾਂਕਿ ਇਸਦੇ ਕੁਝ ਨੇਤਾ ਤਰਨ ਤਾਰਨ ਵਿੱਚ ਪ੍ਰਚਾਰ ਲਈ ਜ਼ਰੂਰ ਪਹੁੰਚੇ ਸਨ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਵਾਰਿਸ ਪੰਜਾਬ ਨੇ ਬੀਬੀ ਗੁਰਪ੍ਰੀਤ ਕੌਰ ਵਰਗੀ ਮਜ਼ਬੂਤ ਔਰਤ ਉਮੀਦਵਾਰ ਚੁਣੀ ਹੁੰਦੀ, ਤਾਂ ਸ਼ਾਇਦ ਨਤੀਜਾ ਵੱਖਰਾ ਹੁੰਦਾ। ਬੀਬੀ ਗੁਰਪ੍ਰੀਤ ਨੇ ਪਹਿਲਾਂ ਵੀ ਕਕਾਰਾਂ ਬਾਰੇ ਆਵਾਜ਼ ਉਠਾਈ ਸੀ ਜਦੋਂ ਉਸਨੂੰ ਸਰਕਾਰੀ ਪ੍ਰਬੰਧਕਾਂ ਨੇ ਜੱਜ ਕੰਪੀਟੀਸ਼ਨ ਬਾਰੇ ਪੇਪਰ ਨਹੀਂ ਦੇਣ ਦਿੱਤਾ। ਪ੍ਰਬੰਧਕਾਂ ਨੇ ਕਿਹਾ ਸੀ ਕਿ ਕ੍ਰਿਪਾਨ ਬਾਹਰ ਛੱਡਕੇ ਆਉ ਪਰ ਉਸਨੇ ਆਪਣਾ ਪੇਪਰ ਛੱਡ ਦਿੱਤਾ ਅਤੇ ਗੁਰਪ੍ਰੀਤ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਸਮਰੱਥਾ ਹੈ। ਇਹ ਚੋਣ ਵਾਰਿਸ ਪੰਜਾਬ ਲਈ ਇੱਕ ਸੁਨਹਿਰੀ ਅਵਸਰ ਸੀ, ਪਰ ਉਹ ਗੁਆਚ ਗਿਆ ਪਰ ਇਹ ਹਾਰ ਨਮੋਸ਼ੀ ਵਾਲੀ ਨਹੀਂ ਸਗੋਂ ਨਵੀਂ ਸਿਰਜਣਾ ਵਲ ਸਫ਼ਰ ਕਰਨ ਵਾਲੀ ਹੈ। ਇਸ ਤੋਂ ਸਬਕ ਨਵੇਂ ਅਕਾਲੀ ਦਲ ਦੇ ਮੁਖੀ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਲੈਣਾ ਚਾਹੀਦਾ ਹੈ। ਸਭ ਪੰਥਕ ਧਿਰਾਂ ਨਾਲ ਮਿਲਕੇ ਇੱਕ ਅਕਾਲੀ ਦਲ ਬਣਾਉਣ ਵੱਲ ਵਿਉਂਤਬੰਦੀ ਕਰਨੀ ਚਾਹੀਦੀ ਹੈ।

ਪ੍ਰੋਫ਼ੈਸਰ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਥਕ ਲੀਡਰਸ਼ਿਪ ਨੂੰ ਤਿੱਖੇ ਨਾਰ੍ਹੇਬਾਜ਼ਾਂ ਤੋਂ ਬਚਕੇ ਜਮਹੂਰੀਅਤ ਦੀ ਸ਼ੈਲੀ ਸਿਰਜਣੀ ਚਾਹੀਦੀ ਹੈ। ਮੌਕਾਪ੍ਰਸਤ ਤੇ ਦਾਗੀ ਲੀਡਰਸ਼ਿਪ ਦੇ ਦਬਾਅ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਨਵੇਂ ਅਕਾਲੀ ਦਲ ਦੇ ਕੁਝ ਲੀਡਰ ਇਸ ਨਤੀਜੇ ਬਾਅਦ ਮੁੜ ਬਾਦਲ ਦਲ ਨਾਲ ਜੁੜ ਸਕਦੇ ਹਨ ਪਰ ਇਹ ਮੌਕਾਪ੍ਰਸਤ ਲੋਕ ਕੌਮ ਦਾ ਕੁਝ ਸੰਵਾਰ ਨਹੀਂ ਸਕਣਗੇ।

***

## ਵੈਸਟ ਮਿਡਲੈਂਡਜ਼ ਦੇ ਨਸਲੀ ਹਮਲਿਆਂ ਨੇ

ਪਰ ਸਿੱਖ ਭਾਈਚਾਰੇ ਨੂੰ ਲੱਗ ਰਿਹਾ ਹੈ ਕਿ ਨਫ਼ਰਤ ਅਪਰਾਧ ਵਧ ਰਹੇ ਹਨ ਅਤੇ ਪੁਲਿਸ ਦੀ ਪਹੁੰਚ ਕਮਜ਼ੋਰ ਹੈ। ਲੇਬਰ ਕਾਉਂਸਲਰ ਸਿਮਰਨ ਚੀਮਾ ਨੇ ਕਿਹਾ ਕਿ ਲੋਕ ਧਾਰਮਿਕ ਚਿੰਨ੍ਹ ਪਹਿਨਣ ਤੋਂ ਡਰਦੇ ਹਨ ਅਤੇ ਬਾਹਰ ਜਾਣ ਤੋਂ ਘਬਰਾਉਂਦੇ ਹਨ। ਉਹਨਾਂ ਨੇ ਵਾਲਸਾਲ ਕਾਉਂਸਲ ਵੱਲੋਂ ਗੁਰਦੁਆਰਿਆਂ ਵਿਖੇ ਵਾਧੂ ਸੀਸੀਟੀਵੀ ਲਗਾਉਣ ਦੀ ਗੱਲ ਕੀਤੀ।

****

## ਚੰਡੀਗੜ੍ਹ, ਵਰਸਿਟੀ ਤੇ ਦਰਿਆਈ ਪਾਣੀ ਸਾਡੇ ਹੱਕ

ਡਾ. ਸੁਖਦਿਆਲ ਸਿੰਘ (ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ): ਯੂਨੀਵਰਸਿਟੀ ਪੰਜਾਬ ਦੀ ਹੈ, ਪੰਜਾਬ ਨੇ ਬਣਾਈ, ਪੰਜਾਬ ਚਲਾਉਂਦਾ ਹੈ। ਕੇਂਦਰ ਦੀ ਇਹ ਜ਼ਿੱਦ ਕਿ ਹਰਿਆਣਾ ਨੂੰ ਵੀ ਹਿੱਸਾ ਦੇਣਾ ਬਿਲਕੁਲ ਗਲਤ ਹੈ। ਮਾਨ ਨੇ ਬਿਲਕੁਲ ਠੀਕ ਪਹੁੰਚ ਅਪਣਾਈ।

ਇੰਜੀ. ਗੁਰਮੀਤ ਸਿੰਘ (ਪਾਣੀ ਮਾਹਿਰ, ਸਾਬਕਾ ਚੀਫ਼ ਇੰਜੀਨੀਅਰ ਇਰੀਗੇਸ਼ਨ): ਸਿੰਧੂ ਜਲ ਸੰਧੀ ਰੱਦ ਕਰਨ ਦੀ ਮੰਗ ਸਭ ਤੋਂ ਮਜ਼ਬੂਤ ਹੈ। ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਅਸੀਂ ਵਰਤ ਸਕਦੇ ਹਾਂ। ਪਰ ਇਹ ਮਸਲਾ ਉਠਾਕੇ ਮਾਨ ਨੇ ਚੰਗੀ ਸ਼ੁਰੂਆਤ ਕੀਤੀ ਹੈ।

ਡਾ. ਪਿਆਰਾ ਸਿੰਘ ਸੇਖਾ (ਪੰਜਾਬ ਯੂਨੀਵਰਸਿਟੀ ਸਾਬਕਾ ਸੈਨੇਟ ਮੈਂਬਰ): ਸੈਨੇਟ ਚੋਣਾਂ ਨਾ ਕਰਵਾਉਣਾ ਸਿੱਧਾ ਪੰਜਾਬ ਦੇ ਵਿਦਿਆਰਥੀਆਂ ਨਾਲ ਧੱਕਾ ਹੈ। ਮਾਨ ਨੇ ਸਹੀ ਮੰਗ ਕੀਤੀ।

ਪੰਜਾਬ ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਜੇ ਕੇਂਦਰ ਨੇ ਮਸਲੇ ਨਾ ਹੱਲ ਕੀਤੇ ਤਾਂ ਸੜਕਾਂ ਤੇ ਸੰਘਰਸ਼ ਕੀਤਾ ਜਾਵੇਗਾ। ਵਿਦਿਆਰਥੀਆਂ ਨੇ ਵੀ ਧਰਨੇ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਵਿਰੋਧੀ ਪਾਰਟੀਆਂ ਨੇ ਕਿਹਾ – ਅਸੀਂ ਤਿਆਰ ਹਾਂ, ਸੱਦੋ ਤਾਂ ਸਹੀ।

ਸਭ ਜਾਣਦੇ ਨੇ ਕਿ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਸਾਰੇ ਇਕੱਠੇ ਹਨ। ਫਰਕ ਸਿਰਫ਼ ਇੰਨਾ ਹੈ ਕਿ ਕੋਈ ਬੋਲਦਾ ਹੈ ਤੇ ਫਿਰ ਚੁੱਪ ਕਰ ਜਾਂਦਾ ਹੈ, ਤੇ ਕੋਈ ਲੜਨ ਲਈ ਵੀ ਤਿਆਰ ਹੈ। ਮਾਨ ਨੇ ਅੱਜ ਬੋਲ ਕੇ ਦਿਖਾ ਦਿੱਤਾ। ਹੁਣ ਲੜਨਾ ਵੀ ਦਿਖਾਉਣਾ ਪਵੇਗਾ। ਮਾਨ ਕੀ ਆਪਣੇ ਵਾਅਦੇ ਉੱਪਰ ਅਟਲ ਰਹਿ ਸਕਣਗੇ ਇਹ ਆਉਣ ਵਾਲਾ ਸਮਾਂ ਦੱਸੇਗਾ।

***

## ਪੀ.ਆਰ. ਲਈ 20 ਸਾਲਾਂ ਦੀ ਉਡੀਕ

ਡੈਨਿਸ਼ ਮਾਡਲ ਵਿੱਚ ਵੀ ਸ਼ਰਨਾਰਥੀਆਂ ਨੂੰ ਲੰਮੇ ਸਮੇਂ ਤੱਕ ਅਸਥਾਈ ਸਥਿਤੀ ਵਿੱਚ ਰੱਖਿਆ ਜਾਂਦਾ ਹੈ ਅਤੇ ਨਾਗਰਿਕਤਾ ਲਈ ਵੱਡੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਬ੍ਰਿਟੇਨ ਵਿੱਚ ਵੀ ਹੁਣ ਇਸੇ ਤਰ੍ਹਾਂ ਦਾ 'ਅਸਥਾਈ ਸੁਰੱਖਿਆ' ਸਿਸਟਮ ਲਾਗੂ ਹੋਵੇਗਾ, ਜਿਸ ਅਧੀਨ ਸ਼ਰਨਾਰਥੀ ਕੰਮ ਕਰ ਸਕਣਗੇ ਪਰ ਨਾਗਰਿਕਤਾ ਜਾਂ ਪੀ.ਆਰ. ਲਈ 20 ਸਾਲਾਂ ਤੱਕ ਉਡੀਕ ਕਰਨੀ ਪਵੇਗੀ।

ਗ੍ਰਿਹ ਸਕੱਤਰ ਯਾਬਾਨਾ ਮਹਿਮੂਦ, ਜੋ ਖੁਦ ਦੱਖਣ ਏਸ਼ੀਆਈ ਵਿਰਾਸਤ ਵਾਲੀ ਕੈਬਨਿਟ ਮੰਤਰੀ ਹਨ, ਨੇ ਹਾਊਸ ਆਫ਼ ਕਾਮਨਜ਼ ਵਿੱਚ ਬਿਆਨ ਦੇਣ ਤੋਂ ਪਹਿਲਾਂ ਕਿਹਾ, 'ਗੈਰ-ਕਾਨੂੰਨੀ ਪ੍ਰਵਾਸ ਬ੍ਰਿਟੇਨ ਨੂੰ ਤੋੜ ਰਿਹਾ ਹੈ। ਮੈਂ ਆਪਣੀਆਂ ਅੱਖਾਂ ਨਾਲ ਵੇਖ ਸਕਦੀ ਹਾਂ ਅਤੇ ਮੇਰੇ ਸਹਿਯੋਗੀ ਵੀ ਇਹ ਮਹਿਸੂਸ ਕਰ ਰਹੇ ਹਨ। ਲੇਬਰ ਸਰਕਾਰ ਵਜੋਂ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਦੇਸ਼ ਨੂੰ ਇਕਜੁੱਟ ਕਰੀਏ। ਜੇ ਅਸੀਂ ਇਸ ਮੁੱਦੇ ਨੂੰ ਨਹੀਂ ਨਿਭਾਇਆ ਤਾਂ ਬ੍ਰਿਟੇਨ ਬਹੁਤ ਵੱਡੇ ਸੰਕਟ ਵਿੱਚ ਫਸ ਜਾਵੇਗਾ।' ਯਾਬਾਨਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਨੀਤੀ ਸਿਰਫ਼ ਗੈਰ-ਕਾਨੂੰਨੀ ਰਸਤਿਆਂ ਰਾਹੀਂ ਆਉਣ ਵਾਲਿਆਂ ਲਈ ਹੈ, ਪਰ ਇਸ ਨਾਲ ਕਾਨੂੰਨੀ ਪ੍ਰਵਾਸੀ ਵੀ ਪ੍ਰਭਾਵਿਤ ਹੋਣ ਦੀ ਚਿੰਤਾ ਹੈ।

ਇਸ ਨੀਤੀ ਦਾ ਉਦੇਸ਼ ਫਰਾਂਸੀਸੀ ਕੰਟੀਨੈਂਟਲ ਤੋਂ ਛੋਟੀਆਂ ਰਬੜ ਦੀਆਂ ਕਿਸ਼ਤੀਆਂ ਵਿੱਚ ਆਉਣ ਵਾਲੇ ਹਜ਼ਾਰਾਂ ਪ੍ਰਵਾਸੀਆਂ ਨੂੰ ਰੋਕਣਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਇਸ ਰਸਤੇ ਰਾਹੀਂ 50,000 ਤੋਂ ਵੱਧ ਲੋਕ ਬ੍ਰਿਟੇਨ ਪਹੁੰਚੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੱਧ ਪੂਰਬ ਅਤੇ ਅਫਰੀਕਾ ਤੋਂ ਹਨ। ਸਰਕਾਰ ਨੇ ਇਸ ਨੂੰ ਰੋਕਣ ਲਈ ਨਵੇਂ ਨਿਯਮ ਬਣਾਏ ਹਨ। ਇਸ ਵਿੱਚ ਸ਼ਾਮਲ ਹੈ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਤੁਰੰਤ ਵਾਪਸ ਭੇਜਣ ਦਾ ਪ੍ਰੋਗਰਾਮ, ਜੋ ਰਵਾਂਡਾ ਪਲਾਨ ਵਾਂਗ ਹੈ ਪਰ ਵਧੇਰੇ ਸਖ਼ਤ। ਇਸ ਨਾਲ ਬ੍ਰਿਟੇਨ ਦੇ ਬਜਟ 'ਤੇ ਵੀ ਅਸਰ ਪਵੇਗਾ, ਕਿਉਂਕਿ ਅਸਥਾਈ ਸ਼ਰਨਾਰਥੀਆਂ ਲਈ ਰਿਹਾਇਸ਼ ਅਤੇ ਸਹਾਇਤਾ ਦੀ ਲਾਗਤ ਘੱਟ ਹੋਵੇਗੀ।

ਪਰ ਇਸ ਨੀਤੀ ਨੂੰ ਲੈ ਕੇ ਵਿਰੋਧ ਵੀ ਜ਼ੋਰਦਾਰ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਇਸ ਨੂੰ 'ਯੂਰਪੀਅਨ ਯੂਨੀਅਨ ਦੇ ਮਾਨਵ ਅਧਿਕਾਰਾਂ ਦੇ ਖਿਲਾਫ਼' ਕਿਹਾ ਹੈ। ਐਮਨੈਸਟੀ ਦੇ ਡਾਇਰੈਕਟਰ ਨੇ ਕਿਹਾ ਕਿ ਇਹ ਲੋਕਾਂ ਨੂੰ ਅਨਿਸ਼ਚਿਤਤਾ ਵਿੱਚ ਰੱਖੇਗਾ ਅਤੇ ਉਹਨਾਂ ਦੇ ਅਧਿਕਾਰਾਂ ਨੂੰ ਖ਼ਤਮ ਕਰੇਗਾ।

## ਬ੍ਰਿਟਿਸ਼ ਲੇਖਕ ਡੇਵਿਡ ਸ਼ਾਅਲੇ ਨੂੰ ਨਾਵਲ

ਅਮਰੀਕੀ-ਕੋਰਿਆਈ ਲੇਖਕ ਸੂਜ਼ਨ ਚੋਈ ਦਾ ਨਾਵਲ 'ਫਲੈਸ਼ਲਾਈਟ', ਅਮਰੀਕੀ ਜਪਾਨੀ ਲੇਖਕਾ ਕੇਟੀ ਕਿਤਾਮੁਰਾ ਦੀ ਪੁਸਤਕ , 'ਔਡੀਸ਼ਨ', ਬਰਤਾਨਵੀ ਅਮਰੀਕੀ ਲੇਖਕ ਬੈੱਨ ਮਾਰਕੋਵਿਟਸ ਦਾ ਨਾਵਲ 'ਦਿ ਰੈਸਟ ਆਫ ਅਵਰ ਲਾਈਵਜ਼' ਅਤੇ ਐਂਡਰਿਊ ਮਿਲਰ ਦਾ ਨਾਵਲ 'ਦਿ ਲੈਂਡ ਇਨ ਵਿੰਟਰ' ਵੀ ਸ਼ਾਮਲ ਸਨ।

***

## ਜੇਲ੍ਹ 'ਚ ਭੇਦਭਰੀ ਹਾਲਤ ਵਿੱਚ ਮਰਿਆ

(ਸਬੂਤ ਨਾਸ਼ ਕਰਨਾ) ਅਤੇ 218 (ਝੂਠੇ ਰਿਕਾਰਡ ਬਣਾਉਣਾ) ਅਧੀਨ ਉਮਰ ਕੈਦ ਸੁਣਾਈ। ਕਾਂਸਟੇਬਲ ਰਾਜਪਾਲ ਨੂੰ 5 ਸਾਲ ਦੀ ਸਜ਼ਾ ਹੋਈ ਸੀ। ਪੀੜਤ ਲੋਕਾਂ ਦੇ ਪਰਿਵਾਰਾਂ ਨੂੰ ਜੁਰਮਾਨੇ ਤੋਂ 1.5 ਲੱਖ ਰੁਪਏ ਮੁਆਵਜ਼ਾ ਮਿਲਿਆ।

1989 ਵਿੱਚ ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਵਿੱਚ ਭਗਤ ਸਿੰਘ ਦੇ ਜੀਜੇ ਦੇ ਭਤੀਜੇ ਕੁਲਜੀਤ ਸਿੰਘ ਢੱਠ ਨੂੰ ਅਪਹਰਣ ਕਰਕੇ ਮਾਰਨ ਵਾਲੇ ਕੇਸ ਵਿੱਚ ਉਹ ਸ਼ਾਮਲ ਸੀ। ਢੱਠ ਪ੍ਰਕਾਸ਼ ਕੌਰ (ਭਗਤ ਸਿੰਘ ਦੀ ਭੈਣ) ਦਾ ਜਵਾਈ ਸੀ। ਇਸ ਕੇਸ ਵਿੱਚ 2014 ਵਿੱਚ ਅਦਾਲਤ ਨੇ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ, ਜਿਸ ਵਿੱਚ ਡੀਆਈਜੀ ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵੀ ਦੋਸ਼ੀ ਠਹਿਰਾਏ ਗਏ। ਇੱਕ ਹੋਰ 1993 ਵਾਲੇ ਕੇਸ ਵਿੱਚ ਉਹ ਦੋਸ਼ੀ ਠਹਿਰਾਇਆ ਗਿਆ ਸੀ, ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2009 ਨੂੰ ਬਰੀ ਕਰ ਦਿੱਤਾ ਸੀ। ਇਸ ਤਰ੍ਹਾਂ, ਉਸ ਤੇ ਘੱਟੋ ਘੱਟ ਚਾਰ ਵੱਡੇ ਕੇਸ ਵਿੱਚੋਂ ਤਿੰਨ ਵਿੱਚ ਸਜ਼ਾਵਾਂ ਹੋਈਆਂ।

ਪੰਜਾਬ ਦੇ ਸੰਤਾਪ ਦੌਰਾਨ ਸੀਤਾ ਰਾਮ ਦੀ ਭੂਮਿਕਾ ਨੂੰ ਲੈ ਕੇ ਜਸਵੰਤ ਸਿੰਘ ਖਾਲੜਾ ਦੀ ਰਿਪੋਰਟ ਵਿੱਚ ਵੀ ਜ਼ਿਕਰ ਹੈ। ਖਾਲੜਾ, ਜੋ 1995 ਵਿੱਚ ਪੁਲਿਸ ਵੱਲੋਂ ਅਪਹਰਣ ਕੇ ਮਾਰੇ ਗਏ ਮਨੁੱਖੀ ਅਧਿਕਾਰ ਵਕੀਲ ਸਨ, ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ 6,000 ਤੋਂ ਵੱਧ ਲਵਾਰਸ ਲਾਸ਼ਾਂ ਦੇ ਕੇਸਾਂ ਦਾ ਪਰਦਾਫਾਸ਼ ਕੀਤਾ ਸੀ। ਇਨਸਾਫ ਦੀ ਰਿਪੋਰਟ 'ਨੋ ਸਟੋਨ ਅਨਟਰਨਡ' ਅਨੁਸਾਰ, ਸੀਤਾ ਰਾਮ ਨੂੰ ਕੁਲਜੀਤ ਸਿੰਘ ਢੱਟ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਖਾਲੜਾ ਨੇ ਲਿਖਿਆ ਸੀ ਕਿ ਪੁਲਿਸ ਨੇ ਹਜ਼ਾਰਾਂ ਨੌਜਵਾਨਾਂ ਨੂੰ ਅਪਹਰਣ ਕਰਕੇ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਅਤੇ ਲਾਸ਼ਾਂ ਨੂੰ ਬਿਨਾਂ ਪਛਾਣ ਤੋਂ ਜਲਾ ਦਿੱਤਾ। ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵਰਗੇ ਅਧਿਕਾਰੀ, ਜੋ ਖਾਲੜਾ ਕੇਸ ਵਿੱਚ ਵੀ ਸ਼ਾਮਲ ਸਨ, ਨਾਲ ਸੀਤਾ ਰਾਮ ਦਾ ਨਾਂ ਜੁੜਦਾ ਹੈ। ਖਾਲੜਾ ਰਿਪੋਰਟ ਵਿੱਚ ਉਸ ਨੂੰ ਸਿੱਧੇ ਤੌਰ 'ਤੇ ਨਹੀਂ, ਪਰ ਢੱਟ ਕੇਸ ਵਾਂਗੂੰ ਅਨੇਕਾਂ ਅਪਹਰਣਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਇਹ ਰਿਪੋਰਟ ਪੰਜਾਬ ਵਿੱਚ 25,000 ਗੁੰਮਸ਼ੁਦਗੀਆਂ ਅਤੇ 8,000 ਤੋਂ ਵੱਧ ਸਿੱਖ ਨੌਜਵਾਨਾਂ ਦੀਆਂ ਲਵਾਰਸ ਲਾਸ਼ਾਂ ਨੂੰ ਉਜਾਗਰ ਕਰਦੀ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪੁਲਿਸ ਅਧਿਕਾਰੀਆਂ ਦੇ ਹੱਥਾਂ ਰੰਗੇ ਹੋਏ ਸਨ।

ਸੀਤਾ ਰਾਮ ਨੇ ਆਪਣੀ ਸਰਵਿਸ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਿਆ। 1995 ਵਿੱਚ ਪਹਿਲੀ ਵਾਰ ਜੇਲ੍ਹ ਗਿਆ, ਫਿਰ ਤਿਹਾੜ ਤੱਕ ਚੱਕਰ ਲੱਗੇ। ਉਹ ਪੰਜਾਬ ਦੀਆਂ ਜੇਲ੍ਹਾਂ ਵਿੱਚ ਰਿਹਾ। ਪਰਿਵਾਰ ਦਾ ਦੁੱਖ ਇਹ ਹੈ ਕਿ ਜਦੋਂ ਉਹ ਉੱਚ ਅਧਿਕਾਰੀਆਂ ਦੇ ਦਬਾਅ ਵਿੱਚ ਖ਼ੂਨ ਖਰਾਬਾ ਕਰ ਰਿਹਾ ਸੀ, ਤਾਂ ਸਭ ਨੇ ਤਾਰੀਫ਼ ਕੀਤੀ। ਪਰ ਜਦੋਂ ਉਹ ਫਸ ਗਿਆ, ਤਾਂ ਕਿਸੇ ਨੇ ਨਹੀਂ ਸਹਾਰਾ ਦਿੱਤਾ। ਉਸ ਦੀ ਪਤਨੀ ਨੇ ਕਿਹਾ, 'ਉਹਨਾਂ ਨੂੰ ਬਚਾਉਣ ਲਈ ਅਸੀਂ ਸੁਪਰੀਮ ਕੋਰਟ ਤੱਕ ਗਏ, ਪਰ ਨਤੀਜਾ ਕੁਝ ਨਾ ਨਿਕਲਿਆ।'

ਪੰਜਾਬ ਵਿੱਚ ਅਜੇ ਵੀ ਹਜ਼ਾਰਾਂ ਪੀੜਤ ਪਰਿਵਾਰ ਇਨਸਾਫ਼ ਲਈ ਲੜ ਰਹੇ ਹਨ। ਜਿਵੇਂ ਗੁਰਦੇਵ ਸਿੰਘ ਦੀ ਭੈਣ ਨੇ ਕਿਹਾ, 'ਸੀਤਾ ਰਾਮ ਨੇ ਸਾਡੇ ਭਰਾ ਨੂੰ ਮਾਰ ਕੇ ਸਾਨੂੰ ਦੁੱਖ ਦਿੱਤਾ, ਪਰ ਅੱਜ ਉਹਨਾਂ ਨੂੰ ਰੱਬ ਨੇ ਨਿਆਂ ਦੇ ਦਿੱਤਾ। ਪਰ ਸਾਡਾ ਦੁੱਖ ਕੌਣ ਭਰੇਗਾ?'

## ਅਮਰੀਕਾ 'ਚ ਸਿੱਖਾਂ ਦੀ ਪਹਿਲੀ ਸੰਸਥਾ

ਗ਼ਦਰੀ ਬਾਬਿਆਂ ਨੇ ਭਾਰਤ ਨੂੰ ਧਰਮ-ਨਿਰਪੱਖ ਦੇਸ਼ ਬਣਾਉਣ ਦਾ ਸੁਪਨਾ ਲਿਆ ਸੀ, ਪਰ ਅੱਜ ਸਾਵਰਕਰੀ ਸੋਚ ਦੇ ਪਾਂਧੀ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਲਈ ਬਜ਼ਿੱਦ ਹਨ। ਅਜਿਹੀ ਫ਼ਿਰਕੂ ਸੋਚ ਦਾ ਹੀ ਨਤੀਜਾ ਸੀ ਕਿ ਪੰਜਾਬ ਸੰਤਾਲੀ ਵੇਲੇ ਉਜਾੜਿਆ ਗਿਆ ਅਤੇ ਦੋ ਟੋਟਿਆਂ ਵਿੱਚ ਵੰਡ ਦਿੱਤਾ ਗਿਆ। ਦੱਸ ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿੱਚ ਸਮੂਹ ਪੰਜਾਬੀ ਸਨ ਜ਼ਿਆਦਾਤਰ ਸਿੱਖ, ਮੁਸਲਮਾਨ ਅਤੇ ਹਿੰਦੂ ਭਾਈਚਾਰੇ ਨਾਲ ਵੀ ਸਬੰਧਿਤ ਸਨ। ਇਕ ਪਾਸੇ ਮੁਸਲਮਾਨਾਂ ਨੂੰ ਉਨ੍ਹਾਂ ਦਾ ਰਾਸ਼ਟਰ ਅਤੇ ਦੂਜੇ ਪਾਸੇ ਵੱਡੀ ਗਿਣਤੀ 'ਚ ਹਿੰਦੂਆਂ ਨੂੰ ਅਸਿੱਧੇ ਤੌਰ 'ਤੇ 'ਹਿੰਦੂ ਰਾਸ਼ਟਰ' ਸੌਂਪਿਆ ਗਿਆ, ਜੋ ਕਿ ਅੱਜ ਪ੍ਰਤੱਖ ਰੂਪ 'ਚ ਨਜ਼ਰ ਆ ਰਿਹਾ ਹੈ। ਸਭ ਤੋਂ ਵੱਡੇ ਧੱਕੇ ਦਾ ਸ਼ਿਕਾਰ ਹੋਏ ਸਭ ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੀ ਜੇਲ੍ਹਾਂ 'ਚ ਬੰਦ ਰਹਿਣ ਵਾਲੇ ਸਿੱਖ। ਗ਼ਦਰੀ ਬਾਬਿਆਂ ਦੀ ਗੱਲ ਕਰਦਿਆਂ ਇਹ ਦਰਦ ਮਹਿਸੂਸ ਹੋ ਰਿਹਾ ਹੈ ਕਿ ਅੱਜ ਕਹਿਣ ਨੂੰ ਤਾਂ ਭਾਰਤ ਆਜ਼ਾਦ ਹੈ, ਪਰ ਹਿੰਦ ਰਾਸ਼ਟਰ ਵਿੱਚ ਘੱਟਗਿਣਤੀਆਂ ਗੁਲਾਮ ਹਨ। ਉਨ੍ਹਾਂ ਵਿੱਚੋਂ ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਵੱਡੀਆਂ ਕੌਮਾਂ ਨੇ ਤਾਂ ਆਪਣੇ ਦੇਸ਼ ਬਣਾ ਲਏ, ਪਰ ਸਿੱਖ ਬੇਘਰੇ ਰੁਲ ਰਹੇ ਹਨ। ਇਥੋਂ ਤੱਕ ਕਿ ਅਮਰੀਕਾ ਕੈਨੇਡਾ ਵਿੱਚ ਵੱਸਦੇ ਸਿੱਖਾਂ ਦੇ ਉੱਪਰ ਵੀ ਹਮਲੇ ਕੀਤੇ ਜਾ ਰਹੇ ਹਨ। ਇਹ ਗੱਲ ਅਲੱਗ ਹੈ ਕਿ ਇਹਨਾਂ ਦੇਸ਼ਾਂ ਨੇ ਇਸ ਨੂੰ ਵਿਦੇਸ਼ੀ ਦਖਲ ਅੰਦਾਜ਼ੀ ਦੇ ਨਾਂਅ ਹੇਠ ਚੁਣੌਤੀ ਦਿੰਦਿਆਂ ਅਖੌਤੀ ਭਾਰਤੀ ਸਟੇਟ ਨੂੰ ਸ਼ੀਸ਼ਾ ਵਿਖਾਇਆ ਹੈ ਅਤੇ ਸਖ਼ਤ ਕਦਮ ਚੁੱਕੇ ਹਨ। ਅਜਿਹੀ ਧੱਕੇਸ਼ਾਹੀ ਖਿਲਾਫ ਲੜਨਾ ਹੀ ਗਦਰੀ ਬਾਬਿਆਂ ਦੀ ਸੋਚ ਤੇ ਪਹਿਰਾ ਦੇਣਾ ਕਿਹਾ ਜਾ ਸਕਦਾ ਹੈ।

***

## ਪਹਿਲਾਂ ਸਾਡੀ ਵਾਰੀ ਹੀ ਆਉ

ਸੇਮੀ ਹੋਰੀਂ ਉੱਥੇ ਮੇਰੇ ਤੋਂ ਘੰਟਾ ਕੁ ਬਾਅਦ ਪਹੁੰਚੇ। ਜਦ ਉਹ ਪਹੁੰਚੇ ਤਾਂ ਮੈਂ ਹਵਾਈ ਅੱਡੇ ਦੇ ਨਜ਼ਾਰੇ ਦੇਖ ਰਿਹਾ ਸਾਂ। ਸੇਮੀ ਜਿਹੇ ਕੇਸ ਮੈਨੂੰ ਉੱਥੇ ਕਈ ਦਿਖ ਰਹੇ ਸਨ। ਅਲਵਿਦਾ ਕਹਿਣ ਵਾਲੇ ਤੇ ਉੱਤਰਦਿਆਂ ਨੂੰ ਜੀ ਆਇਆ ਕਹਿਣ ਵਾਲੇ। ਲੋਕਾਂ ਦੀਆਂ ਨਮ ਅੱਖਾਂ ਮੇਰੇ ਜਿਹੇ ਆਮ ਸ਼ਹਿਰੀ ਨੂੰ ਵੀ ਭਾਵੁਕ ਕਰ ਰਹੀਆਂ ਸਨ।

ਜਦ ਸੇਮੀ ਹੋਰੀਂ ਪਹੁੰਚੇ ਤਾਂ ਮੇਰੀ ਉਨ੍ਹਾਂ ਨਾਲ ਹੈਲੋ ਹੋਈ। ਜੈਬੀ ਤੇ ਜੀਤੀ ਮੈਨੂੰ ਦੇਖ ਕੇ ਹੈਰਾਨ ਸਨ। ਉਨ੍ਹਾਂ ਨੂੰ ਮੈਂ ਖਾਮਖਾਹ ਲੱਗ ਰਿਹਾ ਸਾਂ। ਉਹ ਮੈਨੂੰ ਬਿਨ ਬੁਲਾਇਆ ਅਖੌਤੀ ਸਨੇਹੀ ਵੀ ਸਮਝ ਰਹੇ ਸਨ। ਸੇਮੀ ਖ਼ੁਸ਼ੀ ਨਾਲ ਫੁੱਲਾ ਨਹੀਂ ਸੀ ਸਮਾ ਰਿਹਾ। ਆਖਰ ਉਸ ਨੂੰ ਵਿਦਾ ਕਰ ਦਿੱਤਾ ਗਿਆ। ਬਾਹਰ ਸੇਮੀ ਦੇ ਮਾਪਿਆਂ ਤੋਂ ਇਲਾਵਾ ਅਸੀਂ ਤਿੰਨ ਰਹਿ ਗਏ।

"ਅਵਤਾਰ, ਬੜੀ ਦੂਰ ਤੱਕ ਸਾਥ ਦਿੱਤਾ ਸੇਮੀ ਦਾ। ਚਮਚਾਗਿਰੀ ਦੀ ਵੀ ਕੋਈ ਹੱਦ ਹੁੰਦੀ ਏ।" ਜੈਬੀ ਲਾਚੜ ਕੇ ਬੋਲਿਆ।

"ਮੈਂ ਤਾਂ ਚਮਚਾ ਹੀ ਹਾਂ, ਤੁਸੀਂ ਕੜਛੇ ਬਣ ਕੇ ਪੇਸ਼ ਹੋਏ ਹੋ। ਤੁਹਾਡੀ ਹਾਲਤ ਉਸ ਮੱਖੀ ਜਿਹੀ ਏ ਜਿਹੜੀ ਮੱਝ ਉੱਪਰ ਬੈਠੀ ਹੋਈ ਆਪਣੇ ਆਪ ਨੂੰ ਮੱਝ ਤੋਂ ਵੀ ਉੱਚੀ ਸਮਝਣ ਲੱਗ ਪੈਂਦੀ ਏ।"

"ਤੂੰ ਐੱਮ.ਏ. ਦੇ ਚੰਗੇ ਭਲੇ ਨੰਬਰ ਲੈ ਕੇ ਨੌਕਰੀ ਵੀ ਲੱਭ ਚੁੱਕਾ ਏਂ। ਅਸੀਂ ਸਭ ਪਾਸਿਓਂ ਖਾਲੀ ਫਿਰਦੇ ਹਾਂ। ਜਿੰਨੀਆਂ ਮਰਜ਼ੀ ਸੇਧਾਂ ਲਗਾਈ ਜਾਹ, ਅਗਲੇ ਚੱਲਦੇ ਪੁਰਜੇ ਘਰ ਵੀ ਦੇਖਦੇ ਆ। ਤੇਰੇ ਜਿਹੇ ਠਿਠਪੂੰਜੀਆਂ ਨੂੰ ਕੁੜੀ ਨਹੀਂ ਦਿੰਦੇ। ਅਗਲੇ ਨਿਰੀ ਪੜ੍ਹਾਈ ਨਹੀਂ ਦੇਖਦੇ। ਅੱਡੀ ਚੋਟੀ ਦਾ ਜ਼ੋਰ ਲਗਾ ਲੈ, ਸੇਮੀ ਨੇ ਤੇਰਾ ਕੁਝ ਨਹੀਂ ਕਰਨਾ। ਉਹ ਸਾਡਾ ਯਾਰ ਏ। ਪਹਿਲਾਂ ਸਾਡੀ ਵਾਰੀ ਹੀ ਆਊ!"

ਮੈਂ ਬਹਿਸ ਵਿੱਚ ਨਹੀਂ ਪਿਆ। ਮੈਂ ਸੋਚਿਆ ਮੂਰਖਾਂ ਨਾਲ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ। ਉਹ ਤਾਂ ਇੰਨੇ ਭੂਤਰੇ ਪਏ ਸਨ ਕਿ ਕੋਈ ਨੁਕਸਾਨ ਵੀ ਕਰ ਸਕਦੇ ਸਨ। ਨਾਲੇ ਉਨ੍ਹਾਂ ਨੂੰ ਕੀ ਪਤਾ ਕਿ ਮੈਂ ਦਿੱਲੀ ਅਸਲ ਕਿਸ ਮਕਸਦ ਲਈ ਆਇਆ ਸਾਂ।

ਸੇਮੀ ਨੂੰ ਅਲਵਿਦਾ ਕਹਿਣਾ ਤਾਂ ਮੇਰੇ ਲਈ ਦੂਸਰੇ ਦਰਜੇ ਦਾ ਕੰਮ ਸੀ। ਮੇਰਾ ਪਹਿਲੇ ਦਰਜੇ ਦਾ ਕੰਮ ਤਾਂ ਯੂ.ਪੀ.ਐੱਸ.ਸੀ. ਦਫ਼ਤਰ ਜਾ ਕੇ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰੀਖਿਆ ਦਾ ਫਾਰਮ ਜਮ੍ਹਾਂ ਕਰਵਾਉਣਾ ਸੀ ਜਿਸ ਦੀ ਉਸ ਦਿਨ ਆਖਰੀ ਤਾਰੀਖ ਸੀ। ਮੈਂ ਕਿਸੇ ਕਾਰਨ ਕਰਕੇ ਫਾਰਮ ਡਾਕ ਰਾਹੀਂ ਭੇਜਣ ਤੋਂ ਖੁੰਝ ਗਿਆ ਸਾਂ। ਮੈਂ ਸੋਚਿਆ ਜਦ ਫਾਰਮ ਜਮ੍ਹਾਂ ਕਰਵਾਉਣ ਜਾਣਾ ਹੀ ਹੈ ਤਾਂ ਕਿਉਂ ਨਾ ਇੱਕ ਸਨੇਹੀ ਨੂੰ ਅੰਤਰਰਾਜੀ ਬੱਸ ਸਾਡੇ ਤੋਂ ਕੁਝ ਦੂਰ ਜਾ ਕੇ ਅਲਵਿਦਾ ਵੀ ਕਹਿ ਦਈਏ। ਇੱਕ ਪੰਥ ਦੋ ਕਾਜ ਹੋ ਜਾਣਗੇ। ਅੰਬਾਂ ਦੇ ਅੰਬ ਗੁਠਲੀਆਂ ਦੇ ਦਾਮ! ਮੈਂ ਅਸਲ ਵਿੱਚ ਜੈਬੀ ਤੇ ਜੀਤੀ ਜਿਹੇ ਚਿੱਚੜਾਂ ਦਾ ਮੂਰਖ ਬਣਾਇਆ ਸੀ। ਮੈਂ ਬਾਹਰਲੇ ਬੇਜੋੜ ਤੇ ਨਰੜ ਰੂਪੀ ਰਿਸ਼ਤੇ ਨੂੰ ਕਦੀ ਵੀ ਤਰਜੀਹ ਨਹੀਂ ਸੀ ਦਿੱਤੀ।

***

## ਕਾਲੇ ਜਾਦੂ ਦੀ ਦਹਿਸ਼ਤ ਕਾਰਨ ਬਾਲੀਵੁੱਡ

ਕਈ ਰਿਪੋਰਟਾਂ ਵਿੱਚ ਦੱਸਿਆ ਗਿਆ ਕਿ ਇੰਡਸਟਰੀ ਵਿੱਚ ਅਜਿਹੀਆਂ ਘਟਨਾਵਾਂ ਆਮ ਹਨ – ਤੰਤਰ-ਮੰਤਰ ਬਾਰੇ ਕੇਸ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ। ਗੋਵਿੰਦਾ ਜਾਂ ਪੂਜਾ ਭੱਟ ਵਰਗੇ ਸਟਾਰਾਂ ਨੇ ਵੀ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਪਰ ਮਾਧਵੀ ਦਾ ਕੇਸ ਵਿਸ਼ੇਸ਼ ਸੀ ਕਿਉਂਕਿ ਇਸ ਨੇ ਉਸ ਨੂੰ ਨਾ ਸਿਰਫ਼ ਫ਼ਿਲਮਾਂ ਤੋਂ ਦੂਰ ਕੀਤਾ, ਸਗੋਂ ਜ਼ਿੰਦਗੀ ਨੂੰ ਬਦਲ ਦਿੱਤਾ।

ਇਸ ਡਰ ਨੇ ਉਸ ਨੂੰ ਫ਼ੈਸਲਾ ਲੈਣ ਲਈ ਮਜਬੂਰ ਕੀਤਾ। 1994 ਵਿੱਚ ਆਪਣੀ ਆਖਰੀ ਹਿੰਦੀ ਫ਼ਿਲਮ 'ਖੁਦਾਈ' ਤੋਂ ਬਾਅਦ ਉਹ ਪੂਰੀ ਤਰ੍ਹਾਂ ਗਾਇਬ ਹੋ ਗਈ। ਵਿਆਹ ਤੋਂ ਬਾਅਦ ਉਹ ਪਤੀ ਰਾਲਫ਼ ਨਾਲ ਅਮਰੀਕਾ ਚਲੀ ਗਈ ਅਤੇ ਨਿਊ ਜਰਸੀ ਵਿੱਚ ਸੈਟਲ ਹੋ ਗਈ। ਉੱਥੇ ਉਹ ਆਪਣੇ ਤਿੰਨ ਧੀਆਂ ਨਾਲ ਇੱਕ ਸਾਧਾਰਨ ਜ਼ਿੰਦਗੀ ਜੀਉਂਦੀ ਹੈ। ਅੱਜ 63 ਸਾਲ ਦੀ ਉਮਰ ਵਿੱਚ ਵੀ ਉਹ ਆਪਣੇ ਪਤੀ ਦੇ ਫ਼ਾਰਮੇਸੀ ਕਾਰੋਬਾਰ ਵਿੱਚ ਹੱਥ ਵਟਾਉਂਦੀ ਹੈ। ਫ਼ਿਲਮਾਂ ਤੋਂ ਦੂਰ ਰਹਿਣ ਦਾ ਫ਼ੈਸਲਾ ਉਸ ਲਈ ਰਾਹਤ ਵਾਲਾ ਸੀ। ਉਸ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਵਿਦੇਸ਼ ਆ ਕੇ ਮੈਨੂੰ ਸੁਕੂਨ ਮਿਲਿਆ। ਇੱਥੇ ਕੋਈ ਈਰਖਾ ਨਹੀਂ, ਕੋਈ ਡਰ ਨਹੀਂ। ਮੈਂ ਆਪਣੇ ਪਰਿਵਾਰ ਨਾਲ ਖੁਸ਼ ਹਾਂ ਅਤੇ ਉਹੀ ਮੇਰੀ ਅਸਲ ਕਾਮਯਾਬੀ ਹੈ।' ਇਸ ਤੋਂ ਇਲਾਵਾ, ਉਸ ਦੀ ਅਧਿਆਤਮਕ ਯਾਤਰਾ ਵੀ ਚੱਲਦੀ ਰਹੀ। ਉਹ ਸਵਾਮੀ ਰਾਮ ਨਾਲ ਜੁੜੀ ਰਹੀ ਅਤੇ ਧਿਆਨ ਅਤੇ ਯੋਗ ਨਾਲ ਸ਼ਾਂਤੀ ਦੇ ਰਾਹ ਵਲ ਤੁਰੀ।

ਮਾਧਵੀ ਦੀ ਇਹ ਕਹਾਣੀ ਬਾਲੀਵੁੱਡ ਦੇ ਕਾਲੇ ਕਾਂਡ ਨੂੰ ਉਜਾਗਰ ਕਰਦੀ ਹੈ। ਇਹ ਫ਼ਿਲਮੀ ਇੰਡਸਟਰੀ ਦੇ ਕਾਲੇ ਹਿੱਸੇ ਹਨ। ਕਈ ਸਟਾਰਾਂ ਨੇ ਖੁਲਾਸਾ ਕੀਤਾ ਹੈ ਕਿ ਉਹਨਾਂ ਨੂੰ ਘੇਰਨ ਲਈ ਤੰਤਰ-ਮੰਤਰ ਵਰਤੇ ਜਾਂਦੇ ਹਨ। ਪਰ ਮਾਧਵੀ ਦਾ ਕੇਸ ਇੱਕ ਸਬਕ ਹੈ। ਉਹ ਮੁੜਕੇ ਭਾਰਤ ਵਾਪਸ ਨਹੀਂ ਆਈ, ਪਰ ਉਸਦੀਆਂ ਫ਼ਿਲਮਾਂ ਅੱਜ ਵੀ ਜੀਵੰਤ ਹਨ। ਮਾਧਵੀ ਵਰਗੀਆਂ ਹੋਰ ਅਦਾਕਾਰਾਂ ਹਨ ਜੋ ਗੁਪਤ ਰਹੱਸ ਲੁਕਾ ਰਹੀਆਂ ਹਨ?

***

## ਪੰਜਾਬੀ ਫ਼ਿਲਮਾਂ ਨੂੰ ਨਵੀਂ ਸੋਚ ਤੇ

ਜਦੋਂ ਅਸੀਂ ਪਿੱਛੇ ਮੁੜ ਕੇ ਵੇਖਦੇ ਹਾਂ ਤਾਂ 'ਨਾਨਕ ਨਾਮ ਜਹਾਜ਼ ਹੈ', 'ਮਨਿ ਜੀਤੇ ਜਗੁ ਜੀਤੁ', 'ਲੌਂਗ ਦਾ ਲਿਸ਼ਕਾਰਾ', 'ਉੱਚਾ ਦਰ ਬਾਬੇ ਨਾਨਕ ਦਾ' ਆਦਿ ਵਰਗੀਆਂ ਫ਼ਿਲਮਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਵਿੱਚ ਜੀਵਨ ਦਾ ਦਰਸ਼ਨ ਸੀ। ਉਨ੍ਹਾਂ ਫ਼ਿਲਮਾਂ ਵਿੱਚ ਸਾਦਗੀ ਸੀ, ਪਰ ਦਿਲ ਨੂੰ ਛੂਹਣ ਵਾਲੀ ਗਹਿਰਾਈ ਵੀ ਸੀ। ਉਨ੍ਹਾਂ ਫ਼ਿਲਮਾਂ ਦੇ ਸੰਗੀਤ ਤੇ ਸੰਵਾਦ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਹਨ। ਪੁਰਾਣੇ ਸਿਨੇਮਾ ਦੀ ਸਭ ਤੋਂ ਵੱਡੀ ਖ਼ੂਬੀ ਸੀ 'ਸੱਚਾਈ।' ਉਹ ਫ਼ਿਲਮਾਂ ਮਨੋਰੰਜਨ ਦੇ ਨਾਲ ਨਾਲ ਇੱਕ ਸੰਦੇਸ਼ ਵੀ ਦੇ ਜਾਂਦੀਆਂ ਸਨ। ਪੰਜਾਬੀ ਸਿਨੇਮਾ ਕੋਲ ਅਜੇ ਵੀ ਬੇਅੰਤ ਸੰਭਾਵਨਾਵਾਂ ਹਨ। ਜਿਹੜੇ ਨਵੇਂ ਨਿਰਦੇਸ਼ਕ ਤੇ ਕਹਾਣੀਕਾਰ ਮੰਚ 'ਤੇ ਆ ਰਹੇ ਹਨ, ਉਹ ਇਸ ਸਿਨੇਮਾ ਨੂੰ ਨਵੀਆਂ ਉੱਚਾਈਆਂ 'ਤੇ ਲੈ ਕੇ ਜਾ ਸਕਦੇ ਹਨ, ਪਰ ਇਸ ਲਈ ਨਵੇਂ ਵਿਸ਼ੇ ਚੁਣਨ ਦੀ, ਨਵੀਂ ਸੋਚ ਰੱਖਣ ਦੀ ਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ। ਜੇ ਪੰਜਾਬੀ ਫ਼ਿਲਮਾਂ ਸਿਰਫ਼ ਹਾਸੇ ਤੇ ਵਿਆਹਾਂ ਤੱਕ ਸੀਮਤ ਨਾ ਰਹਿਣ, ਸਗੋਂ ਜੀਵਨ ਦੇ ਅਸਲ ਦਰਦ ਤੇ ਖੁਸ਼ੀਆਂ ਨੂੰ ਛੂਹਣ ਤਾਂ ਇਹ ਸਿਨੇਮਾ ਨਾ ਸਿਰਫ਼ ਪੰਜਾਬ ਦਾ, ਸਗੋਂ ਭਾਰਤ ਦਾ ਮਾਣ ਬਣ ਸਕਦਾ ਹੈ। ਸਾਡੀ ਮਿੱਟੀ ਵਿੱਚ ਕਹਾਣੀਆਂ ਦੀ ਕੋਈ ਘਾਟ ਨਹੀਂ, ਸਿਰਫ਼ ਉਨ੍ਹਾਂ ਨੂੰ ਸੱਚੇ ਦਿਲ ਨਾਲ ਪਰਦੇ 'ਤੇ ਲਿਆਂਦਾ ਜਾਵੇ, ਇਹੀ ਪੰਜਾਬੀ ਸਿਨੇਮਾ ਦੀ ਅਸਲੀ ਜਿੱਤ ਹੋਵੇਗੀ।

ਪੰਜਾਬੀ ਸਿਨੇਮਾ ਸਬੰਧੀ ਇੱਕ ਤੱਥ ਇਹ ਵੀ ਸਾਹਮਣੇ ਆਉਂਦਾ ਹੈ ਕਿ ਜਦੋਂ ਵੀ ਕੋਈ ਨਿਰਮਾਤਾ ਜਾਂ ਨਿਰਦੇਸ਼ਕ ਲੀਕ ਤੋਂ ਹਟ ਕੇ ਕੰਮ ਕਰਦਾ ਹੈ ਤਾਂ ਦਰਸ਼ਕਾਂ ਵੱਲੋਂ ਉਸ ਨੂੰ ਮੱਠਾ ਹੁੰਗਾਰਾ ਮਿਲਦਾ ਹੈ। ਅਜਿਹੇ ਵਿੱਚ ਉਨ੍ਹਾਂ ਦੀ ਆਰਥਿਕ ਸਥਿਤੀ ਪਤਲੀ ਪੈ ਜਾਂਦੀ ਹੈ। ਇਸ ਲਈ ਦਰਸ਼ਕ ਵਰਗ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ। ਲੀਕ ਤੋਂ ਹਟਵੀਆਂ ਫ਼ਿਲਮਾਂ ਨੂੰ ਜੇਕਰ ਦਰਸ਼ਕ ਵਰਗ ਹੁੰਗਾਰਾ ਨਹੀਂ ਭਰੇਗਾ ਤਾਂ ਨਿਰਮਾਤਾ-ਨਿਰਦੇਸ਼ਕ ਆਪਣੇ ਪੈਰ ਪਿੱਛੇ ਖਿੱਚ ਲੈਣਗੇ। ਅੱਜ ਪੰਜਾਬੀ ਸਿਨੇਮਾ ਵਿੱਚ ਕਾਮੇਡੀ ਭਾਰੂ ਹੈ। ਦਰਸ਼ਕਾਂ ਦੀ ਪਹਿਲੀ ਪਸੰਦ ਬਣਨ ਕਾਰਨ ਹਰ ਨਿਰਮਾਤਾ-ਨਿਰਦੇਸ਼ਕ ਅਜਿਹੀਆਂ ਫ਼ਿਲਮਾਂ ਬਣਾਉਣ ਨੂੰ ਹੀ ਤਰਜੀਹ ਦੇ ਰਿਹਾ ਹੈ। ਇਸ ਲਈ ਦਰਸ਼ਕਾਂ ਨੂੰ ਵੱਖਰੇ ਵਿਸ਼ਿਆਂ 'ਤੇ ਬਣਨ ਵਾਲੀਆਂ ਫ਼ਿਲਮਾਂ ਨੂੰ ਤਰਜੀਹ ਦੇਣਾ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਨਵੇਂ ਵਿਸ਼ਿਆਂ ਨੂੰ ਹੱਥ ਪਾਉਣ ਤੋਂ ਕੋਈ ਵੀ ਨਿਰਮਾਤਾ-ਨਿਰਦੇਸ਼ਕ ਸੰਕੋਚ ਨਹੀਂ ਕਰੇਗਾ।

***

## ਸੋਹਣੇ ਦੇਸ਼ਾਂ ਵਿੱਚੋਂ ਦੇਸ਼

ਇਸ ਕੌਂਸਲ ਵਿੱਚ ਪ੍ਰਬੁੱਧ ਹਿੰਦੂ, ਸਿੱਖ, ਮੁਸਲਿਮ, ਈਸਾਈ ਦਲਿਤ ਪੰਜਾਬੀ ਸ਼ਾਮਲ ਕੀਤੇ ਜਾਣ। 'ਕੌਮਾਂਤਰੀ ਪੰਜਾਬੀ ਕੌਂਸਲ' ਲਹਿੰਦੇ ਪੰਜਾਬ ਦੇ 12 ਕਰੋੜ ਪੰਜਾਬੀਆਂ ਨਾਲ ਵੀ ਤਾਲਮੇਲ ਕਰ ਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਇਕਜੁੱਟਤਾ, ਭਾਈਚਰਕ, ਵਪਾਰਕ ਤੇ ਸਮਾਜਿਕ ਸਾਂਝ ਪੈਦਾ ਕਰੇ। ਜੇ ਭਾਰਤ ਗੁਜਰਾਤ, ਮੁੰਬਈ ਬੰਦਰਗਾਹਾਂ ਰਾਹੀਂ ਪਾਕਿਸਤਾਨ ਨਾਲ ਵਪਾਰ ਜਾਰੀ ਰੱਖ ਸਕਦਾ ਹੈ ਤਾਂ ਵਾਹਗਾ, ਹੁਸੈਨੀਵਾਲਾ, ਕਰਤਾਰਪੁਰ ਲਾਂਘਿਆਂ ਰਾਹੀਂ ਕਿਉਂ ਨਹੀਂ? ਦੋਹਾਂ ਪੰਜਾਬ ਦੀ ਨੇੜਤਾ ਭਾਰਤ ਅਤੇ ਪਾਕਿਸਤਾਨ ਟਕਰਾਅ ਨੂੰ ਸਦੀਵੀ ਤੌਰ 'ਤੇ ਰੋਕਣ ਲਈ ਪੁਲ ਦਾ ਕੰਮ ਕਰ ਸਕਦੀ ਹੈ।

ਅਜੋਕੇ ਪੰਜਾਬ ਦੇ ਫ਼ਿਰਕੂ ਸੋਚ ਵਾਲੇ ਆਗੂ, ਕੇਂਦਰੀ ਸਥਾਪਤ ਨਿਜ਼ਾਮ ਦੇ ਪਿੱਠੂ ਅਕਾਲੀ ਆਗੂ, ਰੈਡੀਕਲ ਸਿੱਖ ਅਨਸਰ, ਵੰਡਿਆ ਹੋਇਆ ਦਲਿਤ ਭਾਈਚਾਰਾ, ਵੰਡਿਆ ਹੋਇਆ ਹਿੰਦੂ ਅਤੇ ਸਿੱਖ ਭਾਈਚਾਰਾ ਪੰਜਾਬ ਦੇ ਮਸਲੇ ਹੱਲ ਨਹੀਂ ਕਰ ਸਕਦੇ। ਅੱਜ ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਸਰਬ-ਸਾਂਝੀਵਾਲਤਾ ਨਾਲ ਗੁੰਦ ਕੇ ਨਰੋਈ ਪੰਜਾਬੀ ਪਾਰਟੀ ਗਠਿਤ ਕਰਨੀ ਚਾਹੀਦੀ ਹੈ। ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਸਮੂਹ ਪੰਜਾਬੀ ਹਿੰਦੂ, ਸਿੱਖ, ਦਲਿਤ, ਈਸਾਈ ਤੇ ਮੁਸਲਿਮ ਭਾਈਚਾਰਾ ਇਸ ਦੀ ਅਗਵਾਈ ਵਿਚ ਲੜੇ। ਇਕ ਤਾਕਤਵਰ ਸਰਕਾਰ ਗਠਿਤ ਕਰ ਕੇ ਪੰਜਾਬ ਨੂੰ ਕੇਂਦਰੀ ਦਾਬੇ ਤੋਂ ਛੁਟਕਾਰਾ ਦਿਵਾਏ। ਆਪਣੀ ਰਾਜਧਾਨੀ, ਪਾਣੀ, ਪੰਜਾਬੀ ਭਾਸ਼ੀ ਇਲਾਕੇ, ਹੈੱਡਵਰਕਸਾਂ ਅਤੇ ਯੂਨੀਵਰਸਿਟੀ ਦਾ ਪ੍ਰਬੰਧ ਹਾਸਲ ਕਰੇ। 'ਕੌਮਾਂਤਰੀ ਪੰਜਾਬੀ ਕੌਂਸਲ' ਦੀ ਮਦਦ ਲਈ ਜਾ ਸਕਦੀ ਹੈ। ਪੰਜਾਬੀਆਂ ਦੀ ਮਜ਼ਬੂਤ ਇੱਛਾ ਸ਼ਕਤੀ ਵਾਲੀ ਸਰਕਾਰ ਅੱਗੇ ਕੋਈ ਨਹੀਂ ਅੜ ਸਕਦਾ। ਨਾ ਕੇਂਦਰ, ਨਾ ਗੈਂਗਸਟਰਵਾਦ, ਨਾ ਨਸ਼ਾ, ਨਾ ਭ੍ਰਿਸ਼ਟਾਚਾਰ, ਨਾ ਅੱਤਵਾਦ ਜਾਂ ਵੱਖਵਾਦ।

***

## ਸਰਕਾਰੀ ਤੰਤਰ ਵਿੱਚ ਦਲਾਲਾਂ

ਉਸਨੇ ਸਿਰਫ਼ ਹਰਚਰਨ ਭੁੱਲਰ ਲਈ ਹੀ ਦੱਲੇ ਦਾ ਕੰਮ ਨਹੀਂ ਕੀਤਾ ਸਗੋਂ ਬਹੁਤ ਸਾਰੇ ਹੋਰ ਭ੍ਰਿਸ਼ਟ ਅਫ਼ਸਰਾਂ ਲਈ ਦੱਲੇ ਦਾ ਕੰਮ ਕਰਦੇ ਹੋਏ ਨਿਯਮਾਂ ਨੂੰ ਛਿੱਕੇ ਟੰਗਦਿਆਂ ਮਨ ਮਰਜ਼ੀ ਦੇ ਕੰਮ ਕਰਵਾਕੇ ਅਫ਼ਸਰਾਂ ਦੀਆਂ ਤਿਜੌਰੀਆਂ ਵੀ ਭਰੀਆਂ ਅਤੇ ਆਪਣਾ ਹਿੱਸਾ ਵੀ ਰੱਖਿਆ। ਬਦਲੀਆਂ, ਪੋਸਟਿੰਗਾਂ, ਇਨਕੁਆਰੀਆਂ ਵਿੱਚ ਪੜਤਾਲ ਦਾ ਰੁੱਖ ਮੋੜਨਾ, ਟੈਕਸ ਚੋਰੀ ਦੇ ਧੰਦੇ, ਥਾਣਿਆਂ ਵਿੱਚ ਐੱਫ.ਆਈ.ਆਰ. ਦਰਜ਼ ਕਰਵਾਉਣੀ ਜਾਂ ਫ਼ਿਰ ਰੱਦ ਕਰਵਾਉਣੀ ਇਸ ਦੱਲੇ ਦਾ ਕਾਰਜ ਖੇਤਰ ਰਿਹਾ ਹੈ। ਉਸ ਕੋਲੋਂ ਪ੍ਰਾਪਤ ਡਾਇਰੀ ਅਤੇ ਹੋਰ ਅਹਿਮ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਸਕੱਤਰੇਤ ਵਿੱਚ ਬੈਠੇ ਬਹੁਤ ਸਾਰੇ ਅਧਿਕਾਰੀਆਂ ਦਾ ਕ੍ਰਿਸ਼ਾਨੂੰ ਸ਼ਾਰਦਾ ਚਹੇਤਾ ਰਿਹਾ ਹੈ। ਉਨ੍ਹਾਂ ਦਾ 'ਕਮਾਊ ਪੁੱਤ' ਜੁ ਸੀ। ਸੀ.ਬੀ.ਆਈ. ਵੱਲੋਂ ਰੀਅਲ ਅਸਟੇਟ ਨਾਲ ਸੰਬੰਧਿਤ ਕਾਰੋਬਾਰੀਆਂ ਦੇ ਦਫ਼ਤਰਾਂ ਅਤੇ ਘਰਾਂ ਵਿੱਚ ਕੀਤੀ ਛਾਪੇਮਾਰੀ ਤੋਂ ਇਹ ਵੀ ਸਪਸ਼ਟ ਹੋਇਆ ਹੈ ਕਿ ਰੀਅਲ ਅਸਟੇਟ ਨਾਲ ਸਬੰਧਿਤ ਕਈ ਕਾਰੋਬਾਰੀਆਂ ਨੇ ਦੱਲੇ ਵਜੋਂ ਕੰਮ ਕਰਦਿਆਂ ਭ੍ਰਿਸ਼ਟ ਅਫ਼ਸਰਾਂ ਦੇ ਕਾਲੇ ਧਨ ਨੂੰ 'ਸ਼ੁੱਧ ਕਮਾਈ' ਵਿੱਚ ਬਦਲਣ ਲਈ ਅਹਿਮ ਭੂਮਿਕਾ ਨਿਭਾਈ ਹੈ।

ਕ੍ਰਿਸ਼ਾਨੂੰ ਸ਼ਾਰਦਾ ਵਰਗੇ ਪਤਾ ਨਹੀਂ ਕਿੰਨੇ ਕੁ ਦੱਲੇ ਹਰ ਥਾਂ ਗਾਹਕਾਂ ਦੀ ਤਲਾਸ਼ ਵਿੱਚ ਭਟਕਦੇ ਫ਼ਿਰਦੇ ਹਨ। ਦੱਲਿਆਂ, ਭ੍ਰਿਸ਼ਟ ਅਫ਼ਸਰਾਂ ਅਤੇ ਰਾਜਨੀਤਕ ਆਗੂਆਂ ਨੂੰ ਗੰਭੀਰ ਹੋ ਕੇ ਇਹ ਚਿੰਤਨ ਕਰਨਾ ਚਾਹੀਦਾ ਹੈ ਕਿ ਪੈਸੇ ਦੀ ਅੰਨ੍ਹੀ ਦੌੜ ਮਨ ਦਾ ਚੈਨ ਗੁਆਉਂਦੀ ਹੈ ਅਤੇ ਅਜਿਹਾ ਘਟੀਆ ਕਰਮ ਲੋਕਾਂ ਨਾਲ ਗ਼ਦਾਰੀ ਵੀ ਹੈ। ਕਾਸ਼! ਅਜਿਹੀ ਸੋਚ ਉਹਨਾਂ ਦੇ ਅੰਗ ਸੰਗ ਰਹੇ:

ਦਿਨ ਰਾਤ ਭਟਕਦੀ ਹੈ ਹਵਸ, ਸੋਨੇ ਕੀ ਦੁਕਾਨੋ ਪਰ।

ਗਰੀਬੀ ਕਾਨ ਛਿਦਵਾਤੀ ਹੈ, ਔਰ ਤਿਨਕਾ ਡਾਲ ਲੇਤੀ ਹੈ।

***

## ਸਿੱਖ ਪੰਥ ਦੇ ਸਾਰੇ ਸਮਾਗਮਾਂ ਵਿੱਚ ਬੰਦੀ ਸਿੰਘਾਂ ਦੀ

ਇਸ ਤੋਂ ਇਲਾਵਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸਰਕਾਰ ਨੂੰ ਆਪਣੇ ਅਧਿਕਾਰ ਖੇਤਰ ਦੇ ਕੰਮ ਹੀ ਕਰਨੇ ਚਾਹੀਦੇ ਹਨ ਤੇ ਧਾਰਮਿਕ ਕੰਮਾਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ।

ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਨੂੰ ਕੋਈ ਵੀ ਯਾਦ ਕਰ ਸਕਦਾ ਹੈ ਪ੍ਰੰਤੂ ਸਿਆਸੀ ਪਾਰਟੀਆਂ ਨੂੰ ਵੱਖਰੇ ਪ੍ਰੋਗਰਾਮ ਕਰਵਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਕਾਰਜ ਕਰਦੀ ਹੈ ਤੇ ਸਾਰਿਆਂ ਨੂੰ ਉਨ੍ਹਾਂ ਸਮਾਗਮਾਂ ਵਿੱਚ ਸ਼ਿਰਕਤ ਕਰਨੀ ਚਾਹੀਦੀ ਹੈ।

ਉਨ੍ਹਾਂ ਮੰਗ ਕੀਤੀ ਕਿ ਸ਼ਤਾਬਦੀ ਮੌਕੇ ਸਰਕਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਇੱਕ ਮੈਡੀਕਲ ਕਾਲਜ ਖੋਲ੍ਹ ਕੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਐਗਜੈਕਟਿਵ ਮੈਂਬਰ ਦਲਜੀਤ ਸਿੰਘ ਭਿੰਡਰ, ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਪ੍ਰਿੰਸੀਪਲ ਜਸਬੀਰ ਸਿੰਘ ਅਤੇ ਜਥੇਦਾਰ ਸੁਰਿੰਦਰ ਸਿੰਘ ਮਟੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

***

## ਐੱਚ-ਵਨ ਬੀ ਵੀਜ਼ਾ ਬਾਰੇ

ਉਹ ਕਹਿ ਰਹੇ ਹਨ ਕਿ ਇਹ ਘਰੇਲੂ ਨੌਕਰੀਆਂ ਵਧਾਉਣ ਲਈ ਹੈ ਅਤੇ ਲੰਮੇ ਸਮੇਂ ਵਿੱਚ ਅਮਰੀਕਾ ਨੂੰ ਆਤਮ ਨਿਰਭਰ ਬਣਾਏਗੀ।

ਭਾਰਤ ਵਿੱਚ ਇਸ ਨਿਊਜ਼ ਨੇ ਬਹੁਤ ਚਰਚਾ ਛੇੜ ਦਿੱਤੀ ਹੈ। ਬੈਂਗਲੋਰ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿੱਚ ਆਈ.ਟੀ. ਕੰਪਨੀਆਂ ਨੇ ਆਪਣੇ ਕਰਮਚਾਰੀਆਂ ਨਾਲ ਗੱਲ ਕੀਤੀ ਹੈ ਕਿ ਭਵਿੱਖ ਵਿੱਚ ਵੀਜ਼ਾ ਨਿਯਮ ਕਿਵੇਂ ਬਦਲਣਗੇ। ਬਹੁਤ ਸਾਰੇ ਨੌਜਵਾਨ ਚਿੰਤਤ ਹਨ ਕਿ ਉਹ ਅਮਰੀਕਾ ਜਾ ਕੇ ਸਿਰਫ਼ ਥੋੜ੍ਹੇ ਸਮੇਂ ਰਹਿ ਸਕਣਗੇ ਅਤੇ ਫਿਰ ਵਾਪਸ ਆਉਣਾ ਪਵੇਗਾ। ਪਰ ਕੁਝ ਲੋਕ ਇਸ ਨੂੰ ਚੰਗੀ ਗੱਲ ਮੰਨ ਰਹੇ ਹਨ। ਉਹ ਕਹਿ ਰਹੇ ਹਨ ਕਿ ਜੇਕਰ ਵਿਦੇਸ਼ੀ ਲੋਕ ਵਾਪਸ ਆਉਣਗੇ ਤਾਂ ਉਹ ਆਪਣੇ ਅਨੁਭਵ ਨਾਲ ਭਾਰਤ ਵਿੱਚ ਨਵੀਆਂ ਨੌਕਰੀਆਂ ਪੈਦਾ ਕਰਨਗੇ। ਉਦਾਹਰਣ ਵਜੋਂ, ਪਿਛਲੇ ਸਾਲਾਂ ਵਿੱਚ ਵਾਪਸ ਆਏ ਲੋਕਾਂ ਨੇ ਬਹੁਤ ਸਾਰੇ ਸਟਾਰਟਅਪ ਖੋਲ੍ਹੇ ਹਨ ਜੋ ਅੱਜ ਬਹੁਤ ਸਫ਼ਲ ਹਨ। ਇਹ ਨੀਤੀ ਭਾਰਤ ਲਈ ਇੱਕ ਨਵਾਂ ਮੌਕਾ ਪੈਦਾ ਕਰ ਸਕਦੀ ਹੈ, ਜਿੱਥੇ ਹੁਨਰ ਵਾਲੇ ਲੋਕ ਆਪਣੇ ਦੇਸ਼ ਵਿੱਚ ਹੀ ਰਹਿ ਕੇ ਚੰਗੀ ਨੌਕਰੀ ਕਰਨਗੇ। ਪਰ ਇਸ ਲਈ ਸਰਕਾਰ ਨੂੰ ਵੀ ਕਦਮ ਚੁੱਕਣੇ ਪੈਣਗੇ, ਜਿਵੇਂ ਕਿ ਵਧੇਰੇ ਸਿੱਖਿਆ ਅਤੇ ਨੌਕਰੀਆਂ ਵਧਾਉਣ ਵਾਲੇ ਪ੍ਰੋਗਰਾਮ ਚਲਾਉਣੇ। ਅਮਰੀਕਾ ਵਿੱਚ ਵੀ ਇਸ ਨੀਤੀ ਨੂੰ ਲੈ ਕੇ ਵੱਖ-ਵੱਖ ਰਾਏ ਹਨ। ਕੁਝ ਕੰਪਨੀਆਂ ਨੂੰ ਲੱਗ ਰਿਹਾ ਹੈ ਕਿ ਇਹ ਨੀਤੀ ਉਹਨਾਂ ਨੂੰ ਮੁਸ਼ਕਿਲ ਵਿੱਚ ਪਾ ਦੇਵੇਗੀ, ਕਿਉਂਕਿ ਉਹਨਾਂ ਨੂੰ ਲੰਮੇ ਸਮੇਂ ਲਈ ਵਿਦੇਸ਼ੀ ਲੋਕਾਂ ਦੀ ਲੋੜ ਹੈ। ਪਰ ਕੁਝ ਰਾਜਨੇਤਾ ਇਸ ਨੂੰ ਅਮਰੀਕੀ ਨੌਜਵਾਨਾਂ ਲਈ ਚੰਗੀ ਗੱਲ ਮੰਨ ਰਹੇ ਹਨ। ਉਹ ਕਹਿ ਰਹੇ ਹਨ ਕਿ ਇਸ ਨਾਲ ਅਮਰੀਕਾ ਵਿੱਚ ਨਵੀਆਂ ਨੌਕਰੀਆਂ ਬਣਨਗੀਆਂ ਅਤੇ ਲੋਕਾਂ ਨੂੰ ਚੰਗੇ ਹੁਨਰ ਸਿੱਖਣ ਦਾ ਮੌਕਾ ਮਿਲੇਗਾ। ਟਰੰਪ ਨੂੰ ਵੀ ਇਸ ਵਿੱਚ ਰਾਜਨੀਤਕ ਫ਼ਾਇਦਾ ਹੋ ਸਕਦਾ ਹੈ, ਜੇਕਰ ਉਹ ਆਪਣੇ ਸਮਰਥਕਾਂ ਨੂੰ ਸਮਝਾ ਸਕਣ ਕਿ ਇਹ ਅਮਰੀਕਾ ਨੂੰ ਮਜ਼ਬੂਤ ਬਣਾਉਣ ਵਾਲੀ ਹੈ। ਪਰ ਜੇਕਰ ਵਿਵਾਦ ਵਧ ਗਿਆ ਤਾਂ ਉਹਨਾਂ ਦੀ ਸਰਕਾਰ ਲਈ ਮੁਸ਼ਕਿਲ ਹੋ ਜਾਵੇਗੀ।

ਭਵਿੱਖ ਵਿੱਚ ਵੇਖਣਾ ਪੈਣਾ ਹੈ ਕਿ ਇਹ ਕਿੰਨੀ ਕਾਮਯਾਬ ਹੁੰਦੀ ਹੈ। ਫ਼ਿਲਹਾਲ, ਇਹ ਮੁੱਦਾ ਅਮਰੀਕੀ ਅਤੇ ਭਾਰਤੀ ਦੋਵਾਂ ਦੇਸ਼ਾਂ ਵਿੱਚ ਚਰਚਾ ਦਾ ਵਿਸ਼ਾ ਬਣ ਰਿਹਾ ਹੈ।

***

## ਉੱਤਰੀ ਕੈਰੋਲੀਨਾ ਵਿੱਚ ਪ੍ਰਵਾਸੀਆਂ ਨੂੰ ਫੜਨ

ਇਨਫੋਰਸਮੈਂਟ ਦੀ ਨਫ਼ਰੀ ਵਧਾ ਰਹੇ ਹਾਂ ਤਾਂ ਜੋ ਅਮਰੀਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਜਨਤਿਕ ਸੁਰੱਖਿਆ ਨੂੰ ਦਰਪੇਸ਼ ਖ਼ਤਰੇ ਨੂੰ ਖਤਮ ਕੀਤਾ ਜਾ ਸਕੇ। ਮੇਅਰ ਵੀ ਲਾਲਸ ਸਮੇਤ ਸਥਾਨਕ ਅਫਸਰਾਂ ਨੇ ਛਾਪੇਮਾਰੀ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਬਿਨਾਂ ਕਾਰਨ ਡਰ ਤੇ ਬੇਯਕੀਨੀ ਦਾ ਮਹੌਲ ਬਣ ਗਿਆ ਹੈ। ਜਾਰੀ ਬਿਆਨ ਜਿਸ ਉੱਪਰ ਮੇਅਰ ਤੋਂ ਇਲਾਵਾ ਮੈਕਲਨਬਰਗ ਕਾਊਂਟੀ ਕਮਿਸ਼ਨਰ ਮਾਰਕ ਜੇਰੇਲ ਦੇ ਵੀ ਦਸਤਖ਼ਤ ਹਨ, ਵਿੱਚ ਕਿਹਾ ਹੈ ਕਿ ਅਸੀਂ ਚਾਰਲੋਟੇ ਤੇ ਮੈਕਲਨਬਰਗ ਕਾਊਂਟੀ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਉਨ੍ਹਾਂ ਦੇ ਨਾਲ ਹਾਂ ਜੋ ਕੇਵਲ ਰੋਜ਼ੀ ਰੋਟੀ ਕਮਾਉਣ ਲਈ ਕੰਮਾਂ ਕਾਰਾਂ 'ਤੇ ਜਾਂਦੇ ਹਨ।

***

## ਵਿਸ਼ਵ ਦੇ 10 ਨੇਤਾਵਾਂ ਨੂੰ ਦਿੱਤੀ ਜਾ ਚੁੱਕੀ

8. ਨਿਕੋਲਸ ਮੋਰੋਜ਼ੋਵ – ਰੋਮਾਨੀਆ ਦੇ ਪ੍ਰਧਾਨ ਮੰਤਰੀ

ਰੋਮਾਨੀਆ ਦੇ ਪ੍ਰਧਾਨ ਮੰਤਰੀ ਨਿਕੋਲਸ ਮੋਰੋਜ਼ੋਵ ਨੂੰ 1940 ਵਿੱਚ ਫ਼ਾਂਸੀ ਦਿੱਤੀ ਗਈ ਸੀ।

– ਰਾਜਨੀਤਿਕ ਸਾਜ਼ਿਸ਼, ਸ਼ਕਤੀ ਦੀ ਦੁਰਵਰਤੋਂ ਅਤੇ ਬਗਾਵਤ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ।

– ਇੱਕ ਤੇਜ਼ ਫ਼ੌਜੀ ਮੁਕੱਦਮੇ ਤੋਂ ਬਾਅਦ ਸਜ਼ਾ।

– ਉਸ ਸਮੇਂ ਦੌਰਾਨ ਰੋਮਾਨੀਆ ਲਗਾਤਾਰ ਸੱਤਾ ਸੰਘਰਸ਼ ਵਿੱਚ ਉਲਝਿਆ ਹੋਇਆ ਸੀ।

9. ਹੋਸਨੀ ਜੈਮ – ਸੀਰੀਆ ਦਾ ਰਾਸ਼ਟਰਪਤੀ

ਸੀਰੀਆ ਦੇ ਰਾਸ਼ਟਰਪਤੀ ਹੋਸਨੀ ਜੈਮ ਨੂੰ 1949 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ।

– ਉਹ ਇੱਕ ਫ਼ੌਜੀ ਤਖਤਾਪਲਟ ਵਿੱਚ ਸੱਤਾ ਵਿੱਚ ਆਇਆ।

– ਕੁਝ ਮਹੀਨਿਆਂ ਬਾਅਦ, ਇੱਕ ਦੂਜਾ ਤਖਤਾਪਲਟ ਹੋਇਆ।

– ਨਵੇਂ ਸ਼ਾਸਨ ਨੇ ਉਸਨੂੰ ਦੇਸ਼ਧ੍ਰੋਹ ਅਤੇ ਸੱਤਾ ਦੀ ਦੁਰਵਰਤੋਂ ਦਾ ਦੋਸ਼ੀ ਠਹਿਰਾਇਆ।

– ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

– ਉਸਦੀ ਮੌਤ ਨੇ ਸੀਰੀਆ ਦੀ ਰਾਜਨੀਤੀ ਵਿੱਚ ਅਸਥਿਰਤਾ ਨੂੰ ਲੰਮਾ ਕਰ ਦਿੱਤਾ।

ਕੀ ਸ਼ੇਖ ਹਸੀਨਾ ਵੀ ਇਸ ਸੂਚੀ 'ਚ ਜੁੜੇਗੀ? ਹਸੀਨਾ ਚਾਰ ਵਾਰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਰਹਿ ਚੁੱਕੀ ਹੈ। ਉਸਨੇ ਦਹਾਕਿਆਂ ਤੋਂ ਬੰਗਲਾਦੇਸ਼ੀ ਰਾਜਨੀਤੀ ਵਿੱਚ ਪ੍ਰਭਾਵ ਪਾਇਆ ਹੈ। ਉਹ ਵਰਤਮਾਨ ਵਿੱਚ ਭਾਰਤ ਵਿੱਚ ਰਹਿੰਦੀ ਹੈ ਅਤੇ ਭਾਰਤ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਉਸ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾਵੇਗਾ। ਬਹੁਤ ਸਾਰੇ ਮਾਹਰ ਇਸ ਨੂੰ ਰਾਜਨੀਤਿਕ ਬਦਲਾ ਲੈਣ ਦੀ ਕਾਰਵਾਈ ਕਹਿ ਰਹੇ ਹਨ। ਇਸ ਲਈ ਨੇੜਲੇ ਭਵਿੱਖ ਵਿੱਚ ਉਸਦੀ ਅਸਲ ਫ਼ਾਂਸੀ ਦੀ ਸੰਭਾਵਨਾ ਬਹੁਤ ਘੱਟ ਮੰਨੀ ਜਾਂਦੀ ਹੈ, ਪਰ ਕਾਨੂੰਨੀ ਅਤੇ ਰਾਜਨੀਤਿਕ ਲੜਾਈ ਲੰਬੇ ਸਮੇਂ ਤੱਕ ਜਾਰੀ ਰਹੇਗੀ।



RAISING VOICE FOR TRUTH ਹੋਕਾ TV

# HOKA TV

## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**